Space for Advertisement

13ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -14 ISSUE - 7
May 21, 2025

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

Space for Advertisement

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਵਿਵੇਕ ਭਾਟੀਆ



ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹਾਦਤ ਨੂੰ ਅਦਾਰਾ 'ਦੇਸ਼ ਦੁਆਬਾ' ਕੋਟਿ-ਕੋਟਿ ਪ੍ਰਣਾਮ ਕਰਦਾ ਹੈ।





ਲਾਖਾ ਪਰਿਵਾਰ ਵੱਲੋਂ ਆਪਣੇ ਬਜ਼ੁਰਗ ਸਵਰਗੀ ਸ੍ਰੀ ਪਿਆਰਾ ਰਾਮ ਲਾਖਾ ਅਤੇ ਸਵਰਗੀ ਬੀਬੀ ਕਰਤਾਰੀ ਲਾਖਾ ਜੀ ਨੂੰ ਉਹਨਾਂ ਦੀ ਬਰਸੀ ਮੌਕੇ ਯਾਦ ਕਰਦਿਆਂ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ।
(ਸਬੰਧਤ ਰਿਪੋਰਟ ਅਤੇ ਤਸਵੀਰਾਂ ਅੰਦਰ ਦੇਖੋ)

## ਅਮਰੀਕਾ ਵੱਲੋਂ ਕੌਮਾਂਤਰੀ ਪੈਸੇ ਟਰਾਂਸਫ਼ਰ 'ਤੇ 5 ਪ੍ਰਤੀਸ਼ਤ ਟੈਕਸ ਲਗਾਉਣ ਦਾ ਪ੍ਰਸਤਾਵ

**ਵਾਸ਼ਿੰਗਟਨ (ਬਿਊਰੋ)** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਬਿੱਲ ਦਾ ਪ੍ਰਸਤਾਵ ਰੱਖਿਆ ਹੈ ਜਿਸ ਵਿੱਚ ਗੈਰ-ਅਮਰੀਕੀ ਨਾਗਰਿਕਾਂ, ਜਿਨ੍ਹਾਂ ਵਿੱਚ ਗੈਰ-ਪ੍ਰਵਾਸੀ ਵੀਜ਼ਾ ਧਾਰਕ ਅਤੇ ਗ੍ਰੀਨ ਕਾਰਡ ਧਾਰਕ ਸ਼ਾਮਲ ਹਨ, ਦੁਆਰਾ ਕੀਤੇ ਗਏ ਸਾਰੇ ਅੰਤਰਰਾਸ਼ਟਰੀ ਪੈਸੇ ਟ੍ਰਾਂਸਫਰ 'ਤੇ 5 ਪ੍ਰਤੀਸ਼ਤ ਟੈਕਸ ਲਗਾਇਆ ਜਾਵੇਗਾ। ਜੇਕਰ ਇਹ ਪਾਸ ਹੋ ਜਾਂਦਾ ਹੈ, ਤਾਂ ਕਾਨੂੰਨ ਟ੍ਰਾਂਸਫਰ ਦੇ ਸਮੇਂ ਭੇਜੀ ਗਈ ਰਕਮ ਦਾ 5 ਪ੍ਰਤੀਸ਼ਤ ਰੋਕ ਦੇਵੇਗਾ। ਜਿਸ ਵਿੱਚ ਕੋਈ ਛੋਟ ਸੀਮਾ ਨਿਰਧਾਰਤ ਨਹੀਂ ਕੀਤੀ ਗਈ ਹੈ, ਭਾਵ ਇਹ ਛੋਟੇ ਮੁੱਲਾਂ ਦੇ ਟ੍ਰਾਂਸਫਰ 'ਤੇ ਵੀ ਲਾਗੂ ਹੋਵੇਗਾ। ਇਹ ਕਾਨੂੰਨ ਅਮਰੀਕਾ ਵਿੱਚ ਰਹਿ ਰਹੇ ਲਗਪਗ 45 ਲੱਖ ਭਾਰਤੀਆਂ ਲਈ ਇੱਕ ਵੱਡਾ ਵਿੱਤੀ ਝਟਕਾ ਬਣ ਸਕਦਾ ਹੈ, ਜਿਸ ਵਿੱਚ ਭਾਰਤੀ ਮੂਲ ਦੇ ਲਗਪਗ 32 ਲੱਖ ਵਿਅਕਤੀ ਸ਼ਾਮਲ ਹਨ। ਰਿਜ਼ਰਵ ਬੈਂਕ ਆਫ਼ ਇੰਡੀਆ ਦੁਆਰਾ ਮਾਰਚ ਵਿੱਚ ਪ੍ਰਕਾਸ਼ਿਤ ਇੱਕ ਰੈਮਿਟੈਂਸ ਸਰਵੇਖਣ ਦੇ ਅਨੁਸਾਰ, 2023-24 ਵਿੱਚ ਭੇਜੇ ਗਏ ਕੁੱਲ 118.7 ਬਿਲੀਅਨ ਡਾਲਰ ਵਿੱਚੋਂ, ਲਗਭਗ 28 ਪ੍ਰਤੀਸ਼ਤ ਜਾਂ 32 ਬਿਲੀਅਨ ਡਾਲਰ ਅਮਰੀਕਾ ਤੋਂ ਆਏ ਸਨ। ਇਸ ਅੰਕੜੇ ਨੂੰ ਮਾਪਦੰਡ ਵਜੋਂ ਲੈਂਦੇ ਹੋਏ, ਜੇਕਰ ਕਾਨੂੰਨ ਲਾਗੂ ਹੁੰਦਾ ਹੈ ਤਾਂ ਭਾਰਤੀ ਭਾਈਚਾਰੇ ਨੂੰ 1.6 ਬਿਲੀਅਨ ਡਾਲਰ (32 ਬਿਲੀਅਨ ਡਾਲਰ ਦਾ 5 ਪ੍ਰਤੀਸ਼ਤ) ਰੈਮਿਟੈਂਸ ਟੈਕਸ ਵਜੋਂ ਅਦਾ ਕਰਨਾ ਪੈ ਸਕਦਾ ਹੈ।



### ਭਾਰਤੀ ਟਰੈਵਲ ਏਜੰਸੀਆਂ ਵਿਰੁੱਧ ਕਾਰਵਾਈ

ਸੰਯੁਕਤ ਰਾਜ ਅਮਰੀਕਾ ਨੇ ਐਲਾਨ ਕੀਤਾ ਹੈ ਕਿ ਉਹ ਅਮਰੀਕਾ ਵਿੱਚ ਗੈਰਕਾਨੂੰਨੀ ਇਮੀਗ੍ਰੇਸ਼ਨ ਦੀ ਸਹੂਲਤ ਦੇਣ ਵਾਲੀਆਂ ਭਾਰਤੀ ਟਰੈਵਲ ਏਜੰਸੀਆਂ ਵਿਰੁੱਧ ਕਾਰਵਾਈ ਕਰ ਰਿਹਾ ਹੈ। ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਟੈਮੀ ਬਰੂਸ ਨੇ ਕਿਹਾ ਕਿ ਉਨ੍ਹਾਂ ਦਾ ਵਿਭਾਗ ਭਾਰਤ ਸਥਿਤ ਟਰੈਵਲ ਏਜੰਸੀਆਂ ਦੇ ਮਾਲਕਾਂ, ਅਧਿਕਾਰੀਆਂ ਅਤੇ ਸੀਨੀਅਰ ਅਧਿਕਾਰੀਆਂ 'ਤੇ ਵੀਜ਼ਾ ਪਾਬੰਦੀਆਂ ਲਗਾਉਣ ਲਈ ਕਦਮ ਚੁੱਕ ਰਿਹਾ ਹੈ ਜੋ ਜਾਣਬੁੱਝ ਕੇ ਅਮਰੀਕਾ ਵਿਚ ਗੈਰ-ਕਾਨੂੰਨੀ ਪਰਵਾਸ ਦੀ ਸਹੂਲਤ ਦਿੰਦੇ ਹਨ।

ਅਮਰੀਕਾ ਨੇ ਕਿਹਾ ਹੈ ਕਿ ਇਹ ਏਜੰਸੀਆਂ ਗੈਰਕਾਨੂੰਨੀ ਢੰਗ ਨਾਲ ਭਾਰਤ ਤੋਂ ਕਈ ਨੌਜਵਾਨਾਂ ਨੂੰ ਅਮਰੀਕਾ ਭੇਜਦੀਆਂ ਸਨ ਤੇ ਉਨ੍ਹਾਂ ਤੋਂ ਮੋਟੀਆਂ ਰਕਮਾਂ ਵਸੂਲਦੀਆਂ ਸਨ ਤੇ ਇਸ ਦੇ ਇਵਜ਼ ਵਿਚ ਨੌਜਵਾਨਾਂ ਦੀ ਜ਼ਿੰਦਗੀ ਨੂੰ ਖਤਰੇ ਵਿਚ ਪਾ ਕੇ ਅਮਰੀਕਾ ਭੇਜਿਆ ਜਾਂਦਾ ਸੀ। ਵਿਦੇਸ਼ ਵਿਭਾਗ ਨੇ ਕਿਹਾ ਕਿ ਉਨ੍ਹਾਂ ਦੀ ਇਮੀਗ੍ਰੇਸ਼ਨ ਨੀਤੀ ਦਾ ਉਦੇਸ਼ ਨਾ ਸਿਰਫ਼ ਵਿਦੇਸ਼ੀ ਨਾਗਰਿਕਾਂ ਨੂੰ ਸੰਯੁਕਤ ਰਾਜ ਵਿੱਚ ਗੈਰਕਾਨੂੰਨੀ ਪਰਵਾਸ ਦੇ ਖ਼ਤਰਿਆਂ ਬਾਰੇ ਸੂਚਿਤ ਕਰਨਾ ਹੈ, ਸਗੋਂ ਗੈਰਕਾਨੂੰਨੀ ਇਮੀਗ੍ਰੇਸ਼ਨ ਦੇ ਸਾਧਨਾਂ ਸਮੇਤ ਸਾਡੇ ਕਾਨੂੰਨਾਂ ਦੀ ਉਲੰਘਣਾ ਕਰਨ ਵਾਲੇ ਵਿਅਕਤੀਆਂ ਨੂੰ ਜਵਾਬਦੇਹ ਬਣਾਉਣਾ ਹੈ।

## 'ਅਪਰੇਸ਼ਨ ਸਿੰਧੂਰ' ਖ਼ਤਮ ਨਹੀਂ, ਸਿਰਫ਼ ਮੁਅੱਤਲ ਹੋਇਆ- ਭਾਰਤੀ ਫ਼ੌਜ

**ਪੁਣਛ-** ਇੱਥੇ ਸੀਨੀਅਰ ਫ਼ੌਜੀ ਅਧਿਕਾਰੀ ਨੇ ਕਿਹਾ ਹੈ ਕਿ 'ਅਪਰੇਸ਼ਨ ਸਿੰਧੂਰ' ਖ਼ਤਮ ਨਹੀਂ ਹੋਇਆ ਤੇ ਹਾਲ ਦੀ ਘੜੀ ਲਈ ਮੁਅੱਤਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਭਾਰਤੀ ਥਲ ਸੈਨਾ ਸੁਚੇਤ ਅਤੇ ਤਿਆਰ ਹੈ ਤੇ ਜੇ ਇੱਕ ਵਾਰ ਮੁੜ ਚੁਣੌਤੀ ਦਿੱਤੀ ਗਈ ਤਾਂ ਫੇਰ ਜੁਆਬ ਦੇਵੇਗੀ। ਪਹਿਲਗਾਮ ਹਮਲੇ ਮਗਰੋਂ ਭਾਰਤ ਵੱਲੋਂ ਪਾਕਿਸਤਾਨ ਅਤੇ ਪੀ ਕੇ 'ਚ ਦਹਿਸ਼ਤੀ ਟਿਕਾਣਿਆਂ 'ਤੇ ਕੀਤੇ ਗਏ ਹਮਲੇ ਦਰਮਿਆਨ ਪੁਣਛ ਸੈਕਟਰ 'ਚ ਪਿਛਲੇ ਦੋ ਹਫ਼ਤਿਆਂ ਦੌਰਾਨ ਭਾਰੀ ਗੋਲੀਬਾਰੀ ਹੋਈ ਹੈ। ਜੰਮੂ ਅਤੇ ਖਾਸ ਤੌਰ 'ਤੇ ਪੁਣਛ ਇਲਾਕੇ 'ਚ ਬੰਬਾਰੀ, ਮਿਜ਼ਾਈਲ ਤੇ ਡਰੋਨ ਹਮਲਿਆਂ ਕਾਰਨ 27 ਜਣੇ ਮਾਰੇ ਗਏ ਜਦਕਿ 70 ਤੋਂ ਵੱਧ ਜ਼ਖਮੀ ਹੋਏ ਹਨ। ਇੱਥੇ ਪੁਣਛ ਦੇ ਬ੍ਰਿਗੇਡ ਕਮਾਂਡਰ ਬ੍ਰਿਗੇਡੀਅਰ ਮੁਦਿਤ ਮਹਾਜਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, 'ਭਾਰਤੀ ਫ਼ੌਜ ਸੁਚੇਤ ਤੇ ਤਿਆਰ ਹੈ ਤੇ ਜੇਕਰ ਮੁੜ ਚੁਣੌਤੀ ਦਿੱਤੀ ਗਈ ਤਾਂ ਮੁੜ ਜੁਆਬੀ ਕਾਰਵਾਈ ਕਰਾਂਗੇ।' ਉਨ੍ਹਾਂ ਕਿਹਾ ਕਿ ਅਪਰੇਸ਼ਨ ਸਿੰਧੂਰ' ਦੌਰਾਨ ਪੁਣਛ ਬ੍ਰਿਗੇਡ ਨੇ ਭਾਰਤੀ ਫ਼ੌਜ ਦੀ ਜੁਆਬੀ ਕਾਰਵਾਈ 'ਚ ਨਾ ਸਿਰਫ਼ ਹਿੱਸਾ ਲਿਆ ਬਲਕਿ ਅਹਿਮ ਰੋਲ ਵੀ ਨਿਭਾਇਆ ਸੀ।



ਭਾਰਤੀ ਫ਼ੌਜ ਦੀ ਚਿਨਾਰ ਕੋਰ ਨੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀਓਕੇ) ਵਿੱਚ ਫ਼ੌਜੀ ਟਿਕਾਣੇ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਪਾਕਿਸਤਾਨੀ ਫ਼ੌਜ ਨੂੰ ਸਾਰਾ ਢਾਂਚਾ ਮੁੜ ਤਿਆਰ ਕਰਨ ਵਿੱਚ 8 ਤੋਂ 12 ਮਹੀਨੇ ਲੱਗ ਜਾਣਗੇ। ਇੱਕ ਸੀਨੀਅਰ ਫ਼ੌਜੀ ਅਧਿਕਾਰੀ ਨੇ ਦੱਸਿਆ,'ਅਸੀਂ ਹੋਰ ਟਿਕਾਣਿਆਂ ਤੋਂ ਇਲਾਵਾ ਘੱਟੋ-ਘੱਟ ਤਿੰਨ ਪੋਸਟਾਂ, ਅਸਲਾ ਡਿੱਪੂ, ਈਂਧਣ ਸਟੋਰੇਜ ਵਾਲੀ ਥਾਂ ਤੇ ਤੋਪਖਾਨੇ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਹੈ। ਜੰਮੂ ਕਸ਼ਮੀਰ 'ਚ ਪਾਕਿਸਤਾਨ ਅਧਾਰਤ ਚਾਰ ਦਹਿਸ਼ਤਗਰਦਾਂ ਦੇ ਸਰਪ੍ਰਸਤਾਂ ਦੀ ਜਾਇਦਾਦ ਜ਼ਬਤ ਕਰ ਲਈ ਗਈ ਹੈ। ਪੁਲਿਸ ਬੁਲਾਰੇ ਨੇ ਦੱਸਿਆ ਕਿ ਸੋਪੋਰ ਇਲਾਕੇ 'ਚ ਤਿੰਨ ਜਾਇਦਾਦਾਂ ਜ਼ਬਤ ਕੀਤੀਆਂ ਗਈਆਂ ਜਦਕਿ ਅਵਾਂਤੀਪੋਰਾ ਇਲਾਕੇ 'ਚ ਚੌਥੀ ਜਾਇਦਾਦ ਜ਼ਬਤ ਕੀਤੀ ਗਈ।

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SAROAY INVESTMENT REALTY
Ram Saroay
Broker/Realtor
Commercial Properties
Business License 031035
ramsaroay@hotmail.com
Cell (510) 368-3983

MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
RAMESH SUMAN
Broker Realtor
RCS-D ™
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## Sri Guru Ravidass Temple Pittsburg - Upcoming Programs




**Guru Piyari Saadh Sangat Ji:**

**Waheguru Ji Ka Khalsa Waheguru Ji KI Fateh!**

**The following programs will be celebrated at the Gurdwara Sahib:**

**June 27-28-29, 2025**
**Pittsburg Gurughar's 40th Anniversary**

Sri Guru Ravidass Temple Pittsburg's 40th anniversary will be celebrated on June 29, 2025. Akhand Path will start on Friday 6/27/2025 at 10:00 AM and will be concluded with Bhog ceremony on Sunday 6/29/2025. We are extremely thankful to our founding members for creating this place of worship for the community. Path and Langar Sewa will be hosted by Guru Ki Sangat. More details to follow.

***Gurughar is open every day. Sukhmani Sahib path/ Akhand Path, Kirtan and Langar Sewa is hosted by Sangat or some devotee every Sunday.***

**"NANAK NAM CHARDI KALA
TERE BHANE SARBAT DA BHALA"**

**"NANAK NAM CHARDI KALA TERE BHANE SARBAT DA BHALA"**

## Sangat Sewadars

www.sriguru已ravidasstemple.com



Chairman
Vinod Kumar



President
Sunita Singh Bangar



Gen. Secretary
Upinder Pal (Ricky)



Treasurer
Shinder Pal Narabut

# ਪ੍ਰਵਾਸੀ ਨੂੰ ਗ੍ਰਿਫਤਾਰੀ ਤੋਂ ਬਚਾਉਣ ਦੇ ਮਾਮਲੇ ਵਿਚ ਜੱਜ ਨੇ ਆਪਣੇ ਆਪ ਨੂੰ ਨਿਰਦੋਸ਼ ਦੱਸਿਆ, ਦਰਖਾਸਤ ਦਾਇਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**–ਮਿਲਵੌਕੀ ਕਾਊਂਟੀ ਸਰਕਟ ਜੱਜ ਹਨਾਹ ਡੂਗਨ ਨੇ ਦਾਇਰ ਦਰਖਾਸਤ ਵਿਚ ਕਿਹਾ ਹੈ ਕਿ ਉਹ ਦੋਸ਼ੀ ਨਹੀਂ ਹੈ। ਸੰਘੀ ਦੋਸ਼ਾਂ ਅਨੁਸਾਰ ਜੱਜ ਨੇ ਇਕ ਗੈਰ ਕਾਨੂੰਨੀ ਪ੍ਰਵਾਸੀ ਦੀ ਇਮੀਗ੍ਰੇਸ਼ਨ ਏਜੰਟਾਂ ਦੀ ਗਿਫਤਾਰੀ ਤੋਂ ਬਚਣ ਵਿਚ ਮੱਦਦ ਕੀਤੀ। ਡਾਊਨ ਟਾਊਨ ਮਿਲਵੌਕੀ ਵਿਚ ਸੁਣਵਾਈ ਮੌਕੇ ਅਦਾਲਤ ਦੇ ਬਾਹਰ ਲੋਕਾਂ ਨੇ ਜੱਜ ਦੇ ਹੱਕ ਵਿਚ ਪ੍ਰਦਰਸ਼ਨ ਕੀਤਾ। ਸੁਣਵਾਈ ਕੇਵਲ 5 ਮਿੰਟ ਤੋਂ ਵੀ ਘਟ ਸਮੇ ਵਿਚ ਮੁਕੰਮਲ ਹੋ ਗਈ। ਡੂਗਨ ਦੇ ਪ੍ਰਮੁੱਖ ਵਕੀਲ ਸਾਬਕਾ ਯੂ ਐਸ ਅਟਾਰਨੀ ਸਟੀਵ ਬਿਸਕੂਪਿਕ ਨੇ ਉਸ ਦੀ ਤਰਫੋਂ ਦਰਖਾਸਤ ਦਾਇਰ ਕੀਤੀ ਜਿਸ ਵਿਚ ਕਿਹਾ ਗਿਆ ਹੈ ਕਿ ਉਹ ਨਿਰਦੋਸ਼ ਹੈ।



ਬਕਾਇਦਾ ਮੁਕੱਦਮੇ ਦੀ ਸ਼ੁਰੂਆਤ 21 ਜੁਲਾਈ ਤੋਂ ਹੋਵੇਗੀ। ਯੂ ਐਸ ਡਿਸਟ੍ਰਿਕਟ ਜੱਜ ਲਿਨ ਐਡਲਮੈਨ ਮਾਮਲੇ ਦੀ ਸੁਣਵਾਈ ਕਰਨਗੇ ਹਾਲਾਂ ਕਿ ਹੋਰ ਜੱਜ ਵੀ ਉਨਾਂ ਦੀ ਮੱਦਦ ਕਰਨਗੇ।

# ਅਮਰੀਕਾ ਦੀ ਜੇਲ ਵਿਚੋਂ ਕੰਧ ਤੋੜ ਕੇ 10 ਕੈਦੀ ਹੋਏ ਫਰਾਰ

## ਜੇਲ ਵਿਚ ਤਾਇਨਾਤ ਸਟਾਫ ਵਿਚੋਂ ਕਿਸੇ ਨੇ ਦੌੜ ਜਾਣ ਵਿਚ ਕੀਤੀ ਮੱਦਦ-ਸ਼ੈਰਿਫ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਅਮਰੀਕਾ ਦੇ ਲੋਇਸਿਆਨਾ ਰਾਜ ਦੀ ਨਿਊ ਰਲੀਨਜ ਜੇਲ ਵਿਚੋਂ ਟਾਇਲਟ ਪਿੱਛਲੀ ਕੰਧ ਤੋੜ ਕੇ 10 ਕੈਦੀਆਂ ਦੇ ਫਰਾਰ ਹੋ ਜਾਣ ਦੀ ਖਬਰ ਹੈ। ਸਥਾਨਕ ਸ਼ੈਰਿਫ ਨੇ ਜਾਰੀ ਇਕ ਬਿਆਨ ਵਿਚ ਇਹ ਜਾਣਕਾਰੀ ਦਿੱਤੀ ਹੈ। ਫਰਾਰ ਹੋਏ ਕੈਦੀਆਂ ਵਿਚ ਹੱਤਿਆ ਦੇ ਮਾਮਲਿਆਂ ਵਿਚ ਗ੍ਰਿਫਤਾਰ ਸ਼ੱਕੀ ਦੋਸ਼ੀ ਵੀ ਸ਼ਾਮਿਲ ਹਨ। ਰਲੀਨਜ ਪੈਰਿਸ਼ ਸ਼ੈਰਿਫ ਸੁਸਾਨ ਹਟਸਨ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਉਨਾਂ ਨੂੰ ਅਜਿਹੇ ਸੰਕੇਤ ਮਿਲੇ ਹਨ ਜਿਨਾਂ ਤੋਂ ਪਤਾ ਲੱਗਦਾ ਹੈ ਕਿ ਜੇਲ ਵਿਚ ਉਨਾਂ ਦੇ ਵਿਭਾਗ ਦੇ ਹੀ ਕੁਝ ਲੋਕਾਂ ਨੇ ਕੈਦੀਆਂ ਦੇ ਬਚ ਕੇ ਨਿਕਲ ਜਾਣ ਵਿਚ ਮੱਦਦ ਕੀਤੀ ਹੈ ਕਿਉਂਕਿ ਬਿਨਾਂ ਮੱਦਦ ਤੋਂ ਇਸ ਜੇਲ ਵਿਚੋਂ ਫਰਾਰ ਹੋਣਾ ਅਸੰਭਵ ਹੈ। ਉਨਾਂ ਕਿਹਾ ਕਿ ਇਕ ਕੈਦੀ ਨੂੰ ਕਾਬੂ ਕਰ ਲਿਆ ਗਿਆ ਹੈ ਜਦ ਕਿ ਬਾਕੀ ਕੈਦੀਆਂ ਦਾ ਕੋਈ ਥਹੁ ਪਤਾ ਨਹੀਂ ਹੈ। ਹਟਸਨ ਅਨੁਸਾਰ ਅੱਧੀ ਰਾਤ ਬਾਅਦ ਇਕ ਵਜੇ ਰਲੀਨਜ ਜਸਟਿਸ ਸੈਂਟਰ ਦੀ ਕੰਧ ਤੋੜਨ ਉਪਰੰਤ ਕੈਦੀ ਉਸ ਦਰਵਾਜੇ ਵਿਚਦੀ ਫਰਾਰ ਹੋਏ ਜੋ ਦਰਵਾਜਾ ਆਮ ਤੌਰ 'ਤੇ ਸਮਾਨ ਅੰਦਰ ਲਿਆਉਣ ਲਈ ਵਰਤਿਆ ਜਾਂਦਾ ਹੈ। ਸ਼ੈਰਿਫ ਅਨੁਸਾਰ ਕੈਦੀਆਂ ਦੇ ਦੌੜ ਜਾਣ ਦਾ ਪਤਾ ਸਵੇਰੇ 8।30 ਵਜੇ ਉਸ ਸਮੇ ਪਤਾ ਲੱਗਾ ਜਦੋਂ ਆਮ ਵਾਂਗ ਕੈਦੀਆਂ ਦੀ ਗਿਣਤੀ ਕੀਤੀ ਗਈ। ਹਟਸਨ ਨੇ ਕਿਹਾ ਕਿ ਕੈਦੀਆਂ ਦੇ ਸੈੱਲ ਦੇ ਜਿੰਦਰੇ ਖਰਾਬ ਹੋਣ ਕਾਰਨ ਵੀ ਕੈਦੀ ਅਸਾਨੀ ਨਾਲ ਬਚ ਨਿਕਲੇ। ਫਰਾਰ ਹੋਏ ਕੈਦੀਆਂ ਵਿਚ ਕੋਰੀ ਬਾਇਡ, ਡਕੇਨਨ ਡੈਨਿਸ, ਜਰਮਾਈਨ ਡੋਨਾਲਡ, ਡੈਰਿਕ ਗਰੋਵਸ, ਐਨਟੋਨੀ ਮੈਸੀ, ਰਾਬਰਟ ਮੂਡੀ, ਕੈਨਡੈਲ ਮਾਇਰਸ, ਗੈਰੀ ਪ੍ਰਾਈਸ, ਲੀਓ ਟੇਟ ਤੇ ਲੈਨਟਨ ਵੈਨਬੁਰੇਨ ਸ਼ਾਮਿਲ ਹਨ। ਉਨਾਂ ਕਿਹਾ ਕਿ ਕੈਨਡੈਲ ਮਾਇਰਸ ਨਾਮੀ ਕੈਦੀ ਨੂੰ ਇਕ ਹੋਟਲ ਪਾਰਕਿੰਗ ਵਿਚੋਂ ਕਾਬੂ ਕਰ ਲਿਆ ਗਿਆ ਹੈ ਜਿਥੇ ਉਹ ਇਕ ਕਾਰ ਹੇਠਾਂ ਲੁੱਕਿਆ ਹੋਇਆ ਸੀ। ਉਨਾਂ ਦੱਸਿਆ ਕਿ ਮਾਇਰਸ ਨੇ ਦੌੜਨ ਦੀ ਕੋਸ਼ਿਸ਼ ਕੀਤੀ ਪਰੰਤੂ ਬਾਅਦ ਵਿਚ ਛੇਤੀ ਹੀ ਉਸ ਨੇ ਆਤਮ ਸਮਰਪਣ ਕਰ ਦਿੱਤਾ। ਹਟਸਨ ਅਨੁਸਾਰ ਪੁਲਿਸ ਬਾਕੀ ਕੈਦੀਆਂ ਨੂੰ ਕਾਬੂ ਕਰਨ ਲਈ ਯਤਨਸ਼ੀਲ ਹੈ ਤੇ ਕੈਦੀਆਂ ਦੇ ਬਚ ਕੇ ਨਿਕਲ ਜਾਣ ਦੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।



# ਨਿਊ ਜਰਸੀ ਵਿਚ ਇਕ ਜੋੜਾ ਨਬਾਲਗ ਲੜਕੀ ਨੂੰ ਕਈ ਸਾਲ ਕੈਦ ਵਿਚ ਰੱਖ ਕੇ ਤਸ਼ੱਦਦ ਕਰਨ ਦੇ ਦੋਸ਼ਾਂ ਤਹਿਤ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**–ਨਿਊ ਜਰਸੀ ਦੇ ਇਕ ਘਰ ਵਿਚ ਇਕ ਜੋੜੇ ਵੱਲੋਂ ਇਕ ਨਬਾਲਗ ਲੜਕੀ ਨੂੰ ਉਸ ਦੀ ਛੋਟੀ ਭੈਣ ਸਮੇਤ ਕਈ ਸਾਲ ਕੁੱਤੇ ਵਾਲੇ ਖੁੱਡੇ ਵਿਚ ਕੈਦ ਕਰਕੇ ਰੱਖਣ ਦੀ ਖਬਰ ਹੈ ਜਿਸ ਦੌਰਾਨ ਉਸ ਉਪਰ ਤਸ਼ੱਦਦ ਵੀ ਕੀਤਾ ਗਿਆ। ਇਹ ਪ੍ਰਗਟਾਵਾ ਵਕੀਲਾਂ ਨੇ ਜਾਰੀ ਇਕ ਬਿਆਨ ਵਿਚ ਕੀਤਾ ਹੈ। ਪੁਲਿਸ ਨੇ ਜੋੜੇ ਨੂੰ ਗ੍ਰਿਫਤਾਰ ਕਰ ਲਿਆ ਹੈ। ਬਿਆਨ ਅਨੁਸਾਰ ਇਹ ਮਾਮਲਾ ਉਸ ਸਮੇ ਸਾਹਮਣੇ ਆਇਆ ਜਦੋਂ ਲੜਕੀ ਜੋ ਹੁਣ 18 ਸਾਲਾਂ ਦੀ ਹੋ ਚੁੱਕੀ ਹੈ, ਇਕ ਗਵਾਂਢੀ ਦੀ ਮੱਦਦ ਨਾਲ ਕੈਦ ਵਿਚੋਂ ਫਰਾਰ ਹੋਣ ਵਿੱਚ ਸਫਲ ਹੋ ਗਈ। ਗਲੂਸੈਸਟਰ ਟਾਊਨਸ਼ਿੱਪ ਪੁਲਿਸ ਮੁਖੀ ਡੇਵਿਡ ਹਾਰਕਿਨਸ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਬਹੁਤ ਹੀ ਘਿਣਾਉਣਾ ਮਾਮਲਾ ਹੈ ਜਿਸ ਦੀ ਕਲਪਨਾ ਕਰਨੀ ਵੀ ਮੁਸ਼ਕਿਲ ਹੈ। ਹਾਰਕਿਨਸ ਨੇ ਕਿਹਾ ਕਿ ਸੂਚਨਾ ਮਿਲਣ 'ਤੇ ਪੁਲਿਸ ਨੇ ਲੜਕੀ ਨੂੰ ਇਕ ਗਰੋਸਰੀ ਸਟੋਰ ਵਿਚੋਂ ਬਰਾਮਦ ਕਰ ਲਿਆ ਜਿਥੇ ਗਵਾਂਢੀ ਵੀ ਉਸ ਦੇ ਨਾਲ ਸੀ। ਪੁਲਿਸ ਨੇ ਕਿਹਾ ਹੈ ਕਿ ਬਰੈਂਡਾ ਸਪੈਨਸਰ (38) ਤੇ ਉਸ ਦੇ ਪਤੀ ਬਰੈਂਡਾ ਮੋਸਲੀ (41) ਨੂੰ ਗਲੂਸੈਸਟਰ ਟਾਊਨਸ਼ਿੱਪ ਵਿਚ ਉਨਾਂ ਦੇ ਘਰ ਵਿਚੋਂ ਗ੍ਰਿਫਤਾਰ ਕਰ ਲਿਆ ਗਿਆ ਹੈ। ਉਨਾਂ ਵਿਰੁੱਧ ਅਗਵਾ ਕਰਨ ਸਮੇਤ ਅਣਮਨੁੱਖੀ ਤਸ਼ੱਦਦ ਦੇ ਦੋਸ਼ ਲਾਏ ਗਏ ਹਨ। ਲੜਕੀ ਨੇ ਪੁਲਿਸ ਨੂੰ ਦੱਸਿਆ ਕਿ 2018 ਵਿਚ ਸਕੂਲ ਵਿਚੋਂ ਹਟਾਉਣ ਉਪਰੰਤ ਉਸ ਉਪਰ ਤਸ਼ੱਦਦ ਸ਼ੁਰੂ ਹੋ ਗਿਆ ਸੀ। ਉਸ ਨੂੰ ਅੰਦਾਜਨ ਇਕ ਸਾਲ ਕੁੱਤੇ ਵਾਲੇ ਖੁੱਡੇ ਵਿਚ ਰਖਿਆ ਗਿਆ ਤੇ ਉਪਰੰਤ ਤਾਲਾਬੰਦ ਬਾਥਰੂਮ ਵਿਚ ਰਹਿਣ ਲਈ ਮਜ਼ਬੂਰ ਕੀਤਾ ਗਿਆ।

# ਯੁਗਾਂਡਾ ਤੋਂ ਅਮਰੀਕਾ ਆ ਰਹੇ ਜਹਾਜ਼ ਵਿੱਚ ਇਕ ਵਿਅਕਤੀ ਨੂੰ ਹੋਇਆ ਹਾਰਟ ਅਟੈਕ, ਜਹਾਜ਼ ਵਿਚ ਮੌਜੂਦ ਡਾਕਟਰ ਨੇ ਬਚਾਈ ਜਾਨ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਯੁਗਾਂਡਾ ਤੋਂ ਅਮਰੀਕਾ ਆ ਰਹੇ ਜਹਾਜ਼ ਵਿਚ ਇਕ ਵਿਅਕਤੀ ਨੂੰ ਹਾਰਟ ਅਟੈਕ ਹੋ ਜਾਣ ਉਪਰੰਤ ਜਹਾਜ਼ ਵਿਚ ਹੀ ਮੌਜੂਦਾ ਦਿੱਲ ਦੇ ਰੋਗਾਂ ਦੇ ਮਾਹਿਰ ਡਾਕਟਰ ਵੱਲੋਂ ਉਸ ਦੀ ਜਾਨ ਬਚਾ ਲੈਣ ਦੀ ਖਬਰ ਹੈ।



ਕਲਾਹੋਮਾ ਦੇ ਕਾਰਡੀਆਲੋਜਿਸਟ ਡਾ ਟੀ ਜੇ ਟਰੈਡ ਯੁਗਾਂਡਾ ਵਿਚ ਇਕ ਮੈਡੀਕਲ ਮਿਸ਼ਨ 'ਤੇ ਗਏ ਸਨ। ਉਨਾਂ ਕੋਲ ਦਵਾਈ ਤੇ ਬਹੁਤ ਛੋਟੇ ਆਕਾਰ ਦੀ ਇਲੈਕਟਰੋਕਾਰਡੀ ਗਰਾਮ ਜਾਂ ਈ ਸੀ ਜੀ ਮੌਜੂਦ ਸੀ। ਇਹ ਮਸ਼ੀਨ ਕਰੈਡਿਟ ਕਾਰਡ ਜਿੱਡੀ ਹੈ ਤੇ ਦਿੱਲ ਦੀ ਬਿਮਾਰੀ ਦਾ ਪਤਾ ਲਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਉਨਾਂ ਨੂੰ ਖੁਦ ਹਾਰਟ ਅਟੈਕ ਹੋ ਜਾਣ ਕਾਰਨ ਉਹ ਹਮੇਸ਼ਾਂ ਇਹ ਮਸ਼ੀਨ ਆਪਣੇ ਕੋਲ ਰੱਖੇਦੇ ਹਨ। ਵਿਅਕਤੀ ਨੇ ਛਾਤੀ ਵਿਚ ਦਰਦ ਹੋਣ ਦੀ ਸ਼ਿਕਾਇਤ ਕੀਤੀ ਤੇ ਡਾਕਟਰ ਸਮਝ ਗਿਆ ਕਿ ਇਸ ਨੂੰ ਦਿੱਲ ਦੀ ਸਮੱਸਿਆ ਪੈਦਾ ਹੋ ਗਈ ਹੈ। ਪੀੜਤ ਵਿਅਕਤੀ ਨੇ ਡਾਕਟਰ ਨੂੰ ਕਿਹਾ ਕਿ ਕੀ ਉਹ ਮਰ ਰਿਹਾ ਹੈ ਤਾਂ ਟਰੈਡ ਨੇ ਜਵਾਬ ਦਿੱਤਾ ਕਿ ਅੱਜ ਤੂੰ ਨਹੀਂ ਮਰੇਂਗਾ। ਇਸ ਉਪਰੰਤ ਜਹਾਜ਼ ਵਿਚ ਹੀ ਇਲਾਜ਼ ਲਈ ਜਗਾ ਬਣਾਈ ਗਈ ਤੇ ਦਵਾਈ ਦੇਣ ਦੇ ਨਾਲ ਨਾਲ ਉਸ ਦੇ ਦਿੱਲ ਵੱਲ ਨੂੰ ਖੂਨ ਦਾ ਵਹਾਅ ਤੇਜ ਕਰਨ ਲਈ ਲੱਤਾਂ ਉਪਰ ਕਰ ਦਿੱਤੀਆਂ ਗਈਆਂ। ਡਾਕਟਰ ਟਰੈਡ ਅਨੁਸਾਰ ਦਵਾਈ ਤੇ ਹੋਰ ਲੋੜੀਂਦੀ ਡਾਕਟਰੀ ਸਹਾਇਤਾ ਦੇਣ ਉਪਰੰਤ ਤਕਰੀਬਨ 45 ਮਿੰਟ ਬਾਅਦ ਪੀੜਤ ਵਿਅਕਤੀ ਦੀ ਛਾਤੀ ਦਾ ਦਰਦ ਰੁਕ ਗਿਆ ਤੇ ਦਿੱਲ ਦੀ ਧੜਕਣ ਚੰਗੀ ਹਾਲਤ ਵਿਚ ਆ ਗਈ। ਇਸ ਨੂੰ ਕਹਿੰਦੇ ਹਨ ਜਾ ਕੋ ਰਾਖੇ ਸਾਈਆ ਮਾਰ ਸਕੈ ਨਾ ਕੋਇ।


SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION


PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਸਾਬਕਾ ਰਾਸ਼ਟਰਪਤੀ ਜੋ ਬਾਇਡਨ ਨੂੰ ਹੋਇਆ ਪ੍ਰੋਸਟੇਟ ਕੈਂਸਰ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜੋ ਬਾਈਡਨ ਨੂੰ ਪ੍ਰੋਸਟੇਟ ਕੈਂਸਰ ਹੋ ਜਾਣ ਦੀ ਖਬਰ ਹੈ। ਉਨਾਂ ਦੇ ਇਕ ਬੁਲਾਰੇ ਨੇ ਇਹ ਜਾਣਕਾਰੀ ਦਿੱਤੀ ਹੈ। ਬੁਲਾਰੇ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਬਾਇਡਨ ਦੀ ਡਾਕਟਰੀ ਜਾਂਚ ਤੋਂ ਪਤਾ ਲੱਗਾ ਹੈ ਕਿ ਉਨਾਂ ਨੂੰ ਇਕ ਬਹੁਤ ਹੀ ਭਿਆਨਕ ਕਿਸਮ ਦਾ ਪ੍ਰੋਸਟੇਟ ਕੈਂਸਰ ਹੈ ਜੋ ਹੱਡੀਆਂ ਤੱਕ ਫੈਲ ਚੁੱਕਾ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬਾਈਡਨ ਦੇ ਛੇਤੀ ਸਿਹਤਯਾਬ ਹੋਣ ਦੀ ਕਾਮਨਾ ਕੀਤੀ ਹੈ। ਉਨਾਂ ਨੇ ਕਿਹਾ ਹੈ ਕਿ ਬਾਈਡਨ ਨੂੰ ਪ੍ਰੋਸਟੇਟ ਕੈਂਸਰ ਹੋਣ ਬਾਰੇ ਪਤਾ ਲੱਗਣ 'ਤੇ ਉਨਾਂ ਨੂੰ ਬਹੁਤ ਦੁੱਖ ਹੋਇਆ ਹੈ। ਮੈ ਬਾਈਡਨ ਦੇ ਛੇਤੀ ਸਫਲ ਇਲਾਜ਼ ਦੀ ਆਸ ਕਰਦਾ ਹਾਂ। ਬਾਈਡਨ ਜਨਵਰੀ 2021 ਤੋਂ ਜਨਵਰੀ 2025 ਤੱਕ ਅਮਰੀਕਾ ਦੇ ਰਾਸ਼ਟਰਪਤੀ ਰਹੇ ਹਨ। ਨਵੰਬਰ 2024 ਦੀਆਂ ਆਮ ਚੋਣ ਮੁਹਿੰਮ ਦੌਰਾਨ ਭੁੱਲ ਜਾਣ ਦੀ ਸਮੱਸਿਆ ਕਾਰਨ ਉਨਾਂ ਨੂੰ ਮੁਕਾਬਲੇ ਵਿਚੋਂ ਹਟਣਾ ਪਿਆ ਸੀ ਤੇ ਉਨਾਂ ਦੀ ਜਗਾ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਚੋਣ ਲੜੀ ਸੀ।

# ਜੇਲ ਤੋੜ ਕੇ ਫਰਾਰ ਹੋਏ 10 ਕੈਦੀਆਂ ਵਿਚੋਂ 7 ਅਜੇ ਵੀ ਫਰਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਅਮਰੀਕਾ ਦੀ ਨਿਊ ਰਲੀਨਜ ਜੇਲ ਵਿਚੋਂ ਬੀਤੇ ਸ਼ੁੱਕਰਵਾਰ ਟਾਇਲਟ ਪਿਛਲੀ ਕੰਧ ਤੋੜ ਕੇ ਫਰਾਰ ਹੋਏ 10 ਕੈਦੀਆਂ ਵਿਚੋਂ 3 ਨੂੰ ਪੁਲਿਸ ਕਾਬੂ ਕਰਨ ਵਿਚ ਕਾਮਯਾਬ ਰਹੀ ਹੈ ਜਦ ਕਿ 7 ਅਜੇ ਵੀ ਫਰਾਰ ਹਨ ਤੇ ਉਨਾਂ ਦੀ ਕੋਈ ਉੱਗ ਸੁੱਗ ਨਹੀਂ ਹੈ। ਪੁਲਿਸ ਉਨਾਂ ਨੂੰ ਕਾਬੂ ਕਰਨ ਲਈ ਵੱਡੀ ਪੱਧਰ ਉਪਰ ਕਾਰਵਾਈ ਕਰ ਰਹੀ ਹੈ। ਇਨਾਂ ਵਿਚ ਕੋਰੀ ਬਾਇਡ, ਜਰਮੇਨ ਡੋਨਾਲਡ, ਡੈਰਿਕ ਗਰੋਵਸ, ਐਨਟੋਇਨ ਮੈਸੀ, ਗੈਰੀ ਪ੍ਰਾਈਸ, ਲਿ ਟੇਟ ਤੇ ਲੈਨਟਨ ਵੈਨਬਰਨ ਸ਼ਾਮਿਲ ਹਨ। ਪੁਲਿਸ ਅਨੁਸਾਰ ਕੈਦੀ ਨੁਕਸਦਾਰ 'ਲਾਕਿੰਗ ਸਿਸਟਮ' ਦਾ ਫਾਇਦਾ ਉਠਾ ਕੇ ਫਰਾਰ ਹੋਣ ਵਿੱਚ ਸਫਲ ਹੋਏ ਹਨ। ਕੈਦੀ ਜੇਲ ਦੇ ਇਕ ਮੁਲਾਜਮ ਵੱਲੋਂ ਖਾਣਾ ਲੈਣ ਲਈ ਜਾਣ ਸਮੇ ਫਰਾਰ ਹੋਏ ਹਨ। ਅਧਿਕਾਰੀਆਂ ਅਨੁਸਾਰ ਇਹ ਮੁਲਾਜਮ ਕੈਦੀਆਂ ਦੀ ਫਰਾਰ ਯੋਜਨਾ ਵਿਚ ਸ਼ਾਮਿਲ ਹੋ ਸਕਦਾ ਹੈ। ਇਸ ਸਬੰਧੀ ਜਾਂਚ ਅਜੇ ਮੁਕੰਮਲ ਨਹੀਂ ਹੋਈ ਜਿਸ ਤੋਂ ਬਾਅਦ ਹੀ ਕੋਈ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।



# ਅਮਰੀਕਾ ਤੋਂ ਭਾਰਤ ਸਮੇਤ ਹੋਰ ਦੇਸ਼ਾਂ ਵਿੱਚ ਪੈਸੇ ਭੇਜਣ ਉਪਰ ਲੱਗੇਗਾ 5% ਟੈਕਸ

## ਟਰੰਪ ਦੇ ਪ੍ਰਸਤਾਵਿਤ ਬਿੱਲ ਨੂੰ ਹਾਊਸ ਬਜਟ ਕਮੇਟੀ ਨੇ ਦਿੱਤੀ ਪ੍ਰਵਾਨਗੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਪ੍ਰਸਤਾਵਿਤ ਨਵਾਂ ਬਿੱਲ ਜੇਕਰ ਕਾਨੂੰਨ ਬਣ ਜਾਂਦਾ ਹੈ ਜਿਸ ਦੀ ਕਿ ਪੂਰੀ ਸੰਭਾਵਨਾ ਹੈ, ਤਾਂ ਅਮਰੀਕਾ ਵਿਚ ਰਹਿ ਰਹੇ ਲੱਖਾਂ ਭਾਰਤੀਆਂ ਸਮੇਤ ਹੋਰ ਦੇਸ਼ਾਂ ਦੇ ਨਾਗਰਿਕਾਂ ਨੂੰ ਆਪਣੇ ਘਰ ਜਾਂ ਦੇਸ਼ ਪੈਸੇ ਭੇਜਣ ਉਪਰ ਟੈਕਸ ਦੇਣਾ ਪਵੇਗਾ। ਹਾਊਸ ਬਜਟ ਕਮੇਟੀ ਨੇ 'ਵੱਨ ਬਿੱਗ ਬਿਊਟੀਫੁੱਲ ਬਿੱਲ ਐਕਟ' ਨੂੰ ਪ੍ਰਵਾਨਗੀ ਦੇ ਦਿੱਤੀ ਹੈ। 1116 ਸਫ਼ਿਆਂ ਦੇ ਬਿੱਲ ਵਿਚ ਗੈਰ ਅਮਰੀਕੀ ਨਾਗਿਰਕਾਂ ਉਪਰ 5% ਐਕਸਾਈਜ ਟੈਕਸ ਲਾਉਣ ਦੀ ਵਿਵਸਥਾ ਹੈ। ਇਹ ਟੈਕਸ ਆਰਜੀ ਵਰਕ ਵੀਜ਼ੇ ਜਿਵੇਂ ਐਚ-1ਬੀ ਵੀਜਾ ਤੇ ਐਲ-1 ਵੀਜਾ ਦੇ ਨਾਲ ਨਾਲ ਗਰੀਨ ਕਾਰਡ ਧਾਰਕਾਂ ਜੋ ਅਜੇ ਅਮਰੀਕੀ ਨਾਗਰਿਕ ਨਹੀਂ ਬਣੇ ਹਨ, ਉਪਰ ਵੀ ਲਾਗੂ ਹੋਵ-ੇਗਾ। ਪ੍ਰਸਤਾਵਿਤ ਟੈਕਸ ਪੈਸੇ ਭੇਜਣ ਮੌਕੇ ਕੱਟਿਆ ਜਾਵੇਗਾ। ਛੋਟੀ ਤੋਂ ਛੋਟੀ ਰਕਮ ਉਪਰ ਵੀ ਗੈਰ ਅਮਰੀਕੀ ਨਾਗਰਿਕਾਂ ਨੂੰ ਇਹ ਟੈਕਸ ਦੇਣਾ ਪਵੇਗਾ। ਕੇਵਲ ਅਮਰੀਕੀ ਨਾਗਰਿਕਾਂ ਜਾਂ ਅਮਰੀਕੀਆਂ ਨੂੰ ਇਸ ਟੈਕਸ ਤੋਂ ਛੋਟ ਹੋਵੇਗੀ। ਜਿਥੋਂ ਤੱਕ ਭਾਰਤੀਆਂ ਦਾ ਸਬੰਧ ਹੈ ਇਸ ਬਿੱਲ ਦੇ ਕਾਨੂੰਨ ਬਣ ਜਾਣ ਉਪਰੰਤ ਉਨਾਂ ਉਪਰ ਭਾਰੀ ਵਿੱਤੀ ਬੋਝ ਪਵੇਗਾ। ਰਿਜ਼ਰਵ ਬੈਂਕ ਆਫ ਇੰਡੀਆ (ਆਰ ਬੀ ਆਈ) ਵੱਲੋਂ ਮਾਰਚ 2025 ਵਿਚ ਕੀਤੇ ਸਰਵੇ ਅਨੁਸਾਰ ਵਿੱਤੀ ਸਾਲ 2023-2024 ਦੌਰਾਨ ਅਮਰੀਕਾ ਤੋਂ ਭਾਰਤ ਤਕਰੀਬਨ 32 ਅਰਬ ਡਾਲਰ ਭੇਜੇ ਗਏ ਸਨ। ਪ੍ਰਸਤਾਵਿਤ ਟੈਕਸ ਕਾਰਨ ਪ੍ਰਤੀ ਸਾਲ ਭਾਰਤੀਆਂ ਨੂੰ 1.16 ਅਰਬ ਡਾਲਰ ਤੋਂ ਵਧ ਟੈਕਸ ਦੇਣਾ ਪਵੇਗਾ। ਬਿੱਲ ਅਨੁਸਾਰ ਪੈਸੇ ਭੇਜਣ ਦੀ ਸੇਵਾ ਦੇਣ ਵਾਲੀਆਂ ਕੰਪਨੀਆਂ ਨੂੰ ਹਰ 3 ਮਹੀਨੇ ਬਾਅਦ ਇਹ ਰਕਮ ਅਮਰੀਕੀ ਖਜ਼ਾਨੇ ਵਿਚ ਜਮਾਂ ਕਰਵਾਉਣੀ ਪਵੇਗੀ। ਬਿੱਲ ਤਹਿਤ ਨਾ ਕੇਵਲ ਵਿਅਕਤੀਗੱਤ ਰੂਪ ਵਿੱਚ ਪੈਸੇ ਭੇਜਣ ਉਪਰ ਟੈਕਸ ਲਾਉਣ ਦੀ ਵਿਵਸਥਾ ਹੈ ਬਲਕਿ ਜੇਕਰ ਕੋਈ ਨਿਵੇਸ਼ ਉਪਰ ਹੋਈ ਆਮਦਨੀ ਆਪਣੇ ਦੇਸ਼ ਭੇਜਦਾ ਹੈ ਤਾਂ ਉਸ ਨੂੰ ਵੀ ਇਹ ਟੈਕਸ ਦੇਣਾ ਪਵੇਗਾ। ਅਮਰੀਕਾ ਵਿਚ ਰਹਿ ਰਹੇ ਅੰਦਾਜਨ 54 ਲੱਖ ਭਾਰਤੀਆਂ ਵਿਚੋਂ ਜਿਆਦਾਤਰ ਆਰਜੀ ਵਰਕ ਵੀਜ਼ੇ ਜਾਂ ਪੀ ਆਰ ਉਪਰ ਹਨ ਜਿਨਾਂ ਨੂੰ ਇਸ ਬਿੱਲ ਵਿਚ ਛੋਟ ਨਹੀਂ ਦਿੱਤੀ ਗਈ ਹੈ।

# ਸਿਆਟਲ ਨੇੜੇ ਗੋਲੀਬਾਰੀ ਕਾਰਨ ਇਕ ਔਰਤ ਸਮੇਤ 3 ਮੌਤਾਂ ਤੇ ਇਕ ਦੀ ਹਾਲਤ ਗੰਭੀਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਡਾਊਨਟਾਊਨ ਸਿਆਟਲ ਨੇੜੇ ਹੋਈ ਗੋਲੀਬਾਰੀ ਵਿਚ ਇਕ ਔਰਤ ਸਮੇਤ 3 ਵਿਅਕਤੀਆਂ ਦੇ ਮਾਰੇ ਜਾਣ ਤੇ ਇਕ ਹੋਰ ਦੇ ਗੰਭੀਰ ਜ਼ਖਮੀ ਹੋ ਜਾਣ ਦੀ ਖਬਰ ਹੈ। ਸਿਆਟਲ ਪੁਲਿਸ ਵਿਭਾਗ ਵੱਲੋਂ ਜਾਰੀ ਇਕ ਪ੍ਰੈਸ ਬਿਆਨ ਅਨੁਸਾਰ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਪਾਇ ਨੀਰ ਸਕੁਏਅਰ ਨੇੜੇ ਘਟਨਾ ਸਥਾਨ 'ਤੇ ਅੱਧੀ ਰਾਤ ਬਾਅਦ 1 ਵਜੇ ਪੁੱਜੇ। ਮੌਕੇ ਉਪਰ ਇਕ ਔਰਤ ਸਮੇਤ 4 ਵਿਅਕਤੀ ਬੇਸੁੱਧ ਹਾਲਤ ਵਿਚ ਮਿਲੇ ਜਿਨਾਂ ਦੇ ਗੋਲੀਆਂ ਵੱਜੀਆਂ ਹੋਈਆਂ ਸਨ। ਜਿਨਾਂ ਵਿਚੋਂ ਇਕ ਔਰਤ ਸਮੇਤ 3 ਜਣਿਆਂ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਦ ਕਿ ਚੌਥੇ ਵਿਅਕਤੀ ਨੂੰ ਗੰਭੀਰ ਹਾਲਤ ਵਿਚ ਹਾਰਬੋਰਵਿਊ ਮੈਡੀਕਲ ਸੈਂਟਰ ਵਿਚ ਦਾਖਲ ਕਰਵਾਇਆ ਗਿਆ ਹੈ। ਪੁਲਿਸ ਵਿਭਾਗ ਦੇ ਬਰੀਅਨ ਪ੍ਰਿਚਰਡ ਨੇ ਈ ਮੇਲ 'ਤੇ ਭੇਜੇ ਇਕ ਬਿਆਨ ਵਿਚ ਕਿਹਾ ਹੈ ਕਿ ਗੋਲੀਬਾਰੀ ਦੇ ਕਾਰਨ ਬਾਰੇ ਜਾਂਚ ਕੀਤੀ ਜਾ ਰਹੀ ਤੇ ਅਜੇ ਤੱਕ ਇਸ ਮਾਮਲੇ ਵਿਚ ਕੋਈ ਗ੍ਰਿਫਤਾਰੀ ਨਹੀਂ ਹੋਈ ਹੈ।

# ਕੀਮਤਾਂ ਵਿਚ ਵਾਧੇ ਦਾ ਦੋਸ਼ ਟੈਰਿਫ਼ ਉਪਰ ਲਾਉਣ ਦੀ ਕੋਸ਼ਿਸ਼ ਬੰਦ ਹੋਵੇ-ਡੋਨਾਲਡ ਟਰੰਪ ਵੱਲੋਂ ਤਾੜਨਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**–ਦਿ ਕੱਦ ਪ੍ਰਚੂਨ ਵਿਕ੍ਰੇਤਾ ਵਾਲਮਾਰਟ ਵੱਲੋਂ ਕੀਮਤਾਂ ਵਿਚ ਹੋਰ ਵਾਧਾ ਹੋ ਜਾਣ ਦਾ ਐਲਾਨ ਕਰਨ ਤੋਂ ਬਾਅਦ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਖਤ ਤਾੜਨਾ ਕਰਦਿਆਂ ਕਿਹਾ ਹੈ ਕਿ ਕੀਮਤਾਂ ਵਿਚ ਵਾਧੇ ਦਾ ਦੋਸ਼ ਟੈਰਿਫ ਉਪਰ ਮੜਨ ਦੀ ਕੋਸ਼ਿਸ਼ ਬੰਦ ਕਰਨ ਦੀ ਲੋੜ ਹੈ। ਵਾਲਮਾਰਟ ਦੇ ਸੀ ਈ ਡੋਗਲਸ ਮੈਕਮਿਲਨ ਨੇ ਕਿਹਾ ਹੈ ਕਿ ਟਰੰਪ ਦੇ ਟੈਰਿਫ਼ ਖਾਸ ਤੌਰ 'ਤੇ ਚੀਨੀ ਵਸਤਾਂ ਉਪਰ ਬਹੁਤ ਜਿਆਦਾ ਹੋਣ ਕਾਰਨ ਕੀਮਤਾਂ ਵਧ ਰਹੀਆਂ ਹਨ। ਉਨਾਂ ਕਿਹਾ ਕਿ ਅਸੀਂ ਕੀਮਤਾਂ ਨੂੰ ਘੱਟ ਰਖਣ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ ਪਰੰਤੂ ਇਸ ਹਫਤੇ ਟੈਰਿਫ਼ ਘਟਾਉਣ ਦਾ ਐਲਾਨ ਕਰਨ ਦੇ ਬਾਵਜੂਦ ਟੈਰਿਫ਼ ਜਿਆਦਾ ਹਨ ਜਿਸ ਕਾਰਨ ਅਸੀਂ ਦਬਾਅ ਝਲ ਨਹੀਂ ਸਕਾਂਗੇ ਕਿਉਂਕਿ ਪਹਿਲਾਂ ਹੀ ਸਮਾਨ ਬਹੁਤ ਘੱਟ ਮੁਨਾਫ਼ੇ 'ਤੇ ਵੇਚਿਆ ਜਾ ਰਿਹਾ ਹੈ। ਟਰੰਪ ਨੇ ਇਸ ਦੇ ਜਵਾਬ ਵਿਚ ਸੋਸ਼ਲ ਮੀਡੀਆ ਟਰੁੱਥ ਉਪਰ ਕਿਹਾ ਹੈ ਕਿ ਜਿਥੋਂ ਤੱਕ ਵਾਲਮਾਰਟ ਤੇ ਚੀਨ ਦਾ ਸਬੰਧ ਹੈ, ਟੈਰਿਫ਼ ਨੂੰ ਭੁੱਲਣਾ ਪਵੇਗਾ ਤੇ ਗਾਹਕ ਕੋਲੋਂ ਵਾਧੂ ਪੈਸਾ ਨਹੀਂ ਲਿਆ ਜਾਵੇਗਾ। ਮੈ ਨਜਰ ਰਖ ਰਿਹਾ ਹਾਂ ਤੇ ਮੈ ਤੁਹਾਡਾ ਗਾਹਕ ਵੀ ਹਾਂ। ਦੂਸਰੇ ਪਾਸੇ ਆਰਥਿਕ ਮਾਹਿਰਾਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਹੈ ਕਿ ਟੈਰਿਫ਼ ਦਾ ਬੋਝ ਗਰੀਬ ਤੇ ਮੱਧ ਵਰਗ ਅਮਰੀਕੀਆਂ ਉਪਰ ਪਵੇਗਾ ਜੋ ਵਾਲਮਾਰਟ ਦੇ ਮੂਲ ਗਾਹਕ ਹਨ। ਇਹ ਗਾਹਕ ਵਾਲਮਾਰਟ ਕੋਲੋਂ ਬਿਨਾਂ ਕੋਈ ਬਹਿਸ ਕੀਤਿਆਂ ਚੁੱਪਚਾਪ ਖਰੀਦਦਾਰੀ ਕਰਦੇ ਹਨ। ਖਾਸ ਤੌਰ 'ਤੇ ਕਰਿਆਨੇ ਦੀ ਖਰੀਦਦਾਰੀ ਇਨਾਂ ਵੱਲੋਂ ਕੀਤੀ ਜਾਂਦੀ ਹੈ। ਕੰਪਨੀ ਦੇ ਵਿੱਤ ਵਿਭਾਗ ਦੇ ਮੁਖੀ ਜੌਹਨ ਡੇਵਿਡ ਰੇਨੀ ਨੇ ਕਿਹਾ ਹੈ ਕਿ ਮਈ ਦੇ ਅੰਤ ਵਿੱਚ ਵਾਲਮਾਰਟ ਵੱਲੋਂ ਕੀਮਤਾਂ ਵਿਚ ਵਾਧਾ ਲਾਗੂ ਹੋਣ ਦੀ ਸੰਭਾਵਨਾ ਹੈ ਤੇ ਜੂਨ ਵਿਚ ਕੀਮਤਾਂ ਹੋਰ ਵਧ ਜਾਣਗੀਆਂ। ਹਾਲ ਹੀ ਵਿਚ ਅਮਰੀਕਾ ਤੇ ਚੀਨ ਵਿਚਾਲੇ 90 ਦਿਨਾਂ ਲਈ ਹੋਈ ਸਹਿਮਤੀ ਤਹਿਤ ਚੀਨੀ ਦਰਾਮਦ ਉਪਰ 30% ਟੈਰਿਫ਼ ਲੱਗੇਗਾ ਤੇ ਅਮਰੀਕੀ ਵਸਤਾਂ ਉਪਰ ਚੀਨ 10% ਟੈਰਿਫ਼ ਵਸੂਲੇਗਾ। ਇਥੇ ਜਿਕਰਯੋਗ ਹੈ ਕਿ ਵਾਲਮਾਰਟ ਦੇ ਅਮਰੀਕਾ ਵਿਚ 4600 ਤੋਂ ਵਧ ਸੋਟਰ ਹਨ ਤੇ ਉਹ ਕੈਨੇਡਾ, ਚੀਨ, ਮੈਕਸੀਕੋ ਤੇ ਵੀਅਤਨਾਮ ਸਮੇਤ ਹੋਰ ਦੇਸ਼ਾਂ ਤੋਂ ਦਰਾਮਦ ਕਰਦਾ ਹੈ।

SUNSHINE AUTO CARE INC.
WE REPAIR ALL MAKES & MODELS. AUTO, DIESEL TRUCK & TRAILERS
- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

We do Truck Smoke Test & Alignment FOR ALL CUSTOMERS
hablamos español
We Speak English, Spanish & Punjabi
We Provide Towing & 24/7 Mobile Road Services For All Autos, Trucks & Trailers
Open Monday to Saturday
Com-Check
T-Check
EFS Check
ACCEPTED HERE
VISA MasterCard AMERICAN EXPRESS DISCOVER NETWORK


209-239-1551
1003 MOFFAT BLVD., MANTECA, CA 95336

# ਵਾਰਸ ਭਾਰਾਵਾਂ ਨੇ ਪੰਜਾਬੀ ਵਿਰਸਾ 2025 ਸ਼ੋਅ ਦੌਰਾਨ ਫਰਿਜ਼ਨੋ 'ਚ ਕਰਵਾਈ ਬਹਿਜਾ ਬਹਿਜਾ!












**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ** – ਸਥਾਨਿਕ ਵਿਰਸਾ ਫਾਊਂਡੇਸ਼ਨ ਵੱਲੋਂ ਵਾਰਸ ਭਰਾਵਾਂ ਦਾ ਸ਼ਾਨਦਾਰ ਸ਼ੋਅ "ਪੰਜਾਬੀ ਵਿਰਸਾ 2025" ਫਰਿਜਨੋ ਦੇ ਵੁਡਵਰਡ ਪਾਰਕ ਵਿਖੇ ਸ਼ਾਨੋ-ਸ਼ੌਕਤ ਨਾਲ ਕਰਵਾਇਆ ਗਿਆ। ਦਰਸ਼ਕਾਂ ਨਾਲ ਖਚਾਖਚ ਭਰੇ ਹੋਏ ਪਨ ਹਾਲ ਅੰਦਰ ਸਟੇਜ ਦੀ ਸ਼ੁਰੂਆਤ ਸਟੇਜਾ ਦੀ ਮਲਕਾ ਆਸ਼ਾ ਸ਼ਰਮਾ ਨੇ ਸਭਨਾਂ ਨੂੰ ਨਿੱਘੀ ਜੀ ਕਹਿੰਦਿਆ ਸ਼ਾਇਰਾਨਾ ਅੰਦਾਜ਼ ਵਿੱਚ ਕੀਤੀ।

ਸ਼ੋਅ ਦੀ ਸੁਰੂਆਤ ਭੰਗੜੇ ਦੇ ਜੌਹਰ ਵਿਖਾਉਂਦਿਆਂ , ਲਡ ਸਕੂਲ ਭੰਗੜਾ ਅਕੈਡਮੀ ਦੇ ਬੱਚਿਆਂ ਨੇ ਕੀਤੀ, ਇਹ ਬੱਚੇ ਭੰਗੜਾ ਕੋਚ ਵੀਰਪਾਲ ਸਿੰਘ ਦੇ ਚੰਡੇ ਹੋਏ ਸਨ। ਇਸ ਪਿੱਛੋਂ ਜੀ। ਐਚ। ਜੀ ਦੇ ਗੱਭਰੂਆਂ ਨੇ ਮਲਵਈ ਗਿੱਧੇ ਨਾਲ ਲਾਈਵ ਬੋਲਿਆ ਪਾਕੇ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਭਿੰਦੇ ਜੱਟ ਨੇ ਮੋਢੇ ਤੇ ਪੁਰਾਣਾ ਵੀਡੀ ਕੈਮਰਾ ਰੱਖਕੇ ਆਪਣਾ ਸਦਾ ਬਹਾਰ ਗੀਤ "ਤੇਰੀ ਨੱਚਦੀ ਦੀ ਵੀਡੀਓ ਬਣਾਉਣੀ" ਨਾਲ ਦਰਸ਼ਕਾਂ ਦੇ ਪੱਬ ਥਿਰਕਣ ਲਾ ਦਿੱਤੇ। ਇਸ ਪਿੱਛੋ ਸ਼ੁਰੂ ਹੋਇਆ ਵਾਰਿਸ ਭਰਵਾਂ ਦਾ ਪੰਜਾਬੀ ਵਿਰਸਾ 2025 ਸ਼ੋਅ। ਇਸ ਮੌਕੇ ਵਾਰਿਸ ਭਰਾਵਾਂ, ਮਨਮੋਹਣ ਵਾਰਸ, ਕਮਲ ਹੀਰ, ਅਤੇ ਸੰਗਤਾਰ ਨੇ ਅਸੀਂ ਜਿੱਤਾਂਗੇ ਜਰੂਰ, ਜਾਰੀ ਜੰਗ ਰੱਖਿਓ ਆਦਿ ਸੱਭਿਅਕ ਗੀਤ ਗਾਕੇ ਕੀਤੀ।

ਇਸ ਪਿੱਛੋਂ ਵਾਰੀ ਆਈ "ਕੁੜੀਏ ਨੀ ਸੱਗੀ ਫੁੱਲ ਵਾਲੀਏ" ਫੇਮ ਕਮਲ ਹੀਰ ਦੀ, ਜਿਸਨੇ ਨੇ ਆਪਣੇ ਨਵੇਂ ਪੁਰਾਣੇਂ ਗੀਤਾ ਦੀ ਐਸੀ ਛਹਿਬਰ ਲਾਈ ਕਿ ਦਰਸ਼ਕ ਮਿਆਰੀ ਗਾਇਕੀ ਦਾ ਅਨੰਦ ਮਾਣਦੇ ਮਦਹੋਸ਼ ਹੋਏ ਕਿਸੇ ਵੱਖਰੀ ਮਸਤੀ ਵਿੱਚ ਨਜ਼ਰੀ ਪੈ ਰਹੇ ਸਨ।

ਉਪਰੰਤ ਸੰਗਤਾਰ, ਨੇ ਆਪਣੇ ਗੀਤ ਗਾਕੇ ਆਪਣੇ ਸੁਰੀਲੇ ਬੋਲਾਂ ਨਾਲ ਸ੍ਰੋਤਿਆਂ ਨੂੰ ਮੰਤਰ ਮੁੱਗਧ ਕੀਤਾ।

ਅਖੀਰ ਵਿੱਚ ਇੰਤਜ਼ਾਰ ਦੀਆਂ ਘੜੀਆ ਖਤਮ ਹੋਈਆਂ ਤੇ ਸੁਰੀਲੇ ਗਾਇਕ ਮਨਮੋਹਨ ਵਾਰਿਸ ਨੇ ਆਪਣੇ ਦਮਦਾਰ ਅਤੇ ਸਦਾਬਹਾਰ ਗੀਤਾਂ ਨਾਲ ਮੇਲੇ ਨੂੰ ਚਰਮ ਸੀਮਾਂ ਤੱਕ ਪਹੁੰਚਾਇਆਂ ਤੇ ਉਹਨਾਂ ਜੀਅ ਜਾਨ ਨਾਲ ਗਾਇਆ ਤੇ ਆਪਣੇ ਬਹੁ-ਚਰਚਤ ਗੀਤ ਗਾਕੇ ਐਸੀ ਭੰਗੜੇ ਦੀ ਧਮਾਲ ਪਾਈ ਕਿ ਪੰਡਾਲ ਅੰਦਰ ਬੈਠੇ ਹਰ ਪੰਜਾਬੀ ਦੇ ਪੱਬ ਢੋਲ ਦੇ ਡੱਗੇ ਤੇ ਨੱਚਣੋਂ ਰਹਿ ਨਹੀਂ ਸਕੇ, ਅਤੇ ਦਰਸ਼ਕਾਂ ਨੇ ਨੱਚ ਨੱਚਕੇ ਅੰਬਰੀ ਧੂੜ੍ਹ ਚੜਾ ਦਿੱਤੀ।

ਇਸ ਮੌਕੇ ਵਿਰਸਾ ਫਾਊਂਡੇਸ਼ਨ ਟੀਮ ਵੱਲੋਂ ਆਪਣੇ ਸਮੂੰਹ ਸਪਾਂਸਰਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ ਅਤੇ ਵਿਰਸਾ ਫਾਊਂਡੇਸ਼ਨ ਮੈਂਬਰ ਜਸਵੀਰ ਸਰਾਏ ਨੇ ਵਿਰਸਾ ਫਾਊਂਡੇਸ਼ਨ ਦੇ ਕੰਮਾਂ ਕਾਰਾਂ ਤੋਂ ਦਰਸ਼ਕਾਂ ਨੂੰ ਜਾਣੂ ਕਰਵਾਇਆ, ਉਹਨਾਂ ਵਿਰਸਾ ਫਾਊਂਡੇਸ਼ਨ ਵੱਲੋ ਸਾਰੇ ਹੀ ਸਪਾਂਸਰ ਅਤੇ ਦਰਸ਼ਕ ਵੀਰਾ ਦਾ ਮੇਲੇ ਨੂੰ ਸਫ਼ਲ ਬਣਾਉਣ ਲਈ ਧੰਨਵਾਦ ਕੀਤਾ। ਇਸ ਮੌਕੇ ਵੱਖੋ ਵੱਖ ਖਾਣੇ ਦੇ ਸਟਾਲਾਂ ਤੋਂ ਦਰਸ਼ਕਾਂ ਨੇ ਆਪਣਾ ਪਸੰਦੀਦਾ ਖਾਣਾ ਖਾਧਾ ਤੇ ਮੇਲੇ ਦਾ ਅਨੰਦ ਮਾਣਿਆ।

ਇਸ ਤਰਾਂ ਵਿਰਸਾ ਫਾਊਂਡੇਸ਼ਨ ਦੇ ਸਮੂਹ ਪ੍ਰਬੰਧਕ-ਬਿੱਲ ਨਿੱਝਰ, ਬਿੱਟੂ ਕੁੱਸਾ, ਜੱਸੀ ਸਰਾਏ, ਸਨੀ ਮਹੇਟ, ਮਿੱਟੂ ਧਾਲੀਵਾਲ, ਰਾਜ ਧਾਲੀਵਾਲ, ਬੌਬੀ ਸਿੱਧੂ ਆਦਿ ਸਾਰੇ ਸੱਜਣ ਸੋਹਣੇ ਪ੍ਰਬੰਧਾਂ ਲਈ ਵਧਾਈ ਦੇ ਪਾਤਰ ਨੇ, ਇਹਨਾਂ ਦੀ ਮਿਹਨਤ ਨਾਲ ਕਾਮਯਾਬੀ ਦੇ ਝੰਡੇ ਗੱਡਦਾ, ਇਹ ਪੰਜਾਬੀ ਵਿਰਸਾ 2025 ਸ਼ੋਅ 4000 ਹਜ਼ਾਰ ਤੋਂ ਜ਼ਿਆਦਾ ਦਰਸ਼ਕਾਂ ਦੇ ਇਤਿਹਾਸਕ ਇਕੱਠ, ਜਿਸ ਵਿੱਚ ਫੈਮਲੀਆਂ, ਔਰਤਾਂ ਤੇ ਬੱਚੇ ਸ਼ਾਮਲ ਸਨ, ਨਾਲ ਯਾਦਗਾਰੀ ਹੋ ਨਿਬੜੀ।

*****


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED TIRES

WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021

Across the Street from TA Truck Stop

ਦੇਸ਼ ਦੁਆਬਾ

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹਾਦਤ

ਗੁਰੂ ਅਰਜਨ ਦੇਵ ਜੀ ਪਹਿਲੇ ਸਿੱਖ ਗੁਰੂ ਹਨ, ਜਿਹਨਾਂ ਨੂੰ ਸ਼ਹੀਦੀ ਦਾ ਜਾਮ ਪੀਣਾ ਨਸੀਬ ਹੋਇਆ। ਬਿਲਡਿੰਗਾਂ ਦਾ ਨਿਰਮਾਣ ਇੱਟਾਂ, ਸੀਮਿੰਟ, ਸਰੀਏ ਅਤੇ ਪਾਣੀ ਵਰਗੀਆਂ ਵਸਤਾਂ ਨਾਲ ਹੁੰਦਾ ਹੈ ਪਰ ਇਨ੍ਹਾਂ ਵਸਤਾਂ ਨੂੰ ਬਿਲਡਿੰਗ ਦਾ ਰੂਪ ਦੇਣ ਲਈ ਜ਼ਮੀਨ, ਆਰਚੀਟੈਕਟ, ਮਿਸਤਰੀਆਂ ਅਤੇ ਮਜ਼ਦੂਰਾਂ ਦੀ ਲੋੜ ਹੁੰਦੀ ਹੈ। ਹਰ ਕੰਮ ਕਰਨ ਦਾ ਇਕ ਸਮਾਂ ਅਤੇ ਤਰੀਕਾ ਹੁੰਦਾ ਹੈ। ਕਣਕ ਬੀਜਣ ਦਾ ਇਕ ਤਰੀਕਾ ਅਤੇ ਸਮਾਂ ਹੁੰਦਾ ਹੈ। ਕਣਕ ਵੱਢਣ ਦਾ ਵੀ ਇਕ ਤਰੀਕਾ ਅਤੇ ਸਮਾਂ ਹੁੰਦਾ ਹੈ। ਜੇ ਸਮੇਂ ਸਿਰ ਕਣਕ ਨਾ ਵੱਢੀ ਜਾਵੇ ਤਾਂ ਕਣਕ ਦੇ ਛਿੱਟੇ ਕਿਰ ਜਾਂਦੇ ਹਨ। ਮਿਹਨਤ ਵਿਅਰਥ ਜਾਂਦੀ ਹੈ।

ਗੁਰੂ ਅਰਜਨ ਦੇਵ ਜੀ ਨੇ ਵੀ ਆਪਣੇ ਤੋਂ ਪਹਿਲਾਂ ਦੇ ਚਾਰ ਸਿੱਖ ਗੁਰੂਆਂ ਅਤੇ ਉਨ੍ਹਾਂ ਦੇ ਪੂਰਵਗਾਮੀ ਅਤੇ ਸਮਕਾਲੀ ਮਹਾਪੁਰਖਾਂ ਦੀ ਬਾਣੀ ਨੂੰ 1604 ਈਸਵੀ ਵਿਚ ਸੋਧ ਕੇ ਸੰਪਾਦਿਤ ਕਰਕੇ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਪਹਿਲਾ ਪ੍ਰਕਾਸ਼ ਕੀਤਾ। ਬਾਬਾ ਬੁੱਢਾ ਜੀ ਜੋ ਉਸ ਸਮੇਂ ਦੀ ਹਿੰਦੂਆਂ ਦੀ ਵਰਣ ਵਿਵਸਥਾ ਵਿਚ ਚੌਥੇ ਦਰਜੇ ਸ਼ੂਦਰ ਵਰਣ ਦੀ ਜੱਟ ਜਾਤ 'ਚੋਂ ਪੈਦਾ ਹੋਏ, ਨੂੰ ਪਹਿਲਾ ਪਾਠੀ ਨਿਯੁਕਤ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਉਸ ਵਿਚ ਸ਼ੂਦਰ ਸਮਾਜ ਦੇ ਮਹਾਂਪੁਰਖਾਂ ਦੀ ਗੁਰਬਾਣੀ ਅਤੇ ਬਾਬਾ ਬੁੱਢਾ ਜੀ ਦੀ ਦਰਬਾਰ ਸਾਹਿਬ ਵਿਚ ਨਿਯੁਕਤੀ ਨਾਲ ਮਨੂੰਵਾਦੀਆਂ ਅਤੇ ਮੁਗਲ ਸ਼ਾਸਕਾਂ ਨੂੰ ਸਿਆਸਤ ਦੀ ਭਿਣਕ ਪਈ।

ਹਰ ਸਥਾਪਤ ਸਮਾਜ ਦੇ ਪੁਰੋਹਿਤ ਵਰਗ ਅਤੇ ਹੁਕਮਰਾਨਾਂ ਵਿਚ ਗੁਪਤ ਅਤੇ ਖੁੱਲ੍ਹਮ ਖੁੱਲ੍ਹਾ ਸਮਝੌਤਾ ਹੋਇਆ, ਜਿਸ ਤਹਿਤ ਪੁਰੋਹਿਤ ਬਾਦਸ਼ਾਹ-ਰਾਜੇ ਨੂੰ ਰੱਬ ਦਾ ਦੂਤ ਐਲਾਨਦਾ ਹੈ ਅਤੇ ਬਾਦਸ਼ਾਹ/ ਰਾਜਾ ਪੁਰੋਹਿਤ ਨੂੰ ਰੱਬ ਐਲਾਨਦਾ ਹੈ। ਖੁਆਜੇ ਦਾ ਗਵਾਹ ਡੱਡੂ। ਦੋਵੇਂ ਮਿਲ ਕੇ ਆਮ ਜਨਤਾ ਨੂੰ ਲੁੱਟਦੇ ਅਤੇ ਕੁੱਟਦੇ ਹਨ।

**ਮੁਹੰਮਦ ਬਿਨ ਕਾਸਿਮ ਹੱਥੋਂ ਸਿੰਧ ਦੇ ਰਾਜਾ ਦਾਹਿਰ ਦੀ ਹਾਰ ਨਾਲ ਦਿਨੋਂ ਦਿਨ ਭਾਰਤੀ ਸਮਾਜ ਉਪਰ ਬ੍ਰਾਹਮਣ, ਪ੍ਰੋਹਿਤ ਅਤੇ ਕਸ਼ੱਤਰੀ ਰਾਜਾਂ ਦਾ ਦਬਦਬਾ ਟੁੱਟਦਾ ਗਿਆ। ਇਸ ਨਾਲ ਸਭ ਤੋਂ ਵੱਧ ਸੁਖ ਦਾ ਸਾਹ ਸ਼ੂਦਰ ਅਛੂਤ ਵਰਗ ਨੂੰ ਹੋਇਆ। ਉਸ ਨੇ ਬ੍ਰਾਹਮਣ ਅਤੇ ਕਸ਼ੱਤਰੀ ਵਰਣਾਂ ਖ਼ਿਲਾਫ਼ ਵਿਦਰੋਹ ਕੀਤਾ ਜੋ ਸਾਨੂੰ ਗੁਰੂ ਨਾਮਦੇਵ, ਗੁਰੂ ਤਿਲੋਚਨ ਦੇ ਰੂਪ ਵਿਚ ਮਹਾਰਾਸ਼ਟਰ, ਗੁਰੂ ਰਵਿਦਾਸ, ਗੁਰੂ ਕਬੀਰ ਦੇ ਰੂਪ ਵਿਚ ਉਤਰ ਪ੍ਰਦੇਸ਼ ਦੇ ਧੁਰ ਪੂਰਬ ਵੱਲ, ਗੁਰੂ ਦਾਦੂ ਦਿਆਲ ਦੇ ਰੂਪ ਵਿਚ ਰਾਜਸਥਾਨ ਤੋਂ ਉਪਰ ਸਿੰਧ ਇਲਾਕੇ 'ਚ ਗੁਰੂ ਸਧਨਾ ਦੇ ਰੂਪ ਵਿਚ ਦਿਖਾਈ ਦਿੰਦਾ ਹੈ। ਦਰਅਸਲ ਇਹ ਵਿਦਰੋਹ ਨਹੀਂ ਕ੍ਰਾਂਤੀ ਸੀ, ਜਿਸ ਨੂੰ ਭਾਰਤ ਦੇ ਇਤਿਹਾਸਕਾਰਾਂ ਨੇ ਕਿਤਾਬਾਂ ਵਿਚ ਕਲਮਬੰਦ ਨਹੀਂ ਕੀਤਾ। ਜਿਸ ਕ੍ਰਾਂਤੀ ਨੇ ਨਾ ਸਿਰਫ਼ ਬ੍ਰਾਹਮਣ (ਪ੍ਰੋਹਿਤ), ਕਸ਼ੱਤਰੀ (ਰਾਜਾ) ਖ਼ਿਲਾਫ਼ ਵਿਦਰੋਹ ਕੀਤਾ, ਸਗੋਂ ਇਨ੍ਹਾਂ ਦੇ ਪ੍ਰੇਰਨਾ ਸਰੋਤ ਮਹਾਂਪੁਰਖਾਂ ਤੋਂ ਵੀ ਜ਼ਬਰਦਸਤ ਹਮਲਾਵਰੀ ਰੁਖ ਅਪਣਾਇਆ ਗਿਆ।**

*ਤੁਮ ਕਹੀਅਤ ਹੋ ਜਗਤ ਗੁਰ ਸੁਆਮੀ*
*ਹਮ ਕਹੀਅਤ ਕਲਿਜੁਗ ਕੇ ਕਾਮੀ*
*ਗੌਤਮ ਨਰਿ ਉਪਾਦਿ ਸਵਾਮੀ*
*ਸੀਸ ਧਰਨ ਸਤਸ ਭਗ ਗਾਮੀ।। (ਗੁਰੂ ਰਵਿਦਾਸ ਸਫਾ 710)*

ਇਨ੍ਹਾਂ ਮਹਾਂਪੁਰਖਾਂ ਨੇ ਹਿੰਦੂ ਧਰਮ ਦੇ ਮਨੂੰਵਾਦੀ ਦ੍ਰਿਸ਼ਟੀਕੋਣ ਦੀ ਆਲੋਚਨਾ ਕੀਤੀ ਅਤੇ ਉਸ ਦਾ ਬਦਲ ਵੀ ਦਿੱਤਾ। ਉਨ੍ਹਾਂ ਨੇ ਇਸਲਾਮ ਤੇ ਪੁਰੋਹਿਤ ਵਰਗ ਅਤੇ ਸ਼ਾਸਕਾਂ ਖ਼ਿਲਾਫ਼ ਵੀ ਵਿਦਰੋਹ ਕੀਤਾ, ਜਿਸ ਕਾਰਨ ਗੁਰੂ ਰਵਿਦਾਸ ਅਤੇ ਗੁਰੂ ਕਬੀਰ ਨੂੰ ਅਦਾਲਤਾਂ ਦੇ ਚੱਕਰ ਕੱਟਣੇ ਪਏ ਅਤੇ ਸਜ਼ਾਵਾਂ ਸਹਿਣੀਆਂ ਪਈਆਂ। ਗੁਰੂ ਰਵਿਦਾਸ ਵੱਲੋਂ ਰਾਜਪੂਤਣੀ ਸੰਤਣੀ ਮੀਰਾਂ ਬਾਈ ਔਰਤ ਨੂੰ ਨਾਮਦਾਨ ਦੇਣ ਤੇ ਤਾਂ ਮਨੂੰਵਾਦੀ ਵਿਵਸਥਾ ਅੱਗ ਬਬੂਲਾ ਹੋ ਗਈ ਅਤੇ ਉਨ੍ਹਾਂ ਨੇ ਗੁਰੂ ਰਵਿਦਾਸ ਜੀ ਨੂੰ ਚਿਤੌੜਗੜ੍ਹ ਵਿਖੇ ਸ਼ਹੀਦ ਕਰ ਦਿੱਤਾ। ਗੁਰੂ ਰਵਿਦਾਸ ਜੀ ਦੀ ਸਮਾਧ ਅਜੇ ਵੀ ਚਿਤੌੜਗੜ੍ਹ ਵਿਖੇ ਹੈ। ਗੁਰੂ ਰਵਿਦਾਸ ਛੱਤਰੀ ਧਰਮ ਸਥਾਨ ਵੀ ਹੈ।

***ਇਹ ਭੂਮਿਕਾ ਬਣਾਉਣ ਦਾ ਭਾਵ ਹੈ ਕਿ ਜਿਨ੍ਹਾਂ ਸ਼ੂਦਰ ਮਹਾਂਪੁਰਖਾਂ ਨੇ ਹਿੰਦੂ ਅਤੇ ਮੁਸਲਿਮ ਧਰਮਾਂ/ ਸਮਾਜਾਂ ਦੇ ਪੁਰੋਹਿਤ ਵਰਗਾਂ ਅਤੇ ਧਾਰਮਿਕ ਅਕੀਦਿਆਂ ਤੇ ਤਾਬੜਤੋੜ ਹਮਲੇ ਕੀਤੇ, ਉਹਨਾਂ ਦੀ ਹੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਦੇਵ ਮਹਾਰਾਜ ਨੇ ਸੁਸ਼ੋਭਿਤ ਕਰਕੇ ਮਨੂੰਵਾਦੀਆਂ ਮੁਗਲ ਸ਼ਾਸਕਾਂ ਨੂੰ ਤਰਲੋ ਮੱਛੀ ਕਰ ਦਿੱਤਾ। ਗੁਰਗੱਦੀ ਦੇ ਦਾਅਵੇਦਾਰ ਘਰੋਗੀ ਮਨਮੁਖਾਂ ਨੇ ਬਲਦੀ 'ਤੇ ਤੇਲ ਪਾਇਆ ਕਿ ਗੁਰੂ ਗ੍ਰੰਥ ਸਾਹਿਬ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਖ਼ਿਲਾਫ਼ ਲਿਖਿਆ ਹੈ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਅਤੇ ਪ੍ਰਕਾਸ਼ ਤੋਂ ਪਹਿਲਾਂ ਤੱਕ ਸਿੱਖ ਗੁਰੂਆਂ ਅਤੇ ਮੁਗਲ ਬਾਦਸ਼ਾਹਾਂ ਦੇ ਸਬੰਧ ਨਾ ਸਿਰਫ਼ ਸੁਖਾਵੇਂ ਸਨ ਸਗੋਂ ਅੰਮ੍ਰਿਤਸਰ ਵਸਾਉਣ ਲਈ ਜਮੀਨ ਮੁਗਲ ਬਾਦਸ਼ਾਹਾਂ ਨੇ ਹੀ ਦਾਨ ਵਿਚ ਦਿੱਤੀ ਸੀ। ਗੁਰੂ ਅਰਜਨ ਦੇਵ ਜੀ ਦੇ ਕਹਿਣ 'ਤੇ ਹੀ ਬਾਦਸ਼ਾਹ ਅਕਬਰ ਨੇ ਪੰਜਾਬ ਦੇ ਅਕਾਲ ਪੀੜਤ ਕਿਸਾਨਾਂ ਦਾ ਮਾਲੀਆ ਮੁਆਫ਼ ਕਰ ਦਿੱਤਾ ਸੀ।***

ਗੁਰੂ ਗ੍ਰੰਥ ਸਾਹਿਬ ਦੀ ਰਚਨਾ ਦੇ ਦੋ ਸਾਲ ਦੇ ਅੰਦਰ ਹੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦ ਹੋਣਾ ਸਿੱਧ ਕਰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਗੁਰਬਾਣੀਕਾਰਾਂ ਦੀ ਵਿਚਾਰਧਾਰਾ ਅਤੇ ਹਿੰਦੂ ਸਮਾਜ ਦੇ ਤੀਜੇ ਦਰਜੇ ਦੇ ਵਰਣ ਖੱਤਰੀ ਵਿਚ ਪੈਦਾ ਹੋਏ ਸਿੱਖ ਗੁਰੂਆਂ ਦੇ ਧਾਰਮਿਕ ਗੁਰੂ ਬਣਨਾ ਬ੍ਰਾਹਮਣ ਪੁਰੋਹਿਤ ਵਰਗ ਨੂੰ ਪਸੰਦ ਨਹੀਂ ਸੀ। ਉਨ੍ਹਾਂ ਦੇ ਸਮਾਜ ਵਿਚਲੇ ਧਾਰਮਿਕ ਏਕਾਧਿਕਾਰ ਨੂੰ ਸਿੱਧਾ ਚੈਲੰਜ ਸੀ। ਉਹਨਾਂ ਦੇ ਰੁਜ਼ਗਾਰ ਦਾ ਵੀ ਸਵਾਲ ਸੀ, ਲੰਗਰ ਪ੍ਰਥਾ ਨਾਲ ਵੀ ਉਨ੍ਹਾਂ ਨੂੰ ਸਮਾਜ ਵਿਚ ਆ ਰਹੀ ਨੇੜਤਾ ਦਾ ਖਤਰਾ ਸੀ।



ਤਰਨਤਾਰਨ, ਅੰਮ੍ਰਿਤਸਰ, ਕਰਤਾਰਪੁਰ, ਗੋਇੰਦਵਾਲ, ਖਡੂਰ ਸਾਹਿਬ ਦੇ ਸਿੱਖ ਕੇਂਦਰ ਵਜੋਂ ਦਿੱਸਣ ਨਾਲ ਉਨ੍ਹਾਂ ਦੇ ਧਾਰਮਿਕ ਕੇਂਦਰ ਹੀ ਉਹਨਾਂ ਦੇ ਰਾਜਸੀ ਕੇਂਦਰ ਸਨ। ਸਮੇਂ-ਸਮੇਂ ਤੇ ਆਏ ਹੁਕਮਰਾਨਾਂ ਨਾਲ ਮਨੂੰਵਾਦੀਆਂ ਨੇ ਰਾਜਸੀ ਸਮਝੌਤੇ ਕਰਕੇ ਅਹਿਲਕਾਰ ਬਣ ਗਏ। ਕਦੇ ਉਨ੍ਹਾਂ ਨੇ ਧੀਆਂ ਦੇ ਡੋਲੇ ਦੇ ਕੇ ਸੱਤਾ ਦੇ ਕੇਂਦਰਾਂ 'ਚ ਗ੍ਰਹਿ ਪ੍ਰਵੇਸ਼ ਕਰਕੇ ਨਵੇਂ ਜੰਮੇ ਹੁਕਮਰਾਨਾਂ ਦੇ ਮਾਮੇ ਅਤੇ ਨਾਨੇ ਬਣ ਬੈਠੇ।

10 ਜੂਨ 2006 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਗੁਰੂ ਨਾਨਕ ਭਵਨ ਅੰਮ੍ਰਿਤਸਰ ਵਿਖੇ ਸੈਮੀਨਾਰ ਗੁਰੂ ਅਰਜਨ ਦੇਵ ਜੀ ਦੀ ਚੌਥੀ ਸ਼ਤਾਬਦੀ ਸ਼ਹੀਦੀ ਦਿਵਸ ਨੂੰ ਸਮਰਪਿਤ ਕੀਤਾ। ਜਿਸ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਸਾਬਕਾ ਮੁੱਖ ਮੰਤਰੀ ਪੰਜਾਬ, ਪੰਜਾਬ ਦੇ ਉਸ ਵਕਤ ਦੇ ਰਾਜਪਾਲ ਜਨਰਲ ਐਸ. ਐਫ. ਰੌਡਰਿਗਜ਼, ਸ. ਅਵਤਾਰ ਸਿੰਘ ਮੱਕੜ ਜੋ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਨ, ਪ੍ਰੋ. ਕਿਰਪਾਲ ਸਿੰਘ ਬਡੂੰਗਰ ਅਤੇ ਬੀਬੀ ਜਗੀਰ ਕੌਰ, ਸਾਬਕਾ ਪ੍ਰਧਾਨ ਸ਼੍ਰੋਮਣੀ ਕਮੇਟੀ ਦੀ ਮੌਜੂਦਗੀ ਵਿਚ ਆਰੀਆ ਸਮਾਜ ਦੇ ਮੁਖੀ ਸਵਾਮੀ ਅਗਨੀਵੇਸ਼ ਨੇ ਕਿਹਾ ''ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਵਾਸਤੇ ਜਹਾਂਗੀਰ ਦੇ ਹਾਕਮਾਂ ਦੇ ਨਾਲ ਨਾਲ ਗੁਰੂ ਸਾਹਿਬ ਦੇ ਘਰੇਲੂ ਵਿਰੋਧੀ ਵੀ ਜ਼ਿੰਮੇਵਾਰ ਸਨ।'' ਸਵਾਮੀ ਅਗਨੀਵੇਸ਼ ਨੇ ਬੜੀ ਹੁਸ਼ਿਆਰੀ ਨਾਲ ਚੰਦੂ ਮਨੂੰਵਾਦੀ ਨੂੰ ਬਚਾ ਲਿਆ।

ਡਾ. ਕਰਤਾਰ ਸਿੰਘ ਸੂਰੀ ਪੀ. ਐਚ. ਡੀ. ਆਪਣੀ ਪੁਸਤਕ 'ਗੁਰੂ ਅਰਜਨ ਦੇਵ ਕਲਾ ਤੇ ਚਿੰਤਨ' (ਸਫਾ 36-37) ਵਿਚ ਚੰਦੂ ਬਾਰੇ ਲਿਖਦੇ ਹਨ, ਹੁਣ ਚੰਦੂ ਨੂੰ ਬਦਲਾ ਲੈਣ ਦਾ ਅਵਸਰ ਮਿਲ ਗਿਆ। ਮੁਗਲ ਹਕੂਮਤ ਦਾ ਦੀਵਾਨ ਤਾਂ ਉਹ ਹੀ ਹੈ ਜੋ ਹਾਕਮ ਨੂੰ ਕਹਿ ਕੇ ਗੁਰੂ ਸਾਹਿਬ ਨੂੰ ਤਸੀਹੇ ਦੇ ਕੇ ਮਾਰਨ ਦਾ ਨੀਚ ਕੰਮ ਉਸ ਨੇ ਆਪਣੇ ਜ਼ਿੰਮੇ ਲੈ ਲਿਆ। ਚੰਦੂ ਨੇ ਗੁਰੂ ਜੀ ਨੂੰ ਜੇਠ ਦੇ ਮਹੀਨੇ ਦੀ ਸੜਦੀ ਧੁੱਪ ਵਿਚ ਗਰਮ ਪਾਣੀ ਦੀ ਉਬਲਦੀ ਦੇਗ ਵਿਚ ਬਿਠਾਇਆ ਪਰ ਗੁਰੂ ਜੀ ਨੇ ਉਫ਼ ਤੱਕ ਨਾ ਕੀਤੀ ਅਤੇ ਆਪ ਬੜੀ ਸ਼ਾਂਤੀ ਨਾਲ ਇਹ ਸ਼ਬਦ ਉਚਾਰਦੇ ਰਹੇ-

*ਤੇਰਾ ਭਾਣਾ ਮੀਠਾ ਲਾਗੈ।। ਹਰਿਨਾਮ ਪਦਾਰਥ ਨਾਨਕ ਮਾਂਗੈ।।*

ਜਦੋਂ ਚੰਦੂ ਨੇ ਵੇਖਿਆ ਕਿ ਇਤਨਾ ਸਖ਼ਤ ਕਸ਼ਟ ਵੀ ਆਪ ਨੇ ਸਹਾਰ ਲਿਆ ਹੈ ਤਾਂ ਆਪ ਨੂੰ ਗਰਮ ਲੋਹ 'ਤੇ ਬਿਠਾਇਆ ਗਿਆ ਅਤੇ ਸਿਰ ਉੱਤੇ ਗਰਮ ਰੇਤ ਪਾਈ ਗਈ।

ਪੰਜ ਦਿਨ ਗੁਰੂ ਜੀ ਉਪਰ ਚੰਦੂ ਨੇ ਇਹ ਅੱਤਿਆਚਾਰ ਕੀਤਾ ਜਿਸ ਨਾਲ ਮੌਕੇ 'ਤੇ ਮੌਜੂਦ ਪੰਜ ਸਿੱਖ ਭਾਈ ਪਿਰਾਣਾ, ਭਾਈ ਲੰਗਾਹ, ਭਾਈ ਜੇਠਾ, ਭਾਈ ਬਿਧੀਆ ਅਤੇ ਭਾਈ ਪੈੜਾ ਸਣੇ ਸਾਈਂ ਮੀਆਂ ਮੀਰ ਦੀਆਂ ਅੱਖਾਂ ਵਿਚੋਂ ਰਾਵੀ ਦਰਿਆ ਵਹਿ ਤੁਰੇ ਤਾਂ ਗੁਰੂ ਅਰਜਨ ਦੇਵ ਜੀ ਨੇ ਆਖਿਆ:-

*ਨਾ ਕੋਈ ਮੇਰਾ ਦੁਸਮਨ ਰਹਿਆ ਨਾ ਹਮ ਕਿਸੇ ਕੇ ਬੈਰਾਈ। (ਰਾਗ ਧਨਾਸਰੀ)*

ਉਪਰੋਕਤ ਸੈਮੀਨਰ ਵਿਚ ਖੋਜੀ ਲੇਖਕਾਂ ਪ੍ਰੋ. ਨੇ ਆਪਣੇ ਖੋਜ ਪੱਤਰਾਂ ਵਿਚ ਹਿੰਦੂ ਕੱਟੜਵਾਦ ਦੀ ਖੂਬ ਨੁਕਤਾਚੀਨੀ ਕੀਤੀ ਤਾਂ ਆਰੀਆ ਸਮਾਜੀ ਸਵਾਮੀ ਅਗਨੀਵੇਸ਼ ਨੂੰ ਕਹਿਣਾ ਪਿਆ ਕਿ 'ਆਰੀਆ ਸਮਾਜ ਦਾ ਮੁਖੀ ਹੋਣ ਦੇ ਨਾਤੇ ਉਹ ਵਾਅਦਾ ਕਰਦੇ ਹਨ ਕਿ ਛੇਤੀ ਹੀ ਸਤਿਆਰਥ ਪ੍ਰਕਾਸ਼ ਗ੍ਰੰਥ ਦੁਬਾਰਾ ਛਾਪਿਆ ਜਾਵੇਗਾ।'।

**ਯਾਦ ਰਹੇ ਕਿ ਸਵਾਮੀ ਦਇਆ ਨੰਦ ਲਿਖਤ ਸਤਿਆਰਥ ਪ੍ਰਕਾਸ਼ ਵਿਚ ਗੁਰੂ ਨਾਨਕ, ਗੁਰੂ ਕਬੀਰ, ਗੁਰੂ ਦਾਦੂ ਦਿਆਲ, ਇਸਾਈਆਂ, ਮੁਸਲਮਾਨਾਂ, ਸਿੱਖਾਂ, ਬੋਧੀਆਂ, ਜੈਨੀਆਂ ਖ਼ਿਲਾਫ਼ ਖੂਬ ਜ਼ਹਿਰ ਉਗਲਿਆ ਹੈ। ਯਾਦ ਰਹੇ ਕਿ ਪ੍ਰੋ. ਦਿੱਤ ਰਾਮ ਉਰਫ ਗਿਆਨੀ ਦਿੱਤ ਸਿੰਘ (1850-1901) ਨੇ ਸਵਾਮੀ ਦਇਆ ਨੰਦ ਨੂੰ ਤਿੰਨ ਬਹਿਸਾਂ ਵਿਚ ਲਾਹੌਰ ਵਿਖੇ ਹਰਾਇਆ ਸੀ ਅਤੇ 'ਸਤਿਆਰਥ ਪ੍ਰਕਾਸ਼' ਦੰਭ ਵਿਕਾਰਣ ਪੁਸਤਕ ਵਿਚ ਸਤਿਆਰਥ ਪ੍ਰਕਾਸ਼ ਦਾ ਜਵਾਬ ਦਿੱਤਾ ਜਿਸ ਨੂੰ ਅਜੇ ਤੱਕ ਸ਼੍ਰੋਮਣੀ ਕਮੇਟੀ ਜਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਨਹੀਂ ਛਾਪਿਆ। ਸਤਿਆਰਥ ਪ੍ਰਕਾਸ਼ ਵਿਚ 150 ਵੇਰਾਂ ਮਨੂੰ ਸਮ੍ਰਿਤੀ ਦੇ ਹਵਾਲੇ ਹਨ। ਸਵਾਮੀ ਦਇਆ ਨੰਦ ਨੇ 'ਵੇਦਾਂ ਵੱਲ ਮੁੜੋ' ਦਾ ਨਾਅਰਾ ਦਿੱਤਾ। ਜਿਹੜੇ ਵੇਦ ਪੜ੍ਹਨ ਸੁਣਨ ਤੇ ਸ਼ੂਦਰ ਨੂੰ ਮੌਤ ਦੀ ਸਜ਼ਾ ਸੀ।**

ਆਰੀਆ ਸਮਾਜੀ, ਸਨਾਤਨ ਧਰਮੀ ਅਤੇ ਆਰ. ਐਸ. ਐਸ. ਇਕੋ ਮਾਨਸਿਕਤਾ ਦੇ ਵੱਖੋ-ਵੱਖਰੇ ਨਾਮ ਹਨ। ਕੁਝ ਸਾਲ ਪਹਿਲਾਂ ਕੁਰੂਕਸ਼ੇਤਰ ਯੂਨੀਵਰਸਿਟੀ ਵਿਚ ਆਰ. ਐਸ. ਐਸ. ਨੇ ਇਕ ਸੈਮੀਨਾਰ ਵਿਚ ਆਪਣੇ ਪੰਜ ਦੁਸ਼ਮਣ ਐਲਾਨੇ ਸਨ। ਔਰਤਵਾਦੀ, ਕਮਿਊਨਿਸਟ, ਧਾਰਮਿਕ ਘੱਟ ਗਿਣਤੀਆਂ (ਸਿੱਖ, ਮੁਸਲਮਾਨ, ਬੋਧੀ, ਇਸਾਈ, ਜੈਨੀ, ਪਾਰਸੀ), ਸ਼ੂਦਰ (ਅਨੁਸੂਚਿਤ ਜਾਤੀਆਂ/ ਜਨ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਜੱਟ), ਧਰਮ ਨਿਰਪੱਖ ਰਾਜਸੀ ਪਰਟੀਆਂ। ਇਹਨਾਂ ਵਰਗਾਂ ਨੂੰ ਆਪਣਾ ਘੱਟੋ-ਘੱਟ ਸਾਂਝਾ ਪ੍ਰੋਗਰਾਮ ਬਣਾ ਕੇ ਆਜ਼ਾਦੀ, ਬਰਾਬਰੀ, ਭਾਈਚਰੇ ਅਤੇ ਨਿਆਂ 'ਤੇ ਆਧਾਰਿਤ ਗੁਰੂ ਅਰਜਨ ਦੇਵ ਜੀ ਦਾ ਹਲੀਮੀ ਰਾਜ ਅਤੇ ਗੁਰੂ ਰਵਿਦਾਸ ਜੀ ਦਾ ਬੇਗਮਪੁਰਾ ਸਥਾਪਤ ਕਰਨਾ ਚਾਹੀਦਾ ਹੈ।

ਅੰਤ ਵਿਚ ਮੈਂ ਆਪਣੀ ਗੱਲ ਨੂੰ ਇਸ ਤਰ੍ਹਾਂ ਕਹਿਣਾ ਚਾਹਾਂਗਾ- ਇਕ ਆਦਮੀ ਤਿੰਨ ਤਰ੍ਹਾਂ ਦੀਆਂ ਸ਼ੀਸ਼ੇ ਦੀਆਂ ਮੂਰਤੀਆਂ ਵੇਚ ਰਿਹਾ ਸੀ। ਇਨ੍ਹਾਂ ਮੂਰਤੀਆਂ ਦੀ ਪਾਰਦਰਸ਼ਤਾ ਕਾਰਨ ਸਰੀਰ ਦੇ ਸਾਰੇ ਅੰਦਰੂਨੀ ਅੰਗ ਜਿਵੇਂ ਦਿਲ, ਦਿਮਾਗ, ਫੇਫੜੇ, ਗੁਰਦੇ ਆਦਿ ਦਿਖਾਈ ਦਿੰਦੇ ਸਨ। ਤਿੰਨਾਂ 'ਚੋਂ ਪਹਿਲੀ ਦੀ ਕੀਮਤ ਇਕ ਹਜ਼ਾਰ ਡਾਲਰ ਸੀ, ਦੂਜੀ ਦੀ ਦਸ ਹਜ਼ਾਰ ਡਾਲਰ ਤੇ ਤੀਜੀ ਦੀ ਇਕ ਲੱਖ ਡਾਲਰ ਕੀਮਤ ਸੀ। ਇਕ ਵਿਅਕਤੀ ਨੇ ਇਨ੍ਹਾਂ ਦੀ ਕੀਮਤ ਵਿਚ ਇੰਨੇ ਫਰਕ ਬਾਰੇ ਸਵਾਲ ਕੀਤਾ ਕਿ ਇਹ ਦੇਖਣ ਨੂੰ ਅਤੇ ਮਟੀਰੀਅਲ ਵੀ ਇਕੋ ਜਿਹਾ ਹੈ ਪਰ ਕੀਮਤ ਵਿਚ ਫਰਕ ਕਿਉਂ ਹੈ?

ਉਸ ਦੁਕਾਨਦਾਰ ਨੇ ਇਕ ਹਜ਼ਾਰ ਡਾਲਰ ਵਾਲੀ ਮੂਰਤੀ ਦੇ ਕੰਨ ਵਿਚ ਸੂਈ ਪਾਈ ਜੋ ਤੁਰੰਤ ਦੂਜੇ ਕੰਨ ਰਾਹੀਂ ਬਾਹਰ ਆ ਗਈ। ਦੁਕਾਨਦਾਰ ਨੇ ਕਿਹਾ ਕਿ ਇਹ ਮੂਰਤੀ ਉਸ ਵਿਅਕਤੀ ਵਾਂਗ ਹੈ ਜੋ ਕੋਈ ਗੱਲ ਇਕ ਕੰਨ ਨਾਲ ਸੁਣਦਾ ਹੈ ਅਤੇ ਦੂਜੇ ਕੰਨ ਰਾਹੀਂ ਕੱਢ ਦਿੰਦਾ ਹੈ। ਦੂਜੀ ਦਸ ਹਜ਼ਾਰ ਡਾਲਰ ਵਾਲੀ ਮੂਰਤੀ ਦੇ ਕੰਨ ਵਿਚ ਸੂਈ ਪਾਈ ਤਾਂ ਗਾਹਕ ਨੇ ਵੇਖਿਆ ਕਿ ਇਸ ਵਾਰ ਸੂਈ ਦੂਜੇ ਕੰਨ ਰਾਹੀਂ ਨਾ ਨਿਕਲ ਕੇ ਸਰੀਰ ਦੇ ਸਾਰੇ ਹਿੱਸੇ ਵਿਚ ਗਈ ਪਰ ਦਿਮਾਗ ਵੱਲ ਨਾ ਜਾ ਕੇ ਮੂੰਹ ਰਾਹੀਂ ਨਿਕਲ ਗਈ। ਉਸ ਨੇ ਦੱਸਿਆ ਕਿ ਇਹ ਮੂਰਤੀ ਉਸ ਵਿਅਕਤੀ ਵਰਗੀ ਹੈ ਜੋ ਗੱਲ ਨੂੰ ਧਿਆਨ ਨਾਲ ਸੁਣਦਾ ਤਾਂ ਹੈ ਪਰ ਵਿਚਾਰਦਾ ਨਹੀਂ।

ਜਦੋਂ ਤੀਜੀ ਮੂਰਤੀ ਦੇ ਕੰਨ ਵਿਚ ਸੂਈ ਪਾਈ ਤਾਂ ਸਾਰੇ ਸਰੀਰ ਵਿਚ ਜਾ ਕੇ ਫਿਰ ਦਿਮਾਗ ਵਿਚ ਕੁਝ ਸਮਾਂ ਠਹਿਰ ਕੇ ਫਿਰ ਮੂੰਹ ਰਾਹੀਂ ਨਿਕਲ ਗਈ ਤਾਂ ਉਸ ਨੇ ਕਿਹਾ ਕਿ ਇਹ ਮੂਰਤੀ ਉਸ ਸੂਝਵਾਨ ਵਿਅਕਤੀ ਵਾਂਗ ਹੈ ਜੋ ਕਿਸੇ ਗੱਲ ਨੂੰ ਧਿਆਨ ਨਾਲ ਸੁਣ ਕੇ ਉਸ ਉਪਰ ਖੂਬ ਵਿਚਾਰ ਕੇ ਬੋਲਦਾ ਹੈ।

ਪਰ ਸਾਡੇ ਗੁਰੂਆਂ ਨੇ ਉਪਦੇਸ਼ ਹੀ ਨਹੀਂ ਦਿੱਤਾ। ਉਨ੍ਹਾਂ ਉਪਦੇਸ਼ਾਂ ਨੂੰ ਅਮਲੀ ਜਾਮਾ ਪਾਉਣ ਲਈ ਸਖ਼ਤ ਘਾਲਣਾ ਵੀ ਕੀਤੀ। ਆਪਣੇ ਅਤੇ ਆਪਣੇ ਗੁਰਸਿੱਖਾਂ ਦੇ ਸਰਬੰਸ ਤੱਕ ਵਾਰ ਦਿੱਤੇ। ਅੱਜ ਅਸੀਂ ਗੁਰੂ ਅਰਜਨ ਦੇਵ ਜੀ ਦੇ ਜੀਵਨ ਅਤੇ ਸ਼ਹੀਦੀ ਨੂੰ ਘੋਖਣਾ/ਵਿਚਾਰਨਾ ਹੈ ਅਤੇ ਉਸ ਤੋਂ ਨਿਕਲੇ ਸਿੱਟਿਆਂ ਨੂੰ ਸੋਚ ਸਮਝ ਕੇ ਜੀਵਨ ਵਿਚ ਢਾਲਣੇ ਹਨ। ਅੱਜ ਜੋ ਸਾਡੇ ਗੁਰੂਆਂ ਦੇ ਜੀਵਨ ਉਪਦੇਸ਼ਾਂ ਤੇ ਪਹਿਰਾ ਦੇ ਰਹੇ ਹਨ, ਉਹਨਾਂ ਵਿਅਕਤੀਆਂ ਨੂੰ ਤਨ, ਮਨ ਅਤੇ ਧਨ ਨਾਲ ਸਹਿਯੋਗ ਦੇਣਾ ਹੈ।

**-ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ 'ਦੇਸ਼ ਦੁਆਬਾ')**



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸੰਤ ਸਰਵਣ ਦਾਸ ਚੈਰੀਟੇਬਲ ਟਰੱਸਟ ਕਨੇਡਾ ਵੈਨਕੂਵਰ ਨੇ ਮਨਾਇਆ ਬਾਬਾ ਸਾਹਿਬ ਅੰਬੇਡਕਰ ਜੀ ਅਤੇ ਸਾਹਿਬ ਸ੍ਰੀ ਕਾਂਸੀ ਰਾਮ ਜੀ ਦਾ ਜਨਮ ਦਿਹਾੜਾ

**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)–** ਸੰਤ ਸਰਵਣ ਦਾਸ ਚੈਰੀਟੇਬਲ ਟਰੱਸਟ ਵੈਨਕੂਵਰ ਕਨੇਡਾ ਵਲੋਂ ਭਾਰਤੀ ਸੰਵਿਧਾਨ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ. ਬੀ ਆਰ ਅੰਬੇਡਕਰ ਜੀ ਦਾ ਅਤੇ ਬਹੁਜਨਾਂ ਦੇ ਨਾਇਕ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਜਨਮ ਦਿਨ ਲਵਲੀ ਬੈਂਕੁੰਟ ਹਾਲ ਸਰੀ ਵਿਖੇ ਅੰਮ੍ਰਿਤ ਬਾਣੀ ਸਤਿਗੁਰੂ ਰਵਿਦਾਸ ਜੀ ਦੀ ਸਰਪ੍ਰਸਤੀ ਹੇਠ ਇਕ ਸਮਾਗਮ ਰਚਾ ਕੇ ਮਨਾਇਆ ਗਿਆ। ਸ੍ਰੀਮਾਨ ਸੰਤ ਨਿਰੰਜਨ ਦਾਸ ਜੀ ਮਹਾਰਾਜ ਡੇਰਾ ਸੱਚਖੰਡ ਬੱਲਾਂ ਦੇ ਗੱਦੀ ਨਸ਼ੀਨ ਜੀ ਨੇ ਇਸ ਸਮਾਗਮ ਦੀਆਂ ਸੰਗਤਾਂ ਨੂੰ ਆਪਣਾ ਆਸ਼ੀਰਵਾਦ ਭੇਜਿਆ। ਇਸ ਮੌਕੇ ਪਹਿਲਾਂ ਸ੍ਰੀ ਅੰਮ੍ਰਿਤਬਾਣੀ ਦੇ ਜਾਪ ਕੀਤੇ ਗਏ। ਸ੍ਰੀ ਸੁਖਦੇਵ ਬੰਗੜ ਅਤੇ ਰਾਕੇਸ਼ ਵਿਰਦੀ ਵਲੋਂ ਪਾਠ ਦੀ ਸੇਵਾ ਨਿਭਾਈ ਗਈ। ਇਸ ਮੌਕੇ ਭਾਈ ਮਦਨ ਕਮਾਲਪੁਰੀ ਅਤੇ ਪੰਮਾ ਸੁੰਨੜ ਵਲੋਂ ਸ਼ਬਦ ਰਚਨਾਵਾਂ ਗਾਈਆਂ ਗਈਆਂ। ਸਮਾਗਮ ਵਿੱਚ ਮੁੱਖ ਬੁਲਾਰੇ ਵਜੋਂ ਸ੍ਰੀਮਾਨ ਮਲੂਕ



ਚੰਦ ਕਲੇਰ, ਰਸ਼ਪਾਲ ਸਿੰਘ ਭਾਰਦਵਾਜ, ਰੂਪ ਲਾਲ ਗੱਡੂ ਅਤੇ ਸੁਰਿੰਦਰ ਸੰਧੂ ਹੁਸ਼ਿਆਰਪੁਰ ਨੇ ਵਿਸ਼ੇਸ਼ ਤੌਰ ਤੇ ਆਪਣੇ ਰਹਿਬਰਾਂ ਭਾਰਤ ਰਤਨ ਬਾਬਾ ਸਾਹਿਬ ਡਾ. ਬੀ ਆਰ ਅੰਬੇਡਕਰ ਜੀ ਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਜੀਵਨ ਤੇ ਉਨਾਂ ਵਲੋਂ ਚਲਾਏ ਮਿਸ਼ਨ ਦੀਆਂ ਅਹਿਮ ਵਿਚਾਰਾਂ ਹਾਜ਼ਰੀਨ ਵਿੱਚ ਰੱਖੀਆਂ ਗਈਆਂ। ਸਭਾ ਦੇ ਬੁਲਾਰੇ ਸ੍ਰੀਮਾਨ ਵਰਿੰਦਰ ਬੰਗੜ ਨੇ ਸਾਰੀ ਸੰਗਤ ਦਾ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਸੇਵਾ ਸ੍ਰੀਮਾਨ ਗੋਪਾਲ ਲੋਹੀਆ ਨੇ ਨਿਭਾਈ। ਅੰਤ ਵਿੱਚ ਸਾਰੀ ਸੰਗਤ ਅਤੇ ਵਲੰਟੀਅਰ ਸਾਥੀਆਂ ਤੋਂ ਇਲਾਵਾ ਲਵਲੀ ਬੈਂਕੁੰਟ ਹਾਲ ਦੀ ਮੈਨੇਜਮੈਂਟ ਟੀਮ ਦਾ ਟਰੱਸਟ ਵਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਲੰਗਰ ਦੀ ਸੇਵਾ ਸਵ। ਸ੍ਰੀ ਰਾਮ ਪ੍ਰਕਾਸ਼ ਝਿੰਮ ਅਤੇ ਮਾਤਾ ਜੀ ਹਰਬੰਸ ਕੌਰ ਜੀ ਦੇ ਪਰਿਵਾਰ ਪੁੱਤਰ ਸ੍ਰੀ ਮਦਨ ਝਿੰਮ ਅਤੇ ਸ੍ਰੀਮਤੀ ਪੂਨਮ ਝਿੰਮ ਅਤੇ ਫੈਮਲੀ ਵਲੋਂ ਕੀਤੀ ਗਈ।

# ਲੋਕ ਕਵੀ ਗੁਰਦਾਸ ਰਾਮ ਆਲਮ ਸਾਹਿਤ ਸਭਾ ਕਨੇਡਾ ਵਲੋਂ 10ਵਾਂ ਛਿਮਾਹੀ ਸਾਹਿਤਕ ਸੰਮੇਲਨ ਯਾਦਗਾਰੀ ਹੋ ਨਿਬੜਿਆ

**ਸਰੀ /ਵੈਨਕੂਵਰ (ਕੁਲਦੀਪ ਚੁੰਬਰ)–**'ਦਿੱਲੀ ਦੱਖਣ ਤੀਕ ਗਜ਼ਲ ਦੀ ਲੋਅ ਪਹੁੰਚੀ,
ਕਿਸ ਨੇ ਜੋਤ ਜਗਾਈ ਸ਼ਹਿਰ ਜਲੰਧਰ ਵਿੱਚ' ।
'ਲੰਮੇ ਪਿੰਡ ਕੱਚਾ ਘਰ ਹੈ ਉਲਫ਼ਤ ਦਾ ,
ਯਾਰ ਨੇ ਕੋਠੀ ਪਾਈ ਸ਼ਹਿਰ ਜਲੰਧਰ ਵਿੱਚ '।

ਲੋਕ ਕਵੀ ਗੁਰਦਾਸ ਰਾਮ ਆਲਮ ਸਾਹਿਤ ਸਭਾ ਕਨੇਡਾ ਵਲੋਂ ਸਧਾਰਨ ਲੋਕਾਂ ਦਾ ਮਹਾਨ ਕਵੀ ਗੁਰਦਾਸ ਰਾਮ ਆਲਮ ਦੀ ਨਿੱਘੀ ਯਾਦ ਵਿੱਚ ਅਤੇ ਉਸਤਾਦ ਗਜ਼ਲਗੋ ਉਲਫ਼ਤ ਬਾਜਵਾ ਨੂੰ ਸਮਰਪਣ ਹੁੰਦਾ ਸਮਾਜਿਕ ਸੰਮੇਲਨ 7050 ਇੰਡੋ ਕਨੇਡੀਅਨ ਸੀਨੀਅਰਜ ਸੈਂਟਰ ਸਰੀ ਡੈਲਟਾ ਵਿਖੇ 18 ਮਈ 2025 ਦਿਨ ਐਤਵਾਰ ਨੂੰ ਕਰਾਇਆ ਗਿਆ। ਸਭ ਤੋਂ ਪਹਿਲਾਂ ਸਾਲ 2025 ਵਿੱਚ ਵਿਛੜ ਗਏ ਸਾਡੇ ਲੇਖਕ ਚਿੱਤਰਕਾਰ ਅਤੇ ਸਾਹਿਤਕਾਰ ਜੋ ਸਾਡੇ ਵਿੱਚ ਨਹੀਂ ਰਹੇ, ਪਰ ਸਾਡੀਆਂ ਯਾਦਾਂ ਵਿੱਚ ਜ਼ਰੂਰ ਰਹਿਣਗੇ, ਉਹਨਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ । ਸ਼ਾਮਿਲ ਸਾਹਿਤ ਪ੍ਰੇਮੀਆਂ ਨੂੰ ਭੁਪਿੰਦਰ ਸਿੰਘ ਮੱਲੀ ਨੇ ਜੀ ਆਇਆਂ ਕਿਹਾ । ਤੇਜਬੀਰ ਸਿੰਘ ਸੰਧੂ (ਤੇਜਬੀਰ ਟਾਕ ਚੈਨਲ) ਨੇ ਵਿਗਿਆਨ ਅਤੇ ਸਾਹਿਤ ਬਾਰੇ ਜਾਣਕਾਰੀ ਸਾਂਝੀ ਕੀਤੀ। ਟੀ ਵੀ ਹੋਸਟ ਮਨਮੋਹਣ ਸਿੰਘ ਸਮਰਾ ਨੇ ਕਿਰਤੀਆਂ ਦੀ ਸਖ਼ਤ ਮਿਹਨਤ ਬਾਰੇ ਚਾਨਣਾ ਪਾਇਆ। ਉਥੇ ਸਿੱਖਿਆ ਸ਼ਾਸਤਰੀ ਪ੍ਰਿੰਸੀਪਲ ਕਸ਼ਮੀਰਾ ਸਿੰਘ ਨੇ ਹਰੇਕ ਮਨੁੱਖ ਦੀ ਅਹਿਮੀਅਤ ਉੱਪਰ ਜ਼ੋਰ ਦਿੱਤਾ। ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੇ ਗੁਰਦਾਸ ਰਾਮ ਆਲਮ ਅਤੇ ਉਲਫ਼ਤ ਬਾਜਵਾ ਦੀਆਂ ਆਪਸੀ ਸਾਹਿਤਕ ਮਿਲਣੀਆਂ ਬਾਰੇ ਸਰੋਤਿਆਂ ਨਾਲ ਸਾਂਝ ਪਾਈ ਅਤੇ ਦੋਨਾਂ ਮਹਾਨ ਕਵੀਆਂ ਦੀਆਂ ਕਵਿਤਾਵਾਂ ਦੀ ਅੱਜ ਦੇ ਸਮੇਂ ਵਿੱਚ ਵੀ ਮਹਾਨਤਾ ਬਾਰੇ ਜ਼ੋਰ ਦਿੱਤਾ। ਹਰਚੰਦ ਸਿੰਘ ਗਿੱਲ ਨੇ ਉਲਫ਼ਤ ਬਾਜਵਾ ਦੀ ਗ਼ਜ਼ਲ ਪੱਤਝੜ ਦੇ ਨਾਲ ਸੁਣਾਈ। ਮਨਜੀਤ ਸਿੰਘ ਮੱਲਾਂ ਨੇ ਆਲਮ ਦੀ ਕਵਿਤਾ ਹੀਰੇ ਉਦੋਂ ਮੈਂ ਡਰਦਾ ਸਾਂ ਸੁਰੀਲੀ ਆਵਾਜ਼ ਵਿੱਚ ਸੁਣਾਈ। ਆਲਮ ਦੀ ਕਵਿਤਾ ਮਹਾਨ ਰਾਜਾ ਦਲੀਪ ਸਿੰਘ ਦੀਆਂ ਦਿੱਤੀਆਂ ਚਿੱਠੀਆਂ ਸੁਰਜੀਤ ਸਿੰਘ ਗਿੱਲ ਨੇ ਸੁਣਾਈ । ਦਵਿੰਦਰ ਕੌਰ ਜੌਹਲ ਨੇ ਆਲਮ ਦੀ ਕਵਿਤਾ ਸੱਜਣਾ ਦੇ ਪਿੰਡ ਸੁਣਾਈ । ਗੁਰਬਚਨ ਸਿੰਘ ਬਰਾੜ ਨੇ ਆਲਮ ਦੀ ਕਵਿਤਾ ਲਲਾਰੀ ਨੂੰ ਸੁਣਾਇਆ। ਗੁਰਮੀਤ ਸਿੰਘ ਕਾਲਕਟ ਨੇ ਆਲਮ ਦੀ ਕਵਿਤਾ ਮਾਹੀ ਮੇਰਾ ਕਾਲੇ ਰੰਗ ਦਾ ਸੁਣਾਈ। ਕੈਪਟਨ ਜੀਤ ਮਹਿਰਾ ਨੇ ਆਲਮ ਦੀ ਕਵਿਤਾ ਉਲ੍ਹਾਮਾ ਸੁਣਾਈ। ਸਰੰਗੀ ਵਾਦਕ ਚਮਕੌਰ ਸਿੰਘ ਸੇਖੋਂ ਨੇ ਆਲਮ ਦੇ ਸਮੁੱਚੇ ਜੀਵਨ ਨੂੰ ਕਾਵ ਰੂਪ ਵਿੱਚ ਰੰਗਿਆ। ਮੰਚ ਦਾ ਸੰਚਾਲਨ ਪ੍ਰਿੰਸੀਪਲ ਮਲੂਕ ਚੰਦ ਕਲੇਰ ਨੇ ਜਿੰਮੇਵਾਰੀ ਨਾਲ ਨਿਭਾਇਆ। ਪ੍ਰਧਾਨ ਸੀਨੀਅਰਜ ਸੈਂਟਰ ਅਵਤਾਰ ਸਿੰਘ ਢਿੱਲੋਂ ਨੇ ਸਭਨਾਂ ਦਾ ਧੰਨਵਾਦ ਕੀਤਾ। ਗੁਰਮੀਤ ਸਿੰਘ ਸੇਖੋਂ, ਪ੍ਰਿੰਸੀਪਲ ਮੇਜਰ ਸਿੰਘ ਜੱਸੀ, ਪ੍ਰੋਫੈਸਰ ਕਸ਼ਮੀਰ ਸਿੰਘ, ਮਹਿੰਦਰ ਸੰਧੂ ਮਹੇੜੂ, ਪਰਮਿੰਦਰ ਕੌਰ, ਰਮਨੀ ਕਲੇਰ, ਕਮਰਨ, ਤੇਜਬੀਰ ਸਿੰਘ ਚੌਹਾਨ, ਅਵਤਾਰ ਸਿੰਘ ਜਸਵਾਲ, ਭਜਨ ਸਿੰਘ, ਸੁਸ਼ੀਲ ਚੌਧਰੀ, ਸਰਬਜੀਤ ਸਿੰਘ, ਗੁਰਦਿਆਲ ਸਿੰਘ ਜੌਹਲ, ਲੈਹਿਬਰ ਸਿੰਘ ਕੰਦੋਲਾ, ਸਵਰਨ ਸਿੰਘ ਚਾਹਲ, ਪਰਮਜੀਤ ਸਿੰਘ ਬਾਸੀ, ਦਿਲਬਾਗ ਸਿੰਘ ਬਾਸੀ, ਦਲਜੀਤ ਸਿੰਘ, ਸੁਰਿੰਦਰ ਸਿੰਘ ਸੰਧੂ, ਬਰਿੰਦਰ ਬੰਗੜ, ਸੀਤਾ ਰਾਮ ਅਹੀਰ ਆਦਿ ਸਰੋਤੇ ਸ਼ਾਮਿਲ ਹੋਏ। ਇਸ ਸਾਹਿਤਕ ਸੰਮੇਲਨ ਦਾ ਸਿੱਧਾ ਪ੍ਰਸਾਰਨ ਤੇਜਬੀਰ ਟਾਕ ਚੈਨਲ ਨੇ ਕੀਤਾ। ਪ੍ਰੋਗਰਾਮ ਦੀ ਕਵਰੇਜ ਸਿੱਧੀ ਗੱਲ ਚੈਨਲ ਦੁਆਰਾ ਨਿਰੰਜਨ ਸਿੰਘ ਲੇਹਲ ਨੇ ਕੀਤੀ। ਸਾਰਿਆਂ ਦੀ ਪ੍ਰਾਹੁਣਾਚਾਰੀ ਵੀ ਕੀਤੀ ਗਈ। ਇਹ ਸਾਹਿਤਕ ਸੰਮੇਲਨ ਬਹੁਤ ਹੀ ਸਾਦਾ ਪਰ ਪ੍ਰਭਾਵਸ਼ਾਲੀ ਹੋ ਨਿਬੜਿਆ।



HAPPY BAZAAR
Indian, Pakistani & Fijjian Groceries
WE ARE OPEN
7 DAYS A WEEK
9:00 am to 8:30 pm
RENT DVDS & BUY CLOTHES
ENJOY YOUR DAY WITH HOPES
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ
CALL US
Ph: (209) 478-0285
Fax: (209) 477-3206
EVERY SATURDAY & SUNDAY
SPECIAL DISCOUNT ON GROCERIES
1304 E Hammer Lane # 7 Stockton CA 95212
EMAIL : indiabazaar08@yahoo.com

## Matrimonial

USA born boy Doctor DPT (Doctor of physio therapist) born 1993, About 6 ft tall very handsome Looking for suitable match no smoking no drinking.

**Contact- 559 709 8838**


# ਅਧਿਆਪਕਾਂ ਦੇ ਵੱਖ-ਵੱਖ ਕਾਡਰਾਂ ਦੀਆਂ ਤਰੱਕੀਆਂ ਕਰੇ ਸਿੱਖਿਆ ਵਿਭਾਗ: ਡੀ ਟੀ ਐੱਫ ਪੰਜਾਬ

**ਚੰਡੀਗੜ੍ਹ, (ਦਲਜੀਤ ਕੌਰ)** ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਵੱਲੋਂ ਸਿੱਖਿਆ ਵਿਭਾਗ ਪਾਸੋਂ ਵਾਰ ਵਾਰ ਅਧਿਆਪਕਾਂ ਵੱਖ ਵੱਖ ਕਾਡਰਾਂ ਤੋਂ ਅਗਲੇ ਕਾਡਰ ਦੀਆਂ ਤਰੱਕੀਆਂ ਦੇਣ ਦੇ ਹੁਕਮ ਜਾਰੀ ਕਰਵਾਏ। ਉਨ੍ਹਾਂ ਪੈਂਡਿੰਗ ਹਨ ਜਿੰਨ੍ਹਾਂ ਸਬੰਧੀ ਵਿਭਾਗ ਵੱਲੋਂ ਹਾਲੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ। ਤਰੱਕੀਆਂ ਨੂੰ



ਵੱਖ ਵੱਖ ਕਾਡਰਾਂ ਤਰੱਕੀਆਂ ਦੀ ਮੰਗ ਕੀਤੇ ਜਾਣ 'ਤੇ ਭਾਵੇਂ ਕੁਝ ਵਿਸ਼ਿਆਂ ਦੀਆਂ ਲੈਕਚਰਾਰਾਂ ਦੀਆਂ ਤਰੱਕੀਆਂ ਲਈ ਕੇਸ ਮੰਗੇ ਗਏ ਹਨ ਪਰ ਹਾਲੇ ਵੀ ਅਹਿਮ ਵਿਸ਼ਿਆਂ ਦੇ ਲੈਕਚਰਾਰਾਂ ਅਤੇ ਹੋਰ ਕਾਡਰਾਂ (ਪ੍ਰਾਇਮਰੀ ਕਾਡਰ ਤੋਂ ਮਾਸਟਰ ਕਾਡਰ, ਸੀ ਐਂਡ ਵੀ ਤੋਂ ਮਾਸਟਰ ਕਾਡਰ, ਨਾਨ ਟੀਚਿੰਗ ਤੋਂ ਮਾਸਟਰ ਕਾਡਰ, ਅਦਰ ਕੈਟਾਗਰੀ ਟੀਚਰਜ਼ ਤੋਂ ਮਾਸਟਰ ਕਾਡਰ, ਮਾਸਟਰ ਕਾਡਰ ਤੋਂ ਹੈਡ ਮਾਸਟਰ, ਲੈਕਚਰਾਰ ਕਾਡਰ ਤੋਂ ਪ੍ਰਿੰਸੀਪਲ, ਹੈਡ ਮਾਸਟਰ ਕਾਡਰ ਤੋਂ ਪ੍ਰਿੰਸੀਪਲ ਆਦਿ) ਦੀਆਂ ਤਰੱਕੀਆਂ ਹਾਲੇ ਬਾਕੀ ਰਹਿੰਦੀਆਂ ਹਨ। ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ, ਵਿੱਤ ਸਕੱਤਰ ਅਸ਼ਵਨੀ ਅਵਸਥੀ ਅਤੇ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ ਨੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਸਿੱਖਿਆ ਵਿਭਾਗ ਪੰਜਾਬ ਨੂੰ ਨਿਰਦੇਸ਼ ਦੇ ਕੇ ਕਿਹਾ ਕਿ ਸਿੱਖਿਆ ਵਿਭਾਗ ਪੰਜਾਬ ਕੋਲ ਸਾਰਾ ਡਾਟਾ ਉਪਲਬਧ ਹੋਣ ਦੇ ਬਾਵਜੂਦ ਅਧਿਆਪਕਾਂ ਨੂੰ ਲੈਕਚਰਾਰ ਦੀ ਤਰੱਕੀ ਲਈ ਮੁਖ ਦਫ਼ਤਰ ਵਿਖੇ ਸੱਦਣਾ ਵੀ ਗੈਰ ਵਾਜ਼ਬ ਹੈ। ਬਦਲਾਅ ਵਾਲੀ ਸਰਕਾਰ ਦੇ ਰਾਜ ਵਿੱਚ ਭਾਵੇਂ ਤਰੱਕੀਆਂ ਉਡੀਕਦੇ ਉਡੀਕਦੇ ਅਨੇਕਾਂ ਅਧਿਆਪਕ ਰਿਟਾਇਰ ਹੋ ਚੁੱਕੇ ਹਨ ਪਰ ਫਿਰ ਵੀ ਜਿਹੜੇ ਅਧਿਆਪਕਾਂ ਦਾ ਤਰੱਕੀਆਂ ਲਈ ਹੱਕ ਬਣਦਾ ਹੈ ਵਿਭਾਗ ਉਹਨਾਂ ਅਧਿਆਪਕਾਂ ਨੂੰ ਤਰੱਕੀਆਂ ਨਾਲ ਨਿਵਾਜੇ। ਇਸ ਸਬੰਧੀ ਵਿਸਤ੍ਰਤ ਜਾਣਕਾਰੀ ਦਿੰਦਿਆਂ ਆਗੂਆਂ ਨੇ ਦੱਸਿਆ ਕਿ ਪਿਛਲੇ ਲੰਬੇ ਸਮੇਂ ਤੋਂ ਪ੍ਰਾਇਮਰੀ ਕਾਡਰ ਤੋਂ ਮਾਸਟਰ ਕਾਡਰ, ਸੀ ਐਂਡ ਵੀ ਤੋਂ ਮਾਸਟਰ ਕਾਡਰ, ਨਾਨ ਟੀਚਿੰਗ ਤੋਂ ਮਾਸਟਰ ਕਾਡਰ, ਅਦਰ ਕੈਟਾਗਰੀ ਟੀਚਰਜ਼ ਤੋਂ ਮਾਸਟਰ ਕਾਡਰ, ਮਾਸਟਰ ਕਾਡਰ ਤੋਂ ਹੈਡ ਮਾਸਟਰ, ਮਾਸਟਰ ਕਾਡਰ ਤੋਂ ਲੈਕਚਰਾਰ ਕਾਡਰ, ਹੈਡ ਮਾਸਟਰ ਅਤੇ ਲੈਕਚਰਾਰ ਕਾਡਰ ਤੋਂ ਪ੍ਰਿੰਸੀਪਲ ਦੀਆਂ ਤਰੱਕੀਆਂ ਵੀ ਉਡੀਕਦੇ ਉਡੀਕਦੇ ਅਧਿਆਪਕ ਆਪਣੇ ਮਨ ਦੇ ਚਾਅ ਮਨ ਵਿੱਚ ਲੈ ਕੇ ਹੀ ਲਗਾਤਾਰ ਰਿਟਾਇਰ ਹੋ ਰਹੇ ਹਨ ਅਤੇ ਤਰੱਕੀਆਂ ਨਾ ਹੋਣ ਕਾਰਨ ਮਾਨਸਿਕ ਪ੍ਰੇਸ਼ਾਨੀ ਦੇ ਦੌਰ ਵਿੱਚੋਂ ਲੰਘ ਰਹੇ ਹਨ।

ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਦੇ ਮੀਤ ਪ੍ਰਧਾਨਾਂ ਰਾਜੀਵ ਬਰਨਾਲਾ, ਜਗਪਾਲ ਬੰਗੀ, ਗੁਰਪਿਆਰ ਕੋਟਲੀ, ਬੇਅੰਤ ਫੂਲੇਵਾਲਾ, ਹਰਜਿੰਦਰ ਵਡਾਲਾ ਬਾਂਗਰ ਅਤੇ ਰਘਵੀਰ ਭਵਾਨੀਗੜ੍ਹ, ਸੰਯੁਕਤ ਸਕੱਤਰਾਂ ਮੁਕੇਸ਼ ਕੁਮਾਰ, ਕੁਲਵਿੰਦਰ ਜੋਸ਼ਨ ਅਤੇ ਜਸਵਿੰਦਰ ਔਜਲਾ, ਪ੍ਰੈੱਸ ਸਕੱਤਰ ਪਵਨ ਕੁਮਾਰ, ਸਹਾਇਕ ਵਿੱਤ ਸਕੱਤਰ ਤਜਿੰਦਰ ਸਿੰਘ ਅਤੇ ਪ੍ਰਚਾਰ ਸਕੱਤਰ ਸੁਖਦੇਵ ਡਾਨਸੀਵਾਲ ਨੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਇਹਨਾਂ ਲੈਕਚਰਾਰਾਂ ਦੀਆਂ ਤਰੱਕੀਆਂ ਕਰਕੇ ਇਹਨਾਂ ਅਧਿਆਪਕਾਂ ਨਾਲ ਨਿਆਂ ਕਰਦੇ ਹੋਏ ਤਰੱਕੀਆਂ ਉਡੀਕਦੇ ਅਧਿਆਪਕਾਂ ਨੂੰ ਉਨ੍ਹਾਂ ਦੇ ਅਗਲੀ ਕਾਡਰਾਂ ਵਿੱਚ ਤਰੱਕੀ ਦਿੱਤੀ ਜਾਵੇ।

# ਮੰਗਾਂ ਬਾਰੇ ਪੈਨਸ਼ਨਰਜ਼ ਵੈਲਫੇਅਰ ਐਸੋਸ਼ੀਏਸ਼ਨ ਨਾਭਾ ਦੀ ਵਿਸ਼ੇਸ਼ ਮੀਟਿੰਗ ਹੋਈ

**ਨਾਭਾ–** ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸ਼ੀਏਸ਼ਨ ਨਾਭਾ ਦੀ ਇੱਕ ਹੰਗਾਮੀ ਮੀਟਿੰਗ ਪ੍ਰਧਾਨ ਸ੍ਰ. ਪਰਮਜੀਤ ਸਿੰਘ ਸੋਢੀ ਦੀ ਅਗਵਾਈ ਵਿੱਚ ਸੀਨੀਅਰ ਸਿਟੀਜਨ ਦੀ ਲਾਇਬ੍ਰੇਰੀ ਵਿਖੇ ਹੋਈ। ਮੀਟਿੰਗ ਵਿੱਚ ਪੈਨਸ਼ਨਰਾਂ ਦੀਆਂ ਸਮੱਸਿਆਵਾਂ ਸਬੰਧੀ ਵਿਚਾਰ ਵਿਟਾਂਦਰਾ ਕੀਤਾ ਗਿਆ। ਪੈਨਸ਼ਨਰਾਂ ਦੇ ਬਕਾਏ ਅਤੇ ਲੀਵ ਇਨਕੈਸ਼ਮੈਂਟ ਦੇ ਬਕਾਏ ਸਮੇਂ ਸਿਰ ਨਾ ਦੇਣ ਤੇ ਪੰਜਾਬ ਸਰਕਾਰ ਦੀ ਢਿੱਲੀ ਕਾਰਗੁਜ਼ਾਰੀ ਦੀ ਨਿਖੇਧੀ ਕੀਤੀ ਗਈ। ਮੀਟਿੰਗ ਵਿੱਚ 01 ਜਨਵਰੀ 2016 ਤੋਂ ਪਹਿਲਾਂ ਸੇਵਾ ਮੁਕਤ ਹੋਏ ਪੈਨਸ਼ਨਰਜ਼ ਨੂੰ 2.59 ਦਾ ਗੁਣਾਂਕ ਦੇਣ ਦੀ ਪੰਜਾਬ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਗਈ। ਪੈਨਸ਼ਨਰਾਂ ਦੇ ਮੈਡੀਕਲ ਬਿਲਾਂ ਨੂੰ ਪਹਿਲ ਦੇ ਆਧਾਰ ਉੱਪਰ ਬਜ਼ਟ ਅਲਾਟ ਕੀਤੇ ਜਾਣ ਦੀ ਵੀ ਮੰਗ ਕੀਤੀ ਗਈ। ਸ੍ਰ. ਪਰਮਜੀਤ ਸਿੰਘ ਸੋਢੀ (ਪ੍ਰਧਾਨ) ਨੇ ਐਸੋਸ਼ੀਏਸ਼ਨ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ ਇਸ ਮੌਕੇ ਪ੍ਰਿੰਸੀਪਲ ਰਵਿੰਦਰ ਕੁਮਾਰ ਨੇ ਐਸੋਸ਼ੀਏਸ਼ਨ ਨਾਲ ਵੱਧ ਤੋਂ ਵੱਧ ਪੈਨਸ਼ਨਰਾਂ ਨੂੰ ਜੁੜਨ ਦੀ ਅਪੀਲ ਕੀਤੀ। ਉਨ੍ਹਾਂ ਨੇ ਕਈ ਅਹਿਮ ਨਵੀਆਂ ਜਾਣਕਾਰੀਆਂ ਮੈਂਬਰਾਂ ਨਾਲ ਸਾਂਝੀਆਂ ਕੀਤੀਆਂ। ਮੀਟਿੰਗ ਵਿੱਚ ਗੁਰਬਚਨ ਸਿੰਘ, ਪਸ਼ੌਰਾ ਸਿੰਘ ਧਾਲੀਵਾਲ , ਭਜਨ ਸਿੰਘ ਖਹਿਰਾ, ਅਮਰੀਕ ਸਿੰਘ ਮਾਸਟਰ, ਨਿਰਮਲ ਸਿੰਘ ਇੰਸਪੈਕਟਰ, ਮੇਜਰ ਸਿੰਘ, ਰਵਿੰਦਰ ਸਿੰਘ ਢੀਂਡਸਾ, ਦਰਸ਼ਨ ਸਿੰਘ ਮੋਹਲਗਵਾਰਾ, ਲਛਮਣ ਦਾਸ ਵਰਮਾ, ਸੰਢੋਰੀਆ ਖਾਂ, ਲਾਲ ਚੰਦ, ਪੂਰਨ ਚੰਦ, ਸਤੀਸ਼ ਕੁਮਾਰ, ਡੀ.ਸੀ. ਮੁਖੇਜ਼ਾ, ਸ੍ਰੀਮਤੀ ਬਿਮਲਾ ਪੁਰੀ, ਧਰਮਪਾਲ ਸਾਸ਼ਤਰੀ ਅਤੇ ਹੋਰ ਬਹੁਤ ਸਾਰੇ ਪੈਨਸ਼ਨਰ ਸ਼ਾਮਿਲ ਸਨ। ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੀ ਅਗਲੀ ਤਿਮਾਹੀ ਮੀਟਿੰਗ 08 ਜੂਨ 2025 ਨੂੰ ਸਵੇਰੇ 11 ਵਜੇ ਸੀਨੀਅਰ ਸਿਟੀਜ਼ਨ ਸੰਸਥਾ ਦੇ ਹਾਲ ਵਿੱਚ ਹੋਵੇਗੀ।

# ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਵਿਧਾਨ ਸਭਾ ਦੀ ਪੰਚਾਇਤ ਰਾਜ ਤੇ ਕੋਆਪਰੇਟਿਵ ਵਿਭਾਗ ਦੀ ਕਮੇਟੀ ਦੇ ਮੈਂਬਰ ਨਿਯੁਕਤ

**ਫਗਵਾੜਾ–** ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾ ਨੇ ਵਿਧਾਨ ਸਭਾ ਵਲੋਂ ਵੱਖ ਵੱਖ-ਵੱਖ ਵਿਭਾਗਾਂ ਦੇ ਚੇਅਰਮੈਨਾਂ ਤੇ ਮੈਂਬਰਾਂ ਦੀ ਨਿਯੁਕਤੀ ਨੋਟੀਫ਼ਿਕੇਸ਼ਨ ਜਾਰੀ ਕੀਤਾ ਹੈ, ਜਿਸ ਦੇ ਤਹਿਤ ਆਦਮਪੁਰ ਹਲਕੇ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਨੂੰ ਵਿਧਾਨ ਸਭਾ ਦੀ ਪੰਚਾਇਤੀ ਰਾਜ ਵਿਭਾਗ ਦੀ ਕਮੇਟੀ ਤੇ ਕੋਆਪਰੇਟਿਵ ਵਿਭਾਗ ਦੀ ਕਮੇਟੀ ਦੇ ਮੈਂਬਰ ਨਿਯੁਕਤ ਕੀਤਾ ਹੈ, ਵਿਧਾਇਕ ਕੋਟਲੀ ਨੇ ਕੁਲਤਾਰ ਸਿੰਘ ਸੰਧਵਾ ਸਪੀਕਰ ਵਿਧਾਨ ਸਭਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪੰਚਾਇਤੀ ਵਿਭਾਗ ਤੇ ਕੋਆਪਰੇ-ਟਿਵ ਵਿਭਾਗ ਦੇ ਮੈਂਬਰ ਵਜੋਂ ਹੋਈ ਨਿਯੁਕਤੀ ਤੇ ਜ਼ਿੰਮੇਵਾਰੀ ਨੂੰ



ਤਨਦੇਹੀ ਨਾਲ ਨਿਭਾਉਣਗੇ ਤੇ ਦੋਵੇਂ ਸਰਕਾਰੀ ਅਦਾਰਿਆਂ ਦੇ ਕੰਮਕਾਜ ਲਈ ਆਪਣਾ ਫਰਜ਼ ਅਦਾ ਕਰਨਗੇ, ਉਹਨਾਂ ਕਿਹਾ ਕਿ ਉਹ ਕੱਲ ਵਿਧਾਨ ਸਭਾ ਵਿਖੇ ਜਾ ਕੇ ਸਪੀਕਰ ਦਾ ਧੰਨਵਾਦ ਕਰਨਗੇ ਤੇ ਦੋਵੇਂ ਵਿਭਾਗਾਂ ਦੇ ਚੇਅਰਮੈਨਾਂ ਨਾਲ ਮੁਲਾਕਾਤ ਵੀ ਕਰਨਗੇ।


## Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ

ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ

ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh




**Cell : 530-870-6600**

**Fax : (530) 870-1429**

**532 Houston St.**

**West Sacramento, CA 95691**

**Email: myfuturetruck@gmail.com**

# ਮੈਨੁਕਾਓ ਵਿਖੇ ਪੰਜਾਬੀਆਂ ਦੇ ਇਲੈਕਟ੍ਰੋਨਿਕ ਸਟੋਰ ਉਤੇ ਚਾਰ ਲੁਟੇਰਿਆਂ ਵੱਲੋਂ ਹਮਲਾ-ਕੁਝ ਫੋਨ ਵੀ ਲੈ ਗਏ



**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਨੈਸ਼ਨਲ ਸਰਕਾਰ ਦੀ ਅਪਰਾਧ ਅਤੇ ਅਪਰਾਧੀਆਂ ਦੇ ਉਤੇ ਕਿੰਨੀ ਕੁ ਹੁਣ ਤੱਕ ਪਕੜ ਬਣੀ ਹੈ, ਇਸ ਗੱਲ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਕ ਲੁੱਟ ਦੀ ਘਟਨਾ ਵੇਲੇ ਪੁਲਿਸ ਨੂੰ ਸੂਚਿਤ ਕੀਤਾ ਜਾਂਦਾ ਹੈ ਅਤੇ ਪੁਲਿਸ ਦਾ ਕਹਿਣਾ ਹੁੰਦਾ ਹੈ ਕਿ ਤੁਸੀਂ ਥੋੜ੍ਹਾ ਸਾਂਭ-ਸੰਭਾਲ ਅਤੇ ਸਫਾਈ ਕਰ ਲ ਅਸੀਂ ਵੇਖਦੇ ਹਾਂ ਕਿ ਜੇਕਰ ਪੁਲਿਸ ਤੁਹਾਡੇ ਤੱਕ ਪਹੁੰਚ ਕਰ ਸਕੇ। ਫਿਰ ਲਗਪਗ ਅੱਧੇ ਘੰਟੇ ਬਾਅਦ ਪੁਲਿਸ ਦਾ ਫੋਨ ਆਉਂਦਾ ਹੈ ਕਿ ਦੋ ਪੁਲਿਸ ਅਫਸਰ ਤੁਹਾਡੇ ਕੋਲ ਪਹੁੰਚ ਰਹੇ ਹਨ।

ਕਿੱਥੇ ਦੀ ਹੈ ਘਟਨਾ?: ਮੈਨੁਕਾ ਦੇ ਸਪੈਂਸਰ ਨੌਰਮਨ ਡ੍ਰਾਈਵ ਉਤੇ ਸਥਿਤ ਇਕ ਇਲੈਕਟ੍ਰੋਨਿਕ ਸਟੋਰ ( ਹੌਟ ਸਪੌਟ ਇਲੈਕਟ੍ਰੋਨਿਕਸ) ਨੂੰ ਜਦੋਂ ਸ਼ਾਮ 6:04 ਵਜੇ ਬੰਦ ਕਰਨ ਦੀ ਤਿਆਰੀ ਹੋ ਰਹੀ ਸੀ ਤਾਂ ਚਾਰ ਲੁਟੇਰੇ ਗੌਲਫ ਸਟਿੱਕ, ਸਟੀਰਿੰਗ ਵੀਲ੍ਹ ਲੌਕ ਅਤੇ ਕੁਝ ਹੋਰ ਮਾਰੂ ਸਮਾਨ ਲੈ ਕੇ ਦਾਖਲ ਹੋਏ। ਉਨ੍ਹਾਂ ਆਉਂਦਿਆਂ ਹੀ ਕਾਊਂਟਰ ਦੇ ਸ਼ੀਸ਼ੇ ਭੰਨ ਦਿੱਤੇ। ਚੋਰੀ ਕਰਨ ਦੀ ਕੋਸ਼ਿਸ਼ ਕੀਤੀ ਪਰ ਐਨੇ ਨੂੰ ਦੁਕਾਨ ਮਾਲਕ ਅਤੇ ਸਟਾਫ ਨੇ ਬਹਾਦਰੀ ਵਿਖਾ ਕੇ ਉਨ੍ਹਾਂ ਵੱਲ ਕੁਝ ਸਮਾਨ ਵਗਾਹ ਮਾਰਿਆ ਕਿ ਉਹ ਨਸ ਜਾਣ। ਇਸ ਦਰਮਿਆਨ ਉਹ ਕੁਝ ਫੋਨ ਲਿਜਾਉਣ ਵਿਚ ਸਫਲ ਹੋ ਗਏ, ਪਰ ਬਾਹਰ ਨਿਕਲਣ ਤੋਂ ਬਾਅਦ ਦੁਬਾਰਾ ਅੰਦਰ ਵੜ੍ਹਨ ਦੀ ਕੋਸ਼ਿਸ ਕਰਦੇ ਰਹੇ। ਕਿਸੀ ਨਾ ਕਿਸੀ ਤਰ੍ਹਾਂ ਸਟੋਰ ਮਾਲਕ ਉਨ੍ਹਾਂ ਨੂੰ ਰੋਕਣ ਵਿਚ ਸਫਲ ਹੋ ਗਿਆ ਪਰ ਇਸ ਗੱਲ ਦਾ ਗਹਿਰਾ ਅਸਰ ਪੈ ਗਿਆ ਕਿ ਇਥੇ ਰਹਿ ਕੇ ਕੀ ਕਰੀਏ ਬਿਜ਼ਨਸ? ਕਿੱਥੇ ਹੈ ਕੋਈ ਸੁਰੱਖਿਆ?। ਪੁਲਿਸ ਨੇ ਤੁਰੰਤ ਉਹ ਫੁਰਤੀ ਨਹੀਂ ਵਿਖਾਈ ਜਿਸ ਦੇ ਨਾਲ ਉਹ ਫੜੇ ਜਾ ਸਕਦੇ ਜਾਂ ਉਨ੍ਹਾਂ ਲਈ ਕੋਈ ਡਰ ਪੈਦਾ ਹੋ ਸਕਦਾ।

ਵਰਨਣਯੋਗ ਹੈ ਕਿ ਦੋ ਕੁ ਮਹੀਨੇ ਪਹਿਲਾਂ ਮਾਰਚ ਮਹੀਨੇ ਦੋ ਲੁਟੇਰੀਆਂ ਕੁੜੀਆਂ ਵੀ ਗਾਹਕ ਬਣ ਕੇ ਆਈਆਂ ਅਤੇ ਫੋਨ ਲੈ ਕੇ ਭੱਜ ਗਈਆਂ। ਉਨ੍ਹਾਂ ਦੀ ਕਾਰ ਵੀ ਚੋਰੀ ਦੀ ਸੀ। ਉਨ੍ਹਾਂ ਨੇ ਫੋਨ ਵੀ ਨੈਟ ਉਤੇ ਪਾ ਕੇ ਵੇਚ ਦਿੱਤੇ। ਇਸਬਾਰੇ ਪੁਲਿਸ ਨੂੰ ਵੀ ਈਮੇਲ ਰਾਹੀਂ ਸੂਚਿਤ ਕੀਤਾ ਗਿਆ। ਇਹ ਸਟੋਰ ਪਹਿਲਾਂ ਕਿਸੀ ਹੋਰ ਥਾਂ ਉਤੇ ਸੀ ਅਤੇ ਪਿਛਲੇ ਸਾਲ ਅਕਤੂਬਰ ਮਹੀਨੇ ਇਥੇ ਖੋਲ੍ਹਿਆ ਸੀ।

# ਸੰਤ ਬਾਬਾ ਖੁਸ਼ੀ ਰਾਮ ਭਰੋਮਜਾਰਾ ਦੀ 37ਵੀਂ ਸਲਾਨਾ ਬਰਸੀ ਸਮਾਗਮ 23-24 ਮਈ ਨੂੰ



**ਫਗਵਾੜਾ –** ਮਹਾਨ ਤਪੱਸਵੀ ਸੰਤ ਬਾਬਾ ਖੁਸ਼ੀ ਰਾਮ ਭਰੋਮਜਾਰਾ ਦੀ 37ਵੀਂ ਸਲਾਨਾ ਬਰਸੀ ਸਮਾਗਮ ਡੇਰਾ ਸੰਤ ਬਾਬਾ ਮੇਲਾ ਰਾਮ ਭਰੋਮਜਾਰਾ ਵਿਖੇ 23-24 ਮਈ ਨੂੰ ਸੰਤ ਕੁਲਵੰਤ ਰਾਮ ਭਰੋਮਜਾਰਾ ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ :ਪੰਜਾਬ, ਸੰਤ ਲਛਮਣ ਦਾਸ ਅਤੇ ਸਤਿਗੁਰੂ ਰਵਿਦਾਸ ਚੈਰੀਟੇਬਲ ਟਰੱਸਟ ਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਨਾਈ ਜਾਵੇਗੀ।ਇਸ ਸਬੰਧੀ ਜਾਣਕਾਰੀ ਦਿੰਦਿਆ ਸੰਤ ਕੁਲਵੰਤ ਰਾਮ ਜੀ ਨੇ ਦੱਸਿਆ ਕਿ 23 ਮਈ ਨੂੰ ਰਾਤ ਦੇ ਦੀਵਾਨ ਸਜਾਏ ਜਾਣਗੇ ਅਤੇ 24 ਮਈ ਨੂੰ ਨਿਸ਼ਾਨ ਸਾਹਿਬ ਦੀ ਰਸਮ ਅਤੇ ਭੋਗ ਸ੍ਰੀ ਸਹਿਜ ਪਾਠ ਪਾਇਆ ਜਾਵੇਗਾ। ਉਪਰੰਤ ਮਹਾਪੁਰਸ਼ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।

ਇਸ ਮੌਕੇ ਸੰਤ ਕੁਲਵੰਤ ਰਾਮ ਭਰੋਮਜਾਰਾ, ਲੈਕਚਰਾਰ ਰਾਮ ਲੁਭਾਇਆ ਕਲਸੀ, ਕੇ।ਕੇ ਪਾਲ ਜਲੰਧਰ, ਸੁਰਿੰਦਰ ਪਾਲ ਵੜਿੰਗ, ਬਿਹਾਰੀ ਲਾਲ ਨੰਗਲ ਭਾਖੜਾ, ਸੋਮ ਨਾਥ ਐਸ.ਡੀ. ਗੜ੍ਹਸ਼ੰਕਰ, ਬਲਵੰਤ ਰਾਏ ਵੜਿੰਗ, ਬੀਬੀ ਸ਼ੀਲਾ ਦੇਵੀ, ਬੀਬੀ ਅਮਰਜੀਤ ਕੌਰ ਨਵਾਂਸ਼ਹਿਰ, ਕੁਲਦੀਪ ਚੰਦ ਗੜ੍ਹਸ਼ੰਕਰ, ਹਰਜਿੰਦਰ ਕੁਮਾਰ, ਗੁਰਬਚਨ ਰਾਮ, ਚਰਨਜੀਤ ਰਾਮ, ਦੇਸ ਰਾਜ ਚੱਕ ਗੁਰੂ, ਜੋਗਿੰਦਰ ਪਾਲ, ਮੱਖਣ ਲਾਲ, ਕੁਲਦੀਪ ਸਿੰਘ ਹੈੱਡ ਗ੍ਰੰਥੀ, ਰਵੀ ਪਾਲ ਵੜਿੰਗ, ਧਰਮਵੀਰ ਕੁਮਾਰ, ਸੁਰਜੀਤ ਕੁਮਾਰ, ਪਰਮਾ ਨੰਦ ਨੰਗਲ ਕਰਾਰ ਖਾਂ, ਰਾਮ ਪ੍ਰਕਾਸ਼ ਆਦਿ ਸੰਗਤਾਂ ਹਾਜ਼ਰ ਸਨ।

# 'ਨਸ਼ੇ ਵਿਰੁੱਧ ਯਾਤਰਾ ਸਿਰਫ ਸਿਆਸੀ ਡਰਾਮਾ': ਅਰਵਿੰਦ ਖੰਨਾ



**ਚੰਡੀਗੜ੍ਹ–** ਭਾਰਤੀ ਜਨਤਾ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ੇ ਵਿਰੁੱਧ ਦੇ ਸਿਰਲੇਖ ਨਾਲ ਵਿੱਢੀ ਯਾਤਰਾ ਮਹਿਜ਼ ਸਿਆਸੀ ਡਰਾਮਾ ਬਣ ਕੇ ਰਹਿ ਗਈ ਹੈ। ਅੱਜ ਇੱਥੇ ਜਾਰੀ ਇੱਕ ਬਿਆਨ ਵਿੱਚ ਉਨ੍ਹਾਂ ਕਿਹਾ ਕਿ ਪੰਜਾਬ ਭਰ ਵਿਚੋਂ ਰਿਪੋਰਟਾਂ ਆ ਰਹੀਆਂ ਹਨ ਕਿ ਆਮ ਆਦਮੀਂ ਪਾਰਟੀ ਦੇ ਮੰਤਰੀ, ਵਿਧਾਇਕ ਅਤੇ ਹੋਰ ਆਗੂ ਬੇਸ਼ੱਕ ਇਕੱਤਰ ਕੀਤੇ ਲੋਕਾਂ ਕੋਲ ਦਾਅਵੇ ਕਰਦੇ ਹਨ ਕਿ ਪੰਜਾਬ ਸਰਕਾਰ ਨਸ਼ੇ ਖਿਲਾਫ ਸਖ਼ਤ ਹੈ ਪਰ ਉਨ੍ਹਾਂ ਕੋਲ ਅਜਿਹਾ ਕੋਈ ਸਬੂਤ ਤੱਕ ਨਹੀਂ ਹੈ ਕਿ ਉਹ ਸਾਬਿਤ ਕਰ ਸਕਣ ਕਿ ਉਨ੍ਹਾਂ ਕਿੰਨੇ ਲੋਕਾਂ ਨੂੰ ਨਸ਼ੇ ਤੋਂ ਮੁਕਤ ਕਰਵਾਇਆ ਹੈ। ਉਨ੍ਹਾਂ ਕਿਹਾ ਕਿ ਧੱਕੇ ਨਾਲ ਇਕੱਤਰ ਕੀਤੇ ਬਜ਼ੁਰਗਾਂ ਅਤੇ ਔਰਤਾਂ ਦੇ ਹੱਥਾਂ ਵਿੱਚ ਤਖਤੀਆਂ ਫੜਾਉਣ ਨਾਲ ਪੰਜਾਬ ਨਸ਼ਾ ਮੁਕਤ ਨਹੀਂ ਹੋ ਸਕਦਾ ਬਲਕਿ ਸਰਕਾਰ ਨੂੰ ਅਜਿਹੀ ਨੀਤੀ ਬਣਾਉਣੀ ਚਾਹੀਦੀ ਹੈ ਕਿ ਨਸ਼ਾ ਛੱਡਣ ਵਾਲੇ ਨੌਜਵਾਨਾਂ ਦਾ ਭਵਿੱਖ ਸੁਰੱਖਿਅਤ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਬੇਰੋਜ਼ਗਾਰੀ ਨਸ਼ੇ ਦੀ ਅਲਾਮਤ ਨੂੰ ਜਨਮ ਦਿੰਦੀ ਹੈ ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਹ ਐਲਾਨ ਕਰੇ ਕਿ ਨਸ਼ਾ ਛੱਡਣ ਵਾਲੇ ਨੌਜਵਾਨਾਂ ਨੂੰ ਪਹਿਲ ਦੇ ਅਧਾਰ 'ਤੇ ਨੌਕਰੀ ਦੇਵੇ। ਇਸ ਤੋਂ ਇਲਾਵਾ ਨਸ਼ਾ ਛੱਡਣ ਵਾਲੇ ਨੌਜਵਾਨਾਂ ਦੇ ਮੁੜ ਵਸੇਬੇ ਦਾ ਪ੍ਰਬੰਧ ਕੀਤਾ ਜਾਵੇ ਤਾਂ ਜੋ ਅਜਿਹੇ ਨੌਜਵਾਨ ਉਤਸ਼ਾਹਿਤ ਹੋ ਕੇ ਨਸ਼ਾ ਛੱਡਣ ਲਈ ਪ੍ਰੇਰਿਤ ਹੋ ਸਕਣ। ਸ਼੍ਰੀ ਖੰਨਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੂੰ ਹੁਣ ਤੋਂ ਹੀ ਮਹਿਸੂਸ ਹੋਣ ਲੱਗ ਪਿਆ ਹੈ ਕਿ ਉਹ ਸੂਬੇ ਦੇ ਲੋਕਾਂ ਦਾ ਵਿਸ਼ਵਾਸ਼ ਗੁਆ ਚੁੱਕੀ ਹੈ।



# ਸਿੱਖਿਆ ਵਿਭਾਗ ਵਲੋਂ ਵੱਖ ਵੱਖ ਵਿਸ਼ਿਆਂ ਦੀਆਂ ਕੀਤੀਆਂ ਜਾ ਰਹੀਆਂ ਤਰੱਕੀਆਂ ਵਿੱਚ ਸਾਰੇ ਸੈਕੰਡਰੀ ਸਕੂਲਾਂ ਦੇ ਖਾਲੀ ਸਟੇਸ਼ਨ ਚੋਣ ਲਈ ਖੋਲੇ ਜਾਣ - ਟੂਰਾ

**ਫਗਵਾੜਾ–** ਐਸਸੀ /ਬੀਸੀ ਸਮਾਜ ਅਤੇ ਮੁਲਾਜ਼ਮ ਵਰਗ ਦੀ ਅਵਾਜ਼ ਬੁਲੰਦ ਕਰਨ ਵਾਲੀ ਗਜਟਿਡ ਅਤੇ ਨਾਨ ਗਜ਼ਟਿਡ ਐਸਸੀ /ਬੀਸੀ ਇੰਪਲਾਈਜ ਵੈਲਫੇਅਰ ਫੈਡਰੇਸ਼ਨ ਇਕਾਈ ਕਪੂਰਥਲਾ ਦੇ ਜ਼ਿਲ੍ਹਾ ਪ੍ਰਧਾਨ ਸ੍ਰੀ ਸਤਵੰਤ ਸਿੰਘ ਟੂਰਾ, ਮਨਜੀਤ ਗਾਟ , ਸੰਤੋਖ ਸਿੰਘ ਮੱਲ੍ਹੀ, ਲਖਵੀਰ ਚੰਦ, ਬਲਵਿੰਦਰ ਮਸੀਹ,





ਬਲਵਿੰਦਰ ਨਿਧੜਕ, ਮਨਜੀਤ ਦਾਸ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ, ਹਾਲ ਹੀ ਵਿੱਚ ਬੱਚਿਆਂ ਦੀ ਪੜ੍ਹਾਈ ਦੇ ਹੋ ਰਹੇ ਨੁਕਸਾਨ ਨੂੰ ਮੁੱਖ ਰੱਖਦਿਆਂ, ਸਿੱਖਿਆ ਵਿਭਾਗ ਵੱਲੋਂ ਮਾਸਟਰ ਕਾਡਰ ਤੋਂ ਲੈਕਚਰਾਰ ਦੀਆਂ ਤਰੱਕੀਆਂ ਦੇ ਲਈ ਕੇਸ ਮੰਗੇ ਜਾ ਰਹੇ ਹਨ ਜੋ ਕਿ ਵਧੀਆ ਉਪਰਾਲਾ ਹੈ। ਜਿਸ ਨਾਲ ਜਿੱਥੇ ਅਧਿਆਪਕਾਂ ਨੂੰ ਲੰਬੀ ਸੇਵਾ ਉਪਰੰਤ ਘੱਟੋ ਘੱਟ ਤਰੱਕੀ ਤਾਂ ਮਿਲ ਸਕੇਗੀ। ਸ੍ਰੀ ਟੂਰਾ ਤੇ ਗਾਟ ਨੇ ਕਿਹਾ ਕਿ ਮੁਲਾਜ਼ਮ ਵਰਗ ਵਿੱਚ ਨਿਰਾਸ਼ਾ ਦਾ ਆਲਮ ਵੀ ਝਲਕ ਰਿਹਾ ਹੈ ਕਿ ਕਿਤੇ ਸਤੰਬਰ 2024 ਵਿੱਚ ਕੀਤੀਆਂ ਗਈਆਂ ਤਰੱਕੀਆਂ ਦੇ ਵਾਂਗ ,ਸਟੇਸ਼ਨ ਚੋਣ ਸਮੇਂ ਬਹੁਤ ਹੀ ਘੱਟ ਸਟੇਸ਼ਨ ਨਾ ਦਿਖਾਏ ਜਾਣ। ਇਸ ਨਾਲ ਪਿਛਲੀਆਂ ਤਰੱਕੀਆਂ ਸਮੇਂ ਸੈਂਕੜੇ ਅਧਿਆਪਕਾਂ ਨੂੰ ਡੀ-ਬਾਰ ਹੋਣਾ ਪਿਆ ਸੀ। ਫੈਡਰੇਸ਼ਨ ਵੱਲੋਂ ਮਾਣਯੋਗ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਨੂੰ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਦੇ ਸਾਰੇ ਹੀ ਸੈਕੰਡਰੀ ਸਕੂਲਾਂ ਵਿੱਚ ਵੱਖ-ਵੱਖ ਵਿਸ਼ਿਆਂ ਦੇ ਲੈਕਚਰਾਰਾਂ ਦੀਆਂ ਹਜ਼ਾਰਾਂ ਹੀ ਖਾਲੀ ਪੋਸਟਾਂ ਪਈਆਂ ਹਨ। ਇਹ ਵੀ ਦੇਖਣ ਵਿੱਚ ਆਇਆ ਹੈ ਕਿ ਦਾਖਲੇ ਸਮੇਂ ਬੱਚੇ ਉਸ ਸਕੂਲ ਨੂੰ ਪਹਿਲ ਦਿੰਦੇ ਹਨ ਜਿੱਥੇ ਵਿਸ਼ਿਆਂ ਦੇ ਲੈਕਚਰਾਰ ਪੂਰੇ ਹਨ। ਸ੍ਰੀ ਸੰਤੋਖ ਸਿੰਘ ਮੱਲੀ ਅਤੇ ਲਖਵੀਰ ਚੰਦ ਨੇ ਅੱਗੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਨੂੰ ਇਹਨਾਂ ਕੀਤੀਆਂ ਜਾ ਰਹੀਆਂ ਤਰੱਕੀਆਂ ਵਿੱਚ ਪੰਜਾਬ ਦੇ ਸਾਰੇ ਹੀ ਸੈਕੰਡਰੀ ਸਕੂਲਾਂ ਦੀਆਂ ਖਾਲੀ ਪਈਆਂ ਪੋਸਟਾਂ ਨੂੰ ਸਟੇਸ਼ਨ ਚੋਣ ਸਮੇਂ ਦਰਸਾ ਕੇ ਹੀ, ਸਟੇਸ਼ਨ ਚੋਣ ਕਰਵਾਈ ਜਾਣੀ ਚਾਹੀਦੀ ਹੈ ਤਾਂ ਜ਼ੋ ਸਾਰੇ ਸਕੂਲਾਂ ਵਿੱਚ ਲੈਕਚਰਾਰ ਦੀ ਘਾਟ ਪੂਰੀ ਹੋ ਸਕੇ। ਇਸ ਤਰ੍ਹਾਂ ਵਿਦਿਆਰਥੀ ਵਿਸ਼ਾ ਅਧਿਆਪਕਾਂ ਦੀ ਪੜ੍ਹਾਈ ਨਾਲ ਹੋਰ ਵੀ ਵਧੀਆ ਅੰਕ ਪ੍ਰਾਪਤ ਕਰ ਸਕਣਗੇ ।ਇਸ ਤਰ੍ਹਾਂ ਜਿੱਥੇ ਅਧਿਆਪਕਾਂ ਨੂੰ ਤਰੱਕੀ ਦੀ ਖੁਸ਼ੀ ਮਿਲੇਗੀ ਉੱਥੇ ਨਾਲ ਹੀ ਨਵੇਂ ਸੈਸ਼ਨ ਦੀ ਸ਼ੁਰੂਆਤ ਵਿੱਚ ਹੀ ਬੱਚਿਆਂ ਨੂੰ ਵਿਸ਼ਾ ਮਾਹਿਰ ਅਧਿਆਪਕ ਵੀ ਮਿਲ ਜਾਣਗੇ ਤੇ ਨਾਲ ਹੀ ਸਕੂਲਾਂ ਵਿੱਚ ਬੱਚਿਆਂ ਦੇ ਦਾਖਲੇ ਦੇ ਵਿੱਚ ਵਾਧਾ ਹੋਣ ਦੀ ਸੰਭਾਵਨਾ ਨੂੰ ਵੀ ਬਲ ਮਿਲੇਗਾ ਪ੍ਰੈਸ ਨੂੰ ਜਾਣਕਾਰੀ ਦੇਣ ਸਮੇਂ ਵਿਨੋਦ ਕੁਮਾਰ, ਗਿਆਨ ਚੰਦ ਵਾਹਦ, ਰਾਮਪਾਲ, ਸਤਨਾਮ ਗਿੱਲ, ਸੁਖਦੇਵ ਬਹਾਨੀ, ਕੁਲਦੀਪ ਰਾਮ, ਅਜੀਤ ਸਿੰਘ, ਸੋਹਣ ਲਾਲ, ਅਮਰੀਕ ਸਿੰਘ ਅਜਨੋਹਾ, ਜਸਵੀਰ ਲਾਲ, ਪਵਨ ਕੁਮਾਰ, ਗੁਰਸੇਵਕ ਤੇ ਕਈ ਹੋਰ ਸਾਥੀ ਵੀ ਮੌਜੂਦ ਸਨ।

# ਸ੍ਰੀ ਲਾਲ ਚੰਦ ਕਟਾਰੂਚੱਕ 'ਸਾਡਾ ਐਮ.ਐਲ.ਏ. ਸਾਡੇ ਵਿੱਚ' ਅਧੀਨ ਲੋਕਾਂ ਦੀਆਂ ਸੁਣੀਆਂ ਸਮੱਸਿਆਵਾਂ

**ਪਠਾਨਕੋਟ–** ਪੰਜਾਬ ਸਰਕਾਰ ਵੱਲੋਂ ਹਰ ਇੱਕ ਉਪਰਾਲਾ ਕੀਤਾ ਜਾ ਰਿਹਾ ਹੈ ਕਿ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕੀਤਾ ਜਾਵੈ ਜਿਸ ਅਧੀਨ ਉਨ੍ਹਾਂ ਵੱਲੋਂ ਹਰੇਕ ਐਤਵਾਰ ਨੂੰ ਸਾਡਾ ਐਮ.ਐਲ.ਏ. ਸਾਡੇ ਵਿੱਚ ਅਧੀਨ ਸੰਗਤ ਦਰਸਨ ਲਗਾ ਕੇ ਲੋਕਾਂ ਦੀਆਂ ਸਿਕਾਇਤਾਂ ਸੁਣੀਆਂ ਜਾਂਦੀਆਂ ਹਨ ਅਤੇ ਮੋਕੇ ਤੇ ਹੀ ਸਿਕਾਇਤਾਂ ਦਾ ਹੱਲ ਵੀ ਕੀਤਾ ਜਾਂਦਾ ਹੈ। ਇਹ ਪ੍ਰਗਟਾਵਾ ਪੰਜਾਬ ਦੇ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲਿਆਂ, ਜੰਗਲਾਤ ਤੇ ਜੰਗਲੀ ਜੀਵ ਦੇ ਮੰਤਰੀ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਆਪਣੇ ਗ੍ਰਹਿ ਵਿਖੇ ਵੱਖ-ਵੱਖ ਪਿੰਡਾਂ ਤੋਂ ਆਏ ਵੱਡੀ ਗਿਣਤੀ ਵਿੱਚ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਮੌਕੇ ਤੇ ਹੱਲ ਕਰਨ ਦੋਰਾਨ ਕੀਤਾ।



ਜਿਕਰਯੋਗ ਹੈ ਕਿ ਲਗਾਏ ਸੰਗਤ ਦਰਸਨ ਦੋਰਾਨ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਵੱਲੋਂ ਕੁਝ ਮੁਸ਼ਕਿਲਾਂ ਦਾ ਤਾਂ ਮੌਕੇ 'ਤੇ ਹੀ ਹੱਲ ਕਰ ਦਿੱਤਾ ਗਿਆ ਅਤੇ ਬਾਕੀ ਵੱਖ-ਵੱਖ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਤੁਰੰਤ ਹੱਲ ਕਰਨ ਦੇ ਨਿਰਦੇਸ਼ ਜਾਰੀ ਕੀਤੇ ਗਏ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦਾ ਇੱਕੋ ਇੱਕੋ ਉਪਰਾਲਾ ਹੈ ਕਿ ਪੰਜਾਬ ਅੰਦਰ ਲੋਕਾਂ ਨੂੰ ਵਧੀਆ ਸਹੂਲਤਾਂ ਅਤੇ ਜਨਹਿੱਤ ਨੂੰ ਧਿਆਨ ਵਿੱਚ ਰੱਖਦਿਆਂ ਕੀਤੇ ਜਾਣ ਵਾਲੇ ਵਿਕਾਸ ਕਾਰਜਾਂ ਨੂੰ ਪਹਿਲ ਦੇ ਆਧਾਰ ਤੇ ਕੀਤਾ ਜਾਵੈ।

ਉਨ੍ਹਾਂ ਕਿਹਾ ਅੱਜ ਵੱਡੀ ਗਿਣਤੀ ਵਿੱਚ ਮੇਰੇ ਹਲਕੇ ਨਾਲ ਸੰਬੰਧਿਤ ਵੱਖ-ਵੱਖ ਪਿੰਡਾਂ ਦੇ ਲੋਕਾਂ ਵੱਲੋਂ ਆ ਕੇ ਆਪਣੀਆਂ ਮੁਸ਼ਕਿਲਾਂ ਦੱਸੀਆਂ ਗਈਆਂ ਹਨ। ਕੁਝ ਮੁਸ਼ਕਿਲਾਂ ਦਾ ਤਾਂ ਮੌਕੇ 'ਤੇ ਹੀ ਹੱਲ ਕਰ ਦਿੱਤਾ ਗਿਆ ਹੈ ਅਤੇ ਬਾਕੀ ਸੰਬੰਧਿਤ ਵਿਭਾਗ ਦੇ ਅਧਿਕਾਰੀਆਂ ਨੂੰ ਪੂਰੀ ਸਖ਼ਤੀ ਨਾਲ ਹੱਲ ਨਿਰਦੇਸ਼ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਜੋ ਲੋਕ ਅਪਣੀਆਂ ਸਿਕਾਇਤਾਂ ਲੈ ਕੇ ਆਏ ਹਨ ਉਨ੍ਹਾਂ ਸਿਕਾਇਤਾਂ ਦਾ ਨਿਪਟਾਰਾ ਨਿਰਧਾਰਤ ਸਮੇਂ ਅੰਦਰ ਕਰਨ ਲਈ ਵੀ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਉਹ ਖ਼ੁਦ ਲੋਕਾਂ ਦੀ ਸੇਵਾ ਵਿੱਚ ਸਦਾ ਹਾਜ਼ਰ ਹਨ ਅਤੇ ਕਿਸੇ ਵੀ ਪਿੰਡ ਨੂੰ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਤੋਟ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਮੌਜੂਦਾ ਸਰਕਾਰ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਬਸ ਝੂਠੇ ਵਾਅਦੇ ਨਹੀਂ ਕਰਦੀ ਸਗੋਂ ਤੁਰੰਤ ਕੰਮ ਕਰਨ ਵਿੱਚ ਵਿਸ਼ਵਾਸ਼ ਰੱਖਦੀ ਹੈ।

# ਅਮਰੀਕਾ ਦੀ ਸੁਰੱਖਿਆ ਲਈ 3 ਪਰਤੀ ਹਵਾਈ ਸੁਰੱਖਿਆ ਪ੍ਰਣਾਲੀ ਹੋਵੇਗੀ ਤਾਇਨਾਤ


**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦ੍ਰਿਸ਼ਟੀਕੋਨ ਅਨੁਸਾਰ ਅਮਰੀਕਾ ਦੀ ਸੁਰੱਖਿਆ ਲਈ 3 ਪਰਤੀ ਹਵਾਈ ਸੁਰੱਖਿਆ ਪ੍ਰਣਾਲੀ ਤਾਇਨਾਤ ਕਰਨ ਲਈ ਕੰਮ ਸ਼ੁਰੂ ਹੋ ਗਿਆ ਹੈ ਕਿਉਂਕਿ ਸਮਝਿਆ ਜਾਂਦਾ ਹੈ ਕਿ ਕਰੂਜ, ਬਾਲਿਸਟਿਕ ਤੇ ਹਾਈਪਰਸੋਨਿਕ ਮਿਜਾਈਲਾਂ ਅਤੇ ਡਰੋਨ ਅਮਰੀਕਾ ਦੀ ਧਰਤੀ ਉਪਰ ਪ੍ਰਮਾਣੂ ਹਮਲਾ ਕਰਨ ਦੇ ਸਮਰੱਥ ਹਨ। ਰੱਖਿਆ ਸਕੱਤਰ ਪੇਟ ਹੇਗਸੇਠ ਨੇ ਅਮਰੀਕਨਾਂ ਲਈ ਸੁਰੱਖਿਆ ਛੱਤਰੀ ਕਾਇਮ ਕਰਨ ਲਈ 'ਗੋਲਡਨ ਡੋਮ' ਯੋਜਨਾ ਵਿਚ ਸ਼ੁਰਆਤੀ 25 ਅਰਬ ਡਾਲਰ ਦਾ ਨਿਵੇਸ਼ ਕਰਨ ਦਾ ਐਲਾਨ ਕੀਤਾ ਹੈ। ਇਸ ਉਪਰ ਕੁੱਲ 175 ਅਰਬ ਡਾਲਰ ਖਰਚ ਆਉਣ ਦਾ ਅਨੁਮਾਨ ਹੈ। ਰਾਸ਼ਟਰਪਤੀ ਨੇ ਕਿਹਾ ਹੈ ਕਿ ਇਹ ਪ੍ਰਣਾਲੀ 2029 ਵਿਚ ਉਸ ਦਾ ਕਾਰਜਕਾਲ ਖਤਮ ਹੋਣ ਤੋਂ ਪਹਿਲਾਂ ਪੂਰੀ ਤਰਾਂ ਤਿਆਰ ਹੋ ਜਾਣੀ ਚਾਹੀਦੀ ਹੈ। ਨਾਰਦਨ ਕਮਾਂਡ ਆਗੂ ਏਅਰ ਫੋਰਸ ਜਨਰਲ ਗਰੇਗੋਰੀ ਗੁਇਲਟ ਨੇ ਸੈਨਟ ਨੂੰ ਦਿੱਤੇ ਇਕ ਲਿਖਤੀ ਬਿਆਨ ਵਿਚ ਕਿਹਾ ਹੈ ਕਿ ਗੋਲਡਨ ਡੋਮ ਯੋਜਨਾ ਦਾ ਮਕਸਦ 3 ਪਰਤੀ ਹਵਾਈ ਸੁਰੱਖਿਆ ਛੱਤਰੀ ਨਾਲ ਅਮਰੀਕਾ ਨੂੰ ਸੁਰੱਖਿਅਤ ਕਰਨਾ ਹੈ। ਸੈਂਸਰਜ ਖਤਰੇ ਬਾਰੇ ਸੁਚੇਤ ਕਰਨਗੇ ਜਦ ਕਿ ਜਮੀਨ ਉਪਰ ਤਾਇਨਾਤ ਇੰਟਰਸੈਪਟਰ ਮਿਜਾਈਲਾਂ ਤੇ ਨਵੀਂ ਪ੍ਰਣਾਲੀ ਅਮਰੀਕਾ ਉਪਰ ਦਾਗੀਆਂ ਗਈਆਂ ਬਾਲਿਸਟਿਕ ਮਿਜਾਈਲਾਂ ਨੂੰ ਨਸ਼ਟ ਕਰਨਗੇ। ਇਸ ਤੋਂ ਇਲਾਵਾ ਹੇਠਲੇ ਪੱਧਰ ਦੇ ਖਤਰਿਆਂ ਨਾਲ ਨਜਿੱਠਣ ਲਈ ਇਕ ਹੋਰ ਪ੍ਰਣਾਲੀ ਤਾਇਨਾਤ ਹੋਵੇਗੀ ਜੋ ਹਾਈਪਰਸੋਨਿਕ ਮਿਜਾਈਲਾਂ ਤੇ ਡਰੋਨ ਹਮਲੇ ਨਾਲ ਨਿਪਟੇਗੀ। ਗੋਲਡਨ ਡੋਮ ਯੋਜਨਾ ਦੀ ਅਗਵਾਈ ਸਪੇਸ ਫੋਰਸ ਜਨਰਲ ਮਾਈਕਲ ਗੁਏਟਲੀਨ ਕਰਨਗੇ ਜਿਨਾਂ ਨੇ ਰੂਸ ਤੇ ਚੀਨ ਵਰਗੇ ਦੇਸ਼ਾਂ ਤੋਂ ਖਤਰੇ ਦੇ ਮੁਕਾਬਲੇ ਲਈ ਇਸ ਪ੍ਰਾਜੈਕਟ ਨੂੰ ਵਿਸ਼ਾਲ ਤੇ ਹਮਲਾਵਰ ਕਰਾਰ ਦਿੱਤਾ ਹੈ।

NSB
Insurance
for Insurance Call:
NIRMAL SINGH BADHAN
707-228-2020




Lic #0144676
NIRMAL SINGH
BADHAN
HEALTH INSURANCE
RETIREMENT
LIFE INSURANCE
COLLEGE PLANNING
LONG TERM CARE INS
AUTO * HOME
FUNERAL EXPENSE
BUSINESS
Call: 707-228-2020,
Fax: 707-260-2813
www.nsbinsures.com
1519 Gary CT., Rohnert Park, CA 94928

Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ



ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।



KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

# ਸ. ਮਹਿੰਦਰ ਸਿੰਘ ਨੂੰ ਯਾਦ ਕਰਦਿਆਂ




ਪੰਜਾਬੀ ਭਾਈਚਾਰੇ ਦੀ ਨਾਮਵਰ ਸ਼ਖਸੀਅਤ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਦੇ ਸਾਬਕਾ ਪ੍ਰਧਾਨ ਸ. ਮਹਿੰਦਰ ਸਿੰਘ ਮਾਹੀ ਸਦੀਵੀ ਵਿਛੋੜਾ ਦੇ ਗਏ, ਜਿਸ ਨਾਲ ਸਮੂਹ ਮਾਹੀ ਪਰਿਵਾਰ ਅਤੇ ਸਮਾਜ ਨੂੰ ਗਹਿਰਾ ਅਤੇ ਅਸਹਿ ਸਦਮਾ ਲੱਗਾ ਉਥੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਸ. ਮਹਿੰਦਰ ਸਿੰਘ ਮਾਹੀ ਬਹੁਤ ਮਿਲਵਰਤਨ ਅਤੇ ਮਿਠੜੇ ਸੁਭਾਅ ਵਾਲੇ ਸਨ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਕੈਲੇਫੋਰਨੀਆ ਦੀ ਕਮੇਟੀ ਅਤੇ ਸੰਗਤ ਨਾਲ ਮੋਢੇ ਨਾਲ ਮੋਢੇ ਜੋੜ ਕੇ ਇੰਨੀ ਉਮਰ 'ਚ ਵੀ ਸੇਵਾ ਕਰਦੇ ਆ ਰਹੇ ਸਨ। ਗੁਰੂ ਘਰ ਦੇ ਚੇਅਰਮੈਨ ਸ੍ਰੀ ਵਿਨੋਦ ਕੁਮਾਰ ਚੁੰਬਰ ਨੇ ਕਮੇਟੀ ਵੱਲੋਂ ਮਾਹੀ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਮਾਹੀ ਸਾਹਿਬ ਦੀਆਂ ਨਿਭਾਈਆਂ ਸੇਵਾਵਾਂ ਹਮੇਸ਼ਾ ਯਾਦ ਰੱਖੀਆਂ ਜਾਣਗੀਆਂ।

**ਸ. ਮਹਿੰਦਰ ਸਿੰਘ ਮਾਹੀ ਦਾ ਬਾਬਾ ਸਾਹਿਬ ਡਾ. ਅੰਬੇਦਕਰ ਨੂੰ ਆਖਰੀ ਸਲਾਮ (ਜੈ ਭੀਮ)**

12 ਅਪ੍ਰੈਲ 2025 ਦਾ ਦਿਨ ਸ਼ਨਿਚਰਵਾਰ ਜਿੱਥੇ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਲਈ ਇਤਿਹਾਸਕ ਰਹੇਗਾ, ਉਥੇ ਸ. ਮਹਿੰਦਰ ਸਿੰਘ ਮਾਹੀ ਨੂੰ ਵੀ ਯਾਦ ਕੀਤਾ ਜਾਂਦਾ ਰਹੇਗਾ, ਜਦੋਂ ਉਹਨਾਂ ਮੁੱਖ ਮਹਿਮਾਨ ਭਾਰਤੀ ਮੈਂਬਰ ਪਾਰਲੀਮੈਂਟ ਅਤੇ ਆਜ਼ਾਦ ਸਮਾਜ ਪਾਰਟੀ (ਕਾਂਸ਼ੀ ਰਾਮ) ਦੇ ਸੰਸਥਾਪਕ ਅਤੇ ਪ੍ਰਧਾਨ ਸ੍ਰੀ ਚੰਦਰ ਸ਼ੇਖਰ ਆਜ਼ਾਦ ਜੀ ਨੂੰ ਫੁੱਲਾਂ ਦੀ ਮਾਲਾ ਬਾਬਾ ਸਾਹਿਬ ਦੇ ਬਸਟ ਨੂੰ ਪਹਿਨਾਉਣ ਲਈ ਦਿੱਤੀ ਤਾਂ ਸ੍ਰੀ ਆਜ਼ਾਦ ਨੇ ਸ. ਮਹਿੰਦਰ ਸਿੰਘ ਮਾਹੀ ਨੂੰ ਕਿਹਾ ਕਿ ਤੁਸੀਂ ਹੀ ਬਾਬਾ ਸਾਹਿਬ ਦੇ ਬਸਟ ਨੂੰ ਮਾਲਾ ਪਹਿਨਾਓ ਤੇ ਉਹਨਾਂ ਬਾਬਾ ਸਾਹਿਬ ਡਾ. ਅੰਬੇਦਕਰ ਜੀ ਨੂੰ ਫੁੱਲਾਂ ਦੀ ਮਾਲਾ ਪਹਿਨਾਈ ਤੇ ਜੈ ਭੀਮ ਦੇ ਜੈਕਾਰੇ ਲਗਾਏ। ਬੋਲੇ ਸੋ ਨਿਰਭੈ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜੈਕਾਰੇ ਲਗਾਏ ਗਏ,

ਗੁਰੂ ਰਵਿਦਾਸ ਸ਼ਕਤੀ ਅਮਰ ਰਹੇ, ਗਲੀ ਗਲੀ ਤੋਂ ਆਈ ਆਵਾਜ਼- ਜੈ ਰਵਿਦਾਸ, ਜੈ ਰਵਿਦਾਸ।
ਭੀਮ ਰਾਓ ਤੇਰੀ ਸੋਚ ਤੇ ਪਹਿਰਾ ਦਿਆਂਗੇ ਠੋਕ ਕੇ, ਜੈ ਗੁਰਦੇਵ ਧੰਨ ਗੁਰੂ ਦੇਵ।

ਇਹ ਦ੍ਰਿਸ਼ ਬਹੁਤ ਹੀ ਭਾਵੁਕਤਾ ਭਰਪੂਰ ਸੀ। ਇਸ ਵਿਚ ਤਿੰਨ ਗੱਲਾਂ ਬਹੁਤ ਹੀ ਨਿੱਖਰ ਕੇ ਆਈਆਂ- ਪਹਿਲੀ ਸ. ਮਹਿੰਦਰ ਸਿੰਘ ਮਾਹੀ ਵੱਲੋਂ ਸਨਮਾਨ ਵਜੋਂ ਮੁੱਖ ਮਹਿਮਾਨ ਸ੍ਰੀ ਚੰਦਰ ਸ਼ੇਖਰ ਆਜ਼ਾਦ ਜੀ ਨੂੰ ਮਾਲਾ ਫੜਾਉਣੀ ਪਰ ਓਹਨਾਂ ਦੀ ਫਰਾਖਦਿਲੀ ਅਤੇ ਇਕ ਬਜ਼ੁਰਗ ਦਾ ਆਦਰ ਕਰਦਿਆਂ ਮਾਲਾ ਆਪ ਨਹੀਂ ਬਲਕਿ ਸ. ਮਹਿੰਦਰ ਸਿੰਘ ਮਾਹੀ ਜੀ ਨੂੰ ਦਿੱਤਾ ਕਿ ਤੁਸੀਂ ਪਹਿਨਾਓ ਮਾਲਾ ਬਾਬਾ ਸਾਹਿਬ ਨੂੰ ਤੇ ਉਹਨਾਂ ਪਹਿਨਾਈ ਤੇ ਬਹੁਤ ਹੀ ਝੁਕ ਕੇ ਬਾਬਾ ਸਾਹਿਬ ਡਾ. ਅੰਬੇਦਕਰ ਜੀ ਨੂੰ ਸ. ਮਹਿੰਦਰ ਸਿੰਘ ਮਾਹੀ ਜੀ ਨੇ ਪ੍ਰਣਾਮ ਕੀਤਾ। ਤੀਸਰੀ ਗੱਲ ਜੋ ਨਿੱਖਰ ਕੇ ਆਈ, ਉਹ ਸੀ ਬਿਨਾਂ ਕਿਸੇ ਮਾਇਕ ਇੰਨੀ ਉਚੀ ਆਵਾਜ਼ ਬੁਲੰਦ ਕਰਕੇ ਸ੍ਰੀ ਰਾਜ ਸੂਦ ਨੇ ਉਪਰੋਕਤ ਨਾਅਰੇ/ਜੈਕਾਰੇ ਲਗਾਏ ਤੇ ਸੰਗਤ ਨੇ ਸਾਥ ਦਿੱਤਾ। ਇਹ ਸਭ ਸਿੱਧ ਕਰਦਾ ਸੀ ਕਿ ਬਹੁਜਨ ਸਮਾਜ ਆਪਣੇ ਰਹਿਬਰਾਂ ਦੇ ਕੀਤੇ ਪਰਉਪਕਾਰਾਂ ਨੂੰ ਭੁਲਾਉਂਦਾ ਨਹੀਂ ਬਲਕਿ ਆਪਣੇ ਰਹਿਬਰਾਂ ਦੇ ਪਰਉਪਕਾਰਾਂ ਤੇ ਲਾਸਾਨੀ ਕੁਰਬਾਨੀਆਂ ਲਈ ਕੁਰਬਾਨੀ ਦੇਣ ਲਈ ਵੀ ਤੱਤਪਰ ਹੈ।

12 ਅਪ੍ਰੈਲ 2025 ਵਾਕਿਆ, ਇਹ ਦਿਨ ਇਕ ਇਤਿਹਾਸਕ ਦਿਨ ਸੀ ਤੇ ਰਹੇਗਾ ਤੇ ਕੌਣ ਜਾਣਦਾ ਸੀ ਕਿ ਸ. ਮਹਿੰਦਰ ਸਿੰਘ ਮਾਹੀ ਦਾ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਦਕਰ ਜੀ ਨੂੰ ਇਹ ਆਖਰੀ ਸਲਾਮ (ਜੈ ਭੀਮ) ਹੋਵੇਗਾ। ਉਹ ਵੀ ਬੜੇ ਅਦਬ ਦਾ ਤੇ ਨੌਜਵਾਨ ਪੀੜ੍ਹੀ ਦੇ ਆਗੂ ਸ੍ਰੀ ਚੰਦਰ ਸ਼ੇਖਰ ਆਜ਼ਾਦ ਦੀ ਮੌਜੂਦਗੀ 'ਚ ਇਹ ਨਜ਼ਾਰਾ ਦੇਖਣ ਨੂੰ ਮਿਲੇਗਾ। ਅਦਾਰਾ 'ਦੇਸ਼ ਦੁਆਬਾ' ਸ. ਮਹਿੰਦਰ ਸਿੰਘ ਮਾਹੀ ਜੀ ਨੂੰ ਭਾਵ ਭਿੰਨੀ ਸ਼ਰਧਾਂਜਲੀ ਦਿੰਦਾ ਹੈ ਅਤੇ ਵਕਤ ਅਨੁਸਾਰ ਉਹਨਾਂ ਦੀਆਂ ਯਾਦਾਂ ਨੂੰ ਮੀਡੀਏ ਰਾਹੀਂ ਨਸ਼ਰ ਕਰਨ ਦਾ ਯਤਨ ਕਰੇਗਾ। ਅਦਾਰਾ ਦੇਸ਼ ਦੁਆਰਾ ਸਮੂਹ ਦੁਖੀ ਮਾਹੀ ਪਰਿਵਾਰ ਦੇ ਇਸ ਅਕਹਿ ਅਤੇ ਅਸਹਿ ਭਾਣੇ 'ਚ ਨਾਲ ਖੜ੍ਹਾ ਹੈ।

**- ਪ੍ਰੇਮ ਕੁਮਾਰ ਚੁੰਬਰ**
**1-916-947-8920**

**ਸ੍ਰੀ ਵਿਨੋਦ ਕੁਮਾਰ ਚੁੰਬਰ (ਚੇਅਰਮੈਨ) (510-953-9800) ਅਤੇ ਸਮੂਹ ਪ੍ਰਬੰਧਕ ਕਮੇਟੀ ਅਹੁਦੇਦਾਰ ਅਤੇ ਮੈਂਬਰ**

**ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)**

**ਐਸੀ ਲਾਲ ਤੁਝ ਬਿਨੁ ਕਉਨੁ ਕਰੈ॥ ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥**
**ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ॥ ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥**

# ਸ਼੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)

**31252 Veasy Street Union City CA 94587**



ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

ਸ਼੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਜੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ 25 ਮਈ 2025 ਦਾ ਪ੍ਰੋਗਰਾਮ ਸਾਡੇ ਬਹੁਤ ਹੀ ਸਤਿਕਾਰਯੋਗ ਮਹਿੰਦਰ ਸਿੰਘ ਮਾਹੀ ਜੀ ਨੂੰ ਸਮਰਪਿਤ ਹੋਵੇਗਾ। ਉਹਨਾਂ ਦੇ ਅਕਾਲ ਚਲਾਣੇ ਨਾਲ ਜਿੱਥੇ ਸਮੂਹ ਮਾਹੀ ਪਰਿਵਾਰ ਅਤੇ ਸਮਾਜ ਨੂੰ ਅਸਹਿ ਸਦਮਾ ਲੱਗਾ, ਉਥੇ ਪੂਰੇ ਸਮਾਜ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ। ਉਹਨਾਂ ਦੀ ਅਚਾਨਕ ਮੌਤ ਨੇ ਸਾਰੀ ਕਮਿਊਨਟੀ ਨੂੰ ਬਹੁਤ ਹੈਰਾਨ ਅਤੇ ਉਦਾਸ ਕਰ ਦਿੱਤਾ ਹੈ। ਸਮੂਹ ਸਾਧ ਸੰਗਤ ਅੱਗੇ ਬੇਨਤੀ ਕਰਦੇ ਹਾਂ ਕਿ ਪ੍ਰੋਗਰਾਮ 'ਤੇ ਪਹੁੰਚ ਕੇ ਆਪਣੀ ਨਿੱਘੀ ਸ਼ਰਧਾਂਜਲੀ ਦਿਓ ਜੀ। ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਉਹਨਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਅਤੇ ਪਰਿਵਾਰ ਨੂੰ ਇਹ ਭਾਣਾ ਮੰਨਣ ਦਾ ਬਲ ਬਖਸ਼ੇ।



25 ਮਈ 2025 ਨੂੰ ਸੰਤ ਰਾਮਾਨੰਦ (ਡੇਰਾ ਬੱਲਾਂ) ਜੀ ਨੂੰ ਸ਼ਰਧਾਂਜਲੀ ਦੇਣ ਲਈ ਸਮਾਗਮ ਹੋਵੇਗਾ।


**ਪ੍ਰੋਗਰਾਮ 25 ਮਈ 2025 ਦਿਨ ਐਤਵਾਰ ਨੂੰ 31252 ਵੀਸੀ ਸਟ੍ਰੀਟ ਯੂਨੀਅਨ ਸਿਟੀ ਕੈਲੀਫੋਰਨੀਆ 94587 ਵਿਖੇ ਸਵੇਰੇ 10 ਵਜੇ ਤੋਂ ਲੈ ਕੇ ਸ਼ਾਮ ਦੇ 3 ਵਜੇ ਤਕ ਹੋਵੇਗਾ**

**ਗੁਰੂ ਘਰ ਦੇ ਆਉਣ ਵਾਲੇ ਪ੍ਰੋਗਰਾਮਾਂ ਦਾ ਵੇਰਵਾ**

25 ਮਈ 2025 ਦਿਨ ਐਤਵਾਰ ਨੂੰ ਸ. ਮਹਿੰਦਰ ਸਿੰਘ ਮਾਹੀ ਨੂੰ ਸ਼ਰਧਾਂਜਲੀ ਸਮਾਗਮ

15 ਜੂਨ ਅਤੇ 29 ਜੂਨ 2025 ਦੇ ਪ੍ਰੋਗਰਾਮ ਬੁੱਕ ਹੋ ਚੁੱਕੇ ਹਨ।


13 ਜੁਲਾਈ ਅਤੇ 27 ਜੁਲਾਈ ਲਈ ਸੇਵਾਵਾਂ ਲੈਣ ਲਈ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰੋ ਜੀ।



**ਗੁਰੂ ਘਰ ਦੀ ਬਿਲਡਿੰਗ ਨੂੰ ਪੂਰਾ ਕਰਨ ਲਈ ਆਪਣਾ ਵੱਧ ਤੋਂ ਵੱਧ ਯੋਗਦਾਨ ਪਾਓ ਜੀ।**
**ਗੁਰੂ ਘਰ ਦਾ ਪ੍ਰੋਗਰਾਮ ਹਰ ਦੂਸਰੇ ਅਤੇ ਚੋਥੇ ਐਤਵਾਰ ਨੂੰ ਹੁੰਦਾ ਹੈ।**
**ਪ੍ਰੋਗਰਾਮ ਦੀ ਸੇਵਾ ਲੈਣ ਲਈ ਕਮੇਟੀ ਨਾਲ ਸੰਪਰਕ ਕਰੋ ਜੀ।**



**Chairman**
Vinod Kumar Chumber
510-953-9800



**President**
Tarlochan Singh Badhan
510-712-1743



**General Secretary**
Naresh Kumar Gaddu
510-857-4551



**Treasurer**
Mandeep Rai
415-342-9159

# MR. AMRIK CHAND LAKHA REMEMBERS HIS LATE PARENTS

In commemoration of the legacy of his late parents (Late Shri Piara Ram Lakha and Late Mrs. Kartari Lakha) Amrik Chand Lakha joined by his family, friends and relatives paid their homage to the departed souls with the performance of Sukhmani Path followed by Shabad kirtan, holy Ardas and Langar Sewa at Shri Guru Ravidass Temple, Pittsburg on Sunday, May 18th, 2025.

Mr. Amrik Chand, a successful professional in his career, is a very dedicated and a well known family of our community and is always seen in the forefronts of any progressive cause for the benefit of the community.

Mr. O. P. Balley and Mr. Randhir Suman, founding members of Shri Guru Ravidass Sabhas Pittsburg and Fremont respectively, paid their homage to the legacy of the departed souls.

The greatest contribution of parents, besides raising their children, is their dedicated efforts to get them well educated and guide them to the right path for advancement in their livesand Mr. Amrik Chand is a living symbol of that.

I had the opportunity to meet the respected parents of Mr. Amrik Chand in personon many occasions and could realize and understand their potential and far sightedness deeply rooted in them for the welfare of the family and the community at large.

Human body is mortal but immortality of soul is eternal.

With hearty prayers for peace and tranquility of the departed souls.

**O. P. Balley**







Pictures by Prem Kumar Chumber (Desh Doaba)












# MR. AMRIK CHAND LAKHA REMEMBERS HIS LATE PARENTS




Late Shri Piara Ram Lakha and Late Mrs. Kartari Lakha
















Pictures by Prem Kumar Chumber (Desh Doaba)








# ਦਵਾਈਆਂ ਦੀ ਪੜ੍ਹਾਈ-ਫਿਰ ਕੀਤੀ ਚੋਰੀ ਦੀ ਕਮਾਈ ਕਰਵਾ ਲਿਆ ਲਾਇਸੰਸ ਰੱਦ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)** 4 ਸਾਲਾਂ ਦੀ ਔਖੀ ਪੜ੍ਹਾਈ ਕਰਕੇ ਕੋਈ ਫਾਰਮਾਸਿਸਟ ਬਣਦਾ ਹੈ ਅਤੇ ਨੌਕਰੀ ਲੱਗ ਕੇ ਆਪਣੇ ਮਾਲਕ ਦੀ ਦੁਕਾਨ ਤੋਂ ਹੀ ਤਰੀਕੇ ਨਾਲ ਦਵਾਈਆਂ ਚੋਰੀ ਕਰਕੇ ਸ਼ਰੇਆਮ ਵੈਬਸਾਈਟ ਉਤੇ ਪਾ ਕੇ ਵੇਚਦਾ ਫੜਿਆ ਜਾਂਦਾ ਹੈ ਤਾਂ ਇਹੀ ਕਿਹਾ ਜਾ ਸਕਦਾ ਹੈ ਕਿ ਕੀ ਸਿੱਖਿਆ ਐਨੀ ਪੜ੍ਹਾਈ ਕਰਕੇ। ਨਿਊਜ਼ੀਲੈਂਡ ਦੇ ਵਿਚ ਇਕ ਅਜਿਹੀ ਹੀ ਧੋਖਾਧੜੀ ਕੀਤੀ ਹੈ ਇਕ ਫਾਰਮਾਸਿਸਟ ਜਯੰਤ ਪਟੇਲ ਨੇ। ਉਸਨੇ 'ਟ੍ਰੇਡ ਮੀ' ਵੈਬਸਾਈਟ ਉਤੇ ਦਵਾਈਆਂ ਵਾਲੀ ਦੁਕਾਨ ਤੋਂ ਚੋਰੀ ਕੀਤੀਆਂ ਦਵਾਈਆਂ ਤੇ ਹੋਰ ਸਮਾਨ ਨੂੰ ਆਨਲਾਈਨ ਵੇਚ ਕੇ 126,000 ਡਾਲਰ ਕਮਾਏ। ਇਹ ਕੰਮ ਉਹ 4 ਸਾਲ ਤੱਕ ਕਰਦਾ ਰਿਹਾ। ਆਖਿਰ ਮਾਲਕ ਨੂੰ ਭਿਣਕ ਲੱਗਣ ਉਤੇ ਸੀ.ਸੀ. ਟੀ.ਵੀ. ਦੀ ਮਦਦ ਨਾਲ ਫੜ੍ਹਿਆ ਗਿਆ।



ਕੀ ਸੀ ਤਰੀਕਾ? ਜਯੰਤ ਪਟੇਲ ਜਿਸ ਫਾਰਮੇਸੀ ਵਿਖੇ ਕੰਮ ਕਰਦਾ ਸੀ, ਉਥੋਂ ਲੋੜ ਤੋਂ ਜਿਆਦਾ ਸਟਾਕ ਦਾ ਆਰਡਰ ਦੇ ਦਿੰਦਾ ਸੀ, ਅਤੇ ਫਿਰ ਆਪਣੇ ਕੰਮ ਨੂੰ ਲੁਕਾਉਣ ਲਈ ਖਰੀਦੋ-ਫਰੋਖਤ ਆਰਡਰਾਂ ਨੂੰ ਫਾਈਲ ਕਰ ਲੈਂਦਾ ਸੀ। ਉਸਨੇ ਐਲਰਜੀ ਤੋਂ ਰਾਹਤ ਵਾਲੀਆਂ, ਐਂਟੀਫੰਗਲ ਇਲਾਜ, ਆਇਰਨ ਸਪਲੀਮੈਂਟ, ਐਂਟੀਸੈਪਟਿਕ ਕਰੀਮ, ਜੁਲਾਬ, ਰਿਫਲਕਸ ਦਵਾਈ, ਅੱਖਾਂ ਦੇ ਤੁਪਕੇ, ਸਿਗਰਟਨੋਸ਼ੀ ਬੰਦ ਕਰਨ ਵਾਲਾ ਗੱਮ, ਲੋਜ਼ੈਂਜ ਅਤੇ ਪੈਚ ਆਦਿ ਆਨ ਲਾਈਨ ਵੇਚਣੇ ਸ਼ੁਰੂ ਕੀਤੇ। ਚਾਰ ਸਾਲਾਂ ਵਿੱਚ, ਉਸਨੇ ਦੋ 'ਟਰੇਡ ਮੀ' ਖਾਤਿਆਂ ਰਾਹੀਂ 6000 ਦਵਾਈਆਂ ਨੂੰ ਵੇਚਣ ਲਈ ਨੈਟ 'ਤੇ ਪਾਇਆ, ਜਿਸ ਨਾਲ ਲਗਭਗ 2000 ਦਵਾਈਆਂ ਆਨ-ਲਾਈਨ ਵਿਕੀਆਂ। ਪਟੇਲ ਦੇ ਫੜੇ ਜਾਣ ਤੋਂ ਬਾਅਦ, ਉਸ 'ਤੇ ਇੱਕ ਖਾਸ ਰਿਸ਼ਤੇ ਵਾਲੇ ਵਿਅਕਤੀ ਦੁਆਰਾ ਚੋਰੀ ਦਾ ਦੋਸ਼ ਲਗਾਇਆ ਗਿਆ ਅਤੇ ਜ਼ਿਲ੍ਹਾ ਅਦਾਲਤ ਵਿੱਚ ਛੇ ਮਹੀਨਿਆਂ ਦੀ ਭਾਈਚਾਰਕ ਨਜ਼ਰਬੰਦੀ ਦੀ ਸਜ਼ਾ ਸੁਣਾਈ ਗਈ। ਪਟੇਲ ਦੇ ਕੇਸ ਦੀ ਸੁਣਵਾਈ ਹੈਲਥ ਪ੍ਰੈਕਟੀਸ਼ਨਰਜ਼ ਡਿਸਪਲਨਅਰੀ ਟ੍ਰਿਬਿਊਨਲ (8P4") ਦੁਆਰਾ ਵੀ ਕੀਤੀ ਗਈ ਸੀ, ਜਿਸਨੇ ਉਸਨੂੰ ਪਿਛਲੇ ਸਾਲ ਪੇਸ਼ੇਵਰ ਦੁਰਾਚਾਰ ਦੇ ਦੋ ਦੋਸ਼ਾਂ ਵਿੱਚ ਦੋਸ਼ੀ ਪਾਇਆ ਸੀ, ਜਿਸ ਨਾਲ ਉਸਦੇ ਪੇਸ਼ੇ ਨੂੰ ਬਦਨਾਮੀ ਹੋਈ ਸੀ। ਜੁਰਮਾਨਾ ਥੋੜ੍ਹੀ ਦੇਰ ਬਾਅਦ ਜਾਰੀ ਕੀਤਾ ਗਿਆ ਸੀ ਪਰ ਇਸ ਹਫ਼ਤੇ ਹੀ ਜਨਤਕ ਤੌਰ 'ਤੇ ਦੱਸਿਆ ਗਿਆ ਸੀ। ਫੈਸਲੇ ਦੇ ਅਨੁਸਾਰ, ਪਟੇਲ ਦੀ ਰਜਿਸਟਰੇਸ਼ਨ ਰੱਦ ਕਰ ਦਿੱਤੀ ਗਈ ਸੀ ਅਤੇ ਉਸਨੂੰ ਛੇ ਮਹੀਨਿਆਂ ਲਈ ਫਾਰਮੇਸੀ ਕੌਂਸਲ ਕੋਲ ਦੁਬਾਰਾ ਰਜਿਸਟਰੇਸ਼ਨ ਲਈ ਅਰਜ਼ੀ ਦੇਣ ਦੀ ਆਗਿਆ ਨਹੀਂ ਸੀ। ਕੌਂਸਲ ਦੇ ਜਨਤਕ ਰਜਿਸਟਰ ਦੇ ਅਨੁਸਾਰ, ਉਹ ਸਮਾਂ ਹੁਣ ਬੀਤ ਗਿਆ ਹੈ ਪਰ ਪਟੇਲ ਨੇ ਦੁਬਾਰਾ ਰਜਿਸਟਰ ਨਹੀਂ ਕੀਤਾ ਹੈ।

ਟ੍ਰਿਬਿਊਨਲ ਦੇ ਫੈਸਲੇ ਦੇ ਅਨੁਸਾਰ, ਪਟੇਲ ਦੇ ਅਪਰਾਧ ਦਾ ਪਰਦਾਫਾਸ਼ ਉਦੋਂ ਹੋਇਆ ਜਦੋਂ ਫਾਰਮੇਸੀ ਮਾਲਕ ਨੂੰ ਅਹਾਤੇ ਵਿੱਚ ਨਿਕੋਟੀਨ ਲੋਜ਼ੈਂਜ ਦੇ ਵਾਧੂ ਡੱਬੇ ਮਿਲੇ। ਉਸਨੇ ਸਟੋਰ ਦੇ ਅੰਦਰੋਂ ਸੀਸੀਟੀਵੀ ਫੁਟੇਜ ਦੀ ਸਮੀਖਿਆ ਕੀਤੀ, ਜਿਸ ਤੋਂ ਪਤਾ ਚੱਲਿਆ ਕਿ ਪਟੇਲ ਵਾਧੂ ਸਟਾਕ ਆਰਡਰ ਕਰਨ ਅਤੇ ਇਸਨੂੰ ਫਾਰਮੇਸੀ ਤੋਂ ਹਟਾਉਣ ਲਈ ਜ਼ਿੰਮੇਵਾਰ ਸੀ। ਫਿਰ ਮਾਲਕ ਨੇ ਇੱਕ ਨਿੱਜੀ ਜਾਂਚਕਰਤਾ ਨੂੰ ਨੌਕਰੀ 'ਤੇ ਰੱਖਿਆ ਜਿਸਨੇ 2020 ਵਿੱਚ ਪਟੇਲ 'ਤੇ ਅੱਖ ਰੱਖੀ। ਉਸਨੇ ਚੋਰੀ ਕਬੂਲ ਕਰ ਲਈ ਅਤੇ ਤੁਰੰਤ ਫਾਰਮੇਸੀ ਨੂੰ 100,000 ਡਾਲਰ ਵਾਪਸ ਕਰ ਦਿੱਤੇ। ਪਟੇਲ ਨੇ ਪ੍ਰਾਈਵੇਟ ਜਾਂਚਕਰਤਾ ਨੂੰ ਦੱਸਿਆ ਕਿ ਉਸਨੇ ਆਪਣੇ ਫਾਰਮਾਸਿਸਟ ਦੀ ਰਜਿਸਟਰੇਸ਼ਨ ਟਰੇਡ ਮੀ ਨੂੰ ਦਿੱਤੀ ਸੀ ਤਾਂ ਜੋ ਇੱਕ ਕਾਨੂੰਨੀ ਲੋੜ ਪੂਰੀ ਹੋ ਸਕੇ। ਪਟੇਲ ਦੀ ਸਜ਼ਾ 'ਤੇ ਵਿਚਾਰ ਕਰਦੇ ਹੋਏ, ਟ੍ਰਿਬਿਊਨਲ ਨੇ ਪਾਇਆ ਕਿ ਉਸਦੀ ਰਜਿਸਟਰੇਸ਼ਨ ਰੱਦ ਕਰਨਾ ਜਨਤਾ ਨੂੰ ਉਸਦੇ ਬੇਈਮਾਨ ਅਤੇ ਗੈਰ-ਭਰੋਸੇਯੋਗ ਵਿਵਹਾਰ ਤੋਂ ਬਚਾਉਣ ਲਈ ਉਚਿਤ ਸੀ।

ਪਟੇਲ ਨੂੰ ਕਾਨੂੰਨੀ ਖਰਚੇ ਵਜੋਂ 41,000 ਡਾਲਰ ਦਾ ਭੁਗਤਾਨ ਕਰਨ ਦਾ ਹੁਕਮ ਦਿੱਤਾ ਗਿਆ। ਉਸਨੂੰ ਦੁਬਾਰਾ ਰਜਿਸਟਰ ਕਰਨ ਲਈ ਅਰਜ਼ੀ ਦੇਣ ਤੋਂ ਪਹਿਲਾਂ, ਫਾਰਮੇਸਿਸਟਾਂ ਲਈ ਕਾਨੂੰਨੀ ਅਤੇ ਪੇਸ਼ੇਵਰ ਜ਼ਿੰਮੇਵਾਰੀਆਂ ਨੂੰ ਸਮਝਣ ਵਾਲੀ ਸਿਖਲਾਈ ਜਾਂ ਹਦਾਇਤ ਦਾ ਇੱਕ ਕੋਰਸ ਪੂਰਾ ਕਰਨ ਦੀ ਜ਼ਰੂਰਤ ਹੋਏਗੀ, ਜਿਵੇਂ ਕਿ ਫਾਰਮੇਸੀ ਕੌਂਸਲ ਦੁਆਰਾ ਪ੍ਰਵਾਨਿਤ ਕੀਤਾ ਗਿਆ ਹੈ।

ਪਟੇਲ ਦੇ ਵਕੀਲ, ਇਆਨ ਬਰੂਕੀ, ਨੇ ਕਿਹਾ ਕਿ ਉਨ੍ਹਾਂ ਦੇ ਮੁਵੱਕਿਲ ਨੇ ਆਪਣੇ ਅਪਰਾਧ ਦੀ ਜ਼ਿੰਮੇਵਾਰੀ ਸਵੀਕਾਰ ਕਰ ਲਈ ਹੈ ਅਤੇ ਫਾਰਮੇਸੀ ਨੂੰ ਪੈਸੇ ਵਾਪਸ ਕਰ ਦਿੱਤੇ ਹਨ। ਉਹ ਹਮੇਸ਼ਾ ਪਛਤਾਵਾ ਕਰਦਾ ਰਿਹਾ ਹੈ ਅਤੇ ਆਪਣੇ ਕੰਮਾਂ ਲਈ ਪਛਤਾਵਾ ਕਰਦਾ ਰਹਿੰਦਾ ਹੈ।

# ਹੇਸਟਿੰਗਜ਼ ਵਿਖੇ ਅਕਾਲ ਰਾਈਡਰਜ਼ ਅਤੇ ਸਿੰਘ ਸਪੋਰਟਸ ਤੇ ਕਲਚਰਲ ਕਲੱਬ ਵੱਲੋਂ ਚੌਥਾ ਖ਼ੂਨਦਾਨ ਕੈਂਪ ਆਯੋਜਿਤ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਅੱਜ ਅਕਾਲ ਰਾਈਡਰਜ਼ ਨਿਊਜ਼ੀਲੈਂਡ ਅਤੇ ਸਿੰਘ ਸਪੋਰਟਸ ਅਤੇ ਕਲਚਰਲ ਕਲੱਬ ਨੇ ਖ਼ੂਨਦਾਨ ਨੂੰ ਜੀਵਨ ਦਾਨ ਦੇ ਵਿਚ ਬਦਲਣ ਦੇ ਆਪਣੇ ਉਦਮ ਨੂੰ ਚੌਥੇ ਸਾਲ ਦਾਖਲ ਕਰ ਲਿਆ। ਇਹ ਖ਼ੂਨਦਾਨ ਕੈਂਪ ਟੋਈਟੋਈ ਇਵੈਂਟ ਸੈਂਟਰ ਹੇਸਟਿੰਗਜ਼ ਵਿਖੇ ਸਵੇਰੇ 11 ਵਜੇ ਤੋਂ ਸ਼ਾਮ 6 ਵਜੇ ਤੱਕ ਲਗਾਇਆ ਗਿਆ ਸੀ। ਇਸ ਕੈਂਪ ਦੇ ਮੁੱਖ ਆਯੋਜਕ ਸ. ਸੁਖਦੀਪ



ਸਿੰਘ ਖਹਿਰਾ ਖ਼ੂਨ ਦਾਨ ਕਰ ਵਾਲੇ ਸਾਰੇ ਮਹਾਨ ਦਾਨੀਆਂ ਦਾ ਧੰਨਵਾਦ ਕੀਤਾ, ਜੋ ਕਿ ਲੋਕਾਂ ਦੀ ਜ਼ਿੰਦਗੀ ਬਚਾਉਣ ਵਾਸਤੇ ਅੱਗੇ ਆਏ। ਖ਼ੂਨ ਦਾਨੀਆਂ ਦੇ ਵਿਚ 10 ਅਜਿਹੇ ਖ਼ੂਨਦਾਨੀ ਵੀ ਆਏ ਜਿਹੜੇ ਪਹਿਲੀ ਵਾਰ ਇਸ ਨੇਕ ਕੰਮ ਲਈ ਅੱਗੇ ਹੋਏ। ਕੈਂਪ ਦੇ ਵਿਚ ਸਹਿਯੋਗ ਦੇ ਲਈ ਸ੍ਰੀ ਮਨਜੀਤ ਸੰਧੂ, ਜਸਮੀਤ ਬੇਦੀ, ਹਰਮਨ ਪ੍ਰੀਤ ਸਿੰਘ ਅਤੇ ਹਰਵਿੰਦਰ ਵਿਰਕ ਪਹੁੰਚੇ। ਮੀਡੀਆ ਸਹਿਯੋਗੀ ਰੇਡੀ ਸਪਾਈਸ, ਪੰਜਾਬੀ ਹੈਰਲਡ ਅਤੇ ਡੇਲੀ ਖ਼ਬਰ ਦਾ ਧੰਨਵਾਦ ਕੀਤਾ ਗਿਆ। ਖ਼ੂਨਦਾਨ ਕੈਂਪ ਨੂੰ ਸਫਲ ਕਰਨ ਦੇ ਲਈ ਗੁਰਦੁਆਰਾ ਸਾਹਿਬ ਜੀ ਹੇਸਟਿੰਗਜ਼, ਸ੍ਰੀ ਗੁਰੂ ਰਵਿਦਾਸ ਟੈਂਪਲ ਹੇਸਟਿੰਗਜ਼, ਮਲਟੀਕਲਚਰਲ ਐਸੋਸੀਏਸ਼ਨ ਹਾਕਸਬੇਅ, ਟੈਨੀਸਨ ਕੈਫੇ, ਡੋਮੀਨੋਸ, ਐਮ.ਪੀ. ਫੂਡਜ਼, ਸ. ਜਰਨੈਲ ਸਿੰਘ ਹਜ਼ਾਰਾ, ਸ. ਹਰਮਨ ਪ੍ਰੀਤ ਸਿੰਘ - ਇਨਸ਼ੋਰੈਂਸ ਐਡਵਾਈਜ਼ਰ, ਹਾਸਟਿੰਗਸ ਟੈਕਸੀਸ, ਟੀਮ ਵਰਕ, ਹਿੰਦੂ ਕੌਂਸਲ, ਇੰਡੋਨੇਸ਼ੀਆਈ ਅਤੇ ਫਿਲੀਪੀਨੀ ਭਾਈਚਾਰੇ ਦਾ ਵੀ ਕਾਫੀ ਯੋਗਦਾਨ ਰਿਹਾ। ਸੋ ਸੱਚਮੁੱਚ ਖ਼ੂਨਦਾਨ ਕਰਨਾ ਜੀਵਨ ਦਾਨ ਕਰਨ ਵਾਂਗ ਹੁੰਦਾ ਹੈ ਅਤੇ ਜਿਹੜੇ ਅਜਿਹਾ ਦਾਨ ਕਰਦੇ ਹਨ ਉਹ ਮਹਾਨ ਹੁੰਦੇ ਹਨ।

# ਡੀ ਪੀ ਆਰ ਓ ਸ੍ਰੀ ਹਾਕਮ ਥਾਪਰ ਨੂੰ ਪਦਉਨਤ ਕਰਕੇ ਡਿਪਟੀ ਡਾਇਰੈਕਟਰ ਜਲੰਧਰ ਕੀਤਾ ਨਿਯੁਕਤ



**ਸਰੀ/ਵੈਨਕੂਵਰ (ਕੁਲਦੀਪ ਚੁੰਬਰ)-** ਪੰਜਾਬ ਸਰਕਾਰ ਵਲੋਂ ਸ੍ਰੀ ਹਾਕਮ ਥਾਪਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਜਲੰਧਰ ਨੂੰ ਬਤੌਰ ਡਿਪਟੀ ਡਾਇਰੈਕਟਰ ਪਦਉਨਤ ਕਰਕੇ ਜਲੰਧਰ ਵਿਖੇ ਤਾਇਨਾਤ ਕੀਤਾ ਗਿਆ। ਸ੍ਰੀ ਹਾਕਮ ਥਾਪਰ ਵਲੋਂ ਬਤੌਰ ਡਿਪਟੀ ਡਾਇਰੈਕਟਰ ਤਰੱਕੀ ਪਾਉਣਾ ਜਲੰਧਰ ਜ਼ਿਲ੍ਹੇ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ। ਲੋਕ ਸੰਪਰਕ ਵਿਭਾਗ ਦੇ ਸਾਬਕਾ ਅਧਿਕਾਰੀ ਅਤੇ ਲੋਕ ਗਾਇਕ ਦਲਵਿੰਦਰ ਦਿਆਲਪੁਰੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੈਂ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਮਿਹ-ਨਤੀ, ਸਿਰੜੀ ਤੇ ਆਪਣੇ ਕੰਮ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਅਧਿਕਾਰੀ ਸ੍ਰੀ ਹਾਕਮ ਥਾਪਰ ਨੂੰ ਪ੍ਰਮਾਤਮਾ ਦਿਨ ਦੁੱਗਣੀ ਤੇ ਰਾਤ ਚੌਗੁਣੀ ਤਰੱਕੀ ਬਖਸ਼ਣ।

# ਨਸ਼ਾ ਮੁਕਤੀ ਯਾਤਰਾ ਕਪੂਰਥਲਾ ਦੇ 11 ਪਿੰਡਾਂ ਵਿਚ ਲੋਕਾਂ ਵਲੋਂ ਨਸ਼ੇ ਵਿਰੁੱਧ ਲੜਾਈ ਨੂੰ ਅੰਜਾਮ ਤੱਕ ਪਹੁੰਚਾਉਣ ਦਾ ਅਹਿਦ

**ਫਗਵਾੜਾ (ਬੀ.ਕੇ.ਰੱਤੂ)-** ਪੰਜਾਬ ਸਰਕਾਰ ਵਲੋਂ ਨਸ਼ੇ ਦੀ ਅਲਾਮਤ ਨੂੰ ਜੜੋਂ ਖਤਮ ਕਰਨ ਲਈ ਸ਼ੁਰੂ ਕੀਤੀ ਗਈ ਨਸ਼ਾ ਮੁਕਤੀ ਯਾਤਰਾ ਤਹਿਤ ਅੱਜ ਕਪੂਰਥਲਾ ਜਿਲ੍ਹੇ ਦੇ 11 ਪਿੰਡਾਂ ਦੇ ਲੋਕਾਂ ਨੇ ਨਸ਼ੇ ਵਿਰੁੱਧ ਲੜਾਈ ਵਿਚ ਮੂਹਰੇ ਹੋ ਕੇ ਲੜਨ ਦਾ ਅਹਿਦ ਲਿਆ। ਅੱਜ ਕਪੂਰਥਲਾ ਜਿਲ੍ਹੇ ਦੇ ਪਿੰਡ ਚੱਕ, ਸੰਧੂ ਚੱਠਾ, ਸੁੰਨੜਵਾਲਾ ਜਦਕਿ ਭੁਲੱਥ ਹਲਕੇ ਦੇ ਗੁਡਾਣੀ, ਸੰਗੋਵਾਲ ਤੇ ਸੰਗਰਾਈ, ਫਗਵਾੜਾ ਹਲਕੇ ਦੇ ਬਿਸ਼ਨਪੁਰ ਤੇ ਫਤਹਿਗੜ੍ਹ ਅਤੇ ਸੁਲਤਾਨਪੁਰ ਲੋਧੀ ਹਲਕੇ ਦੇ ਪਿੰਡਾਂ ਪੱਮਣ, ਸ਼ਾਲਾਪੁਰ ਬੇਟ ਤੇ ਤਲਵੰਡੀ ਚੌਧਰੀਆਂ ਵਿਚ ਨਸ਼ਾ ਮੁਕਤੀ ਯਾਤਰਾ ਤਹਿਤ ਸਭਾਵਾਂ ਕਰਵਾਈਆਂ ਗਈਆਂ। ਇਨ੍ਹਾਂ ਸਭਾਵਾਂ ਵਿਚ ਵੱਡੀ ਗਿਣਤੀ ਵਿਚ ਸ਼ਮੂਲੀਅਤ ਕਰਕੇ ਪੰਜਾਬ ਸਰਕਾਰ ਵਲੋਂ ਨਸ਼ੇ ਵਿਰੁੱਧ ਛੇੜੀ ਜੰਗ ਵਿਚ ਭਾਗੀਦਾਰ ਬਣਨ ਦੀ ਸਹੁੰ ਚੁੱਕੀ ਗਈ।




ਕਪੂਰਥਲਾ ਹਲਕੇ ਦੇ ਪਿੰਡਾਂ ਚੱਕ, ਸੰਧੂ ਚੱਠਾ, ਸੁੰਨੜਵਾਲਾ ਵਿਖੇ ਚੇਅਰਮੈਨ ਜਿਲ੍ਹਾ ਯੋਜਨਾ ਬੋਰਡ ਲਲਿਤ ਸਕਲਾਨੀ ਦੀ ਅਗਵਾਈ ਹੇਠ ਹੋਈਆਂ ਸਭਾਵਾਂ ਵਿਚ ਵੱਡੀ ਗਿਣਤੀ ਵਿਚ ਲੋਕਾਂ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਚਲਾਈ ਗਈ ਇਸ ਯਾਤਰਾ ਦਾ ਮਕਸਦ ਨਸ਼ੇ ਵਿਰੁੱਧ ਲੜਾਈ ਨੂੰ ਲੋਕ ਲਹਿਰ ਬਣਾਉਣਾ ਹੈ ਕਿਉਂਕਿ ਲੋਕਾਂ ਦੇ ਸਹਿਯੋਗ ਨਾਲ ਹੀ ਇਸਨੂੰ ਨਿਰਣਾਇਕ ਅੰਜਾਮ ਤੱਕ ਪਹੁੰਚਾਇਆ ਜਾ ਸਕਦਾ ਹੈ।

ਇਸੇ ਤਰ੍ਹਾਂ ਸੁਲਤਾਨਪੁਰ ਲੋਧੀ ਹਲਕੇ ਦੇ ਪਿੰਡਾਂ ਪੱਮਣ, ਸ਼ਾਲਾਪੁਰ ਬੇਟ ਤੇ ਤਲਵੰਡੀ ਚੌਧਰੀਆਂ ਵਿਖੇ ਸਭਾਵਾਂ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਨਗਰ ਸੁਧਾਰ ਟਰੱਸਟ ਸੱਜਣ ਸਿੰਘ ਚੀਮਾ ਨੇ ਕਿਹਾ ਕਿ ' ਇਹ ਨਸ਼ਾ ਮੁਕਤੀ ਯਾਤਰਾ ਕੋਈ ਸਿਆਸੀ ਯਾਤਰਾ ਨਹੀਂ, ਸਗੋਂ ਨਸ਼ੇ ਦੇ ਖਾਤਮੇ ਦਾ ਸਮਾਜਿਕ ਸੰਕਲਪ ਹੈ। ਉਨ੍ਹਾਂ ਕਿਹਾ ਕਿ ਸਮਾਜ ਦਾ ਹਰ ਵਰਗ, ਪੰਚਾਇਤ, ਮਾਤਾ-ਪਿਤਾ ਇਸ ਅੰਦੋਲਨ ਨਾਲ ਜੁੜਨ ਤਾਂ ਜੋ ਨਸ਼ੇ ਦੇ ਦੈਂਤ ਨੂੰ ਹਰਾਇਆ ਜਾ ਸਕੇ। ਇਸੇ ਤਰ੍ਹਾਂ ਭੁਲੱਥ ਵਿਖੇ ਗੁਡਾਣੀ, ਸੰਗੋਵਾਲ ਤੇ ਸੰਗਰਾਈ ਪਿੰਡਾਂ ਵਿਚ ਡਾਇਰੈਕਟਰ ਜਲ ਸਰੋਤ ਵਿਭਾਗ ਤੇ ਮੈਂਬਰ ਪੰਜਾਬ ਕ੍ਰਿਕਟ ਐਸੋਸੀਏਸ਼ਨ ਐਡਵੋਕੇਟ ਹਰਸਿਮਰਨ ਸਿੰਘ ਘੁੰਮਣ ਨੇ ਲੋਕਾਂ ਨੂੰ ਨਸ਼ੇ ਵਿਰੁੱਧ ਲੜਾਈ ਦਾ ਹਲਫ ਦਿਵਾਇਆ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੀ ਲੜਾਈ ਪਿੰਡ-ਪਿੰਡ ਤੋਂ ਸ਼ੁਰੂ ਹੋ ਚੁੱਕੀ ਹੈ, ਜਿਸ ਤਹਿਤ ਹਰੇਕ ਪਿੰਡ ਵਾਸੀ ਆਪਣੇ ਪਿੰਡ ਦਾ ਪਹਿਰੇਦਾਰ ਬਣੇਗਾ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਨੂੰ ਕਿਸੇ ਕਿਸਮ ਦੀ ਸਿਆਸੀ ਸਰਪ੍ਰਸਤੀ ਨਹੀਂ ਮਿਲੇਗੀ ਤੇ ਨਾ ਹੀ ਉਨ੍ਹਾਂ ਦੀ ਕੋਈ ਜਮਾਨਤ ਦੇਵੇਗਾ। ਫਗਵਾੜਾ ਹਲਕੇ ਦੇ ਪਿੰਡਾਂ ਬਿਸ਼ਨਪੁਰ ਤੇ ਫਤਹਿਗੜ੍ਹ ਵਿਖੇ ਨਸ਼ਾ ਮੁਕਤੀ ਯਾਤਰਾ ਤਹਿਤ ਹੋਏ ਸਮਾਗਮਾਂ ਨੂੰ ਸੰਬੋਧਨ ਕਰਦਿਆਂ ਆਮ ਆਦਮੀ ਪਾਰਟੀ ਦੇ ਬੁਲਾਰੇ ਹਰਨੂਰ ਸਿੰਘ ਹਰਜੀ ਮਾਨ ਨੇ ਕਿਹਾ ਕਿ ਨਸ਼ੇ ਦੇ ਖਾਤਮੇ ਲਈ ਪੰਜਾਬ ਸਰਕਾਰ ਵਲੋਂ ਚਲਾਈ ਮੁਹਿੰਮ ਲੋਕਾਂ ਦੇ ਸਹਿਯੋਗ ਨਾਲ ਲੋਕ ਲਹਿਰ ਬਣ ਰਹੀ ਹੈ, ਜਿਸ ਤਹਿਤ ਨਸ਼ੇ ਦੇ ਖਾਤਮੇ ਲਈ ਲੋਕ ਖੁਦ ਅੱਗੇ ਆ ਰਹੇ ਹਨ। ਉਨ੍ਹਾਂ ਲੋਕਾਂ ਨੂੰ ਨਸ਼ੇ ਵਿਰੁੱਧ ਜੰਗ ਵਿਚ ਅਹਿਮ ਭੂਮਿਕਾ ਨਿਭਾਉਣ ਦੀ ਸਹੁੰ ਵੀ ਚੁਕਾਈ।

# ਭਾਰਤੀ ਕਿਸਾਨ ਯੂਨੀਅਨ (ਦੋਆਬਾ) ਦੇ ਆਗੂਆਂ ਨੇ ਪੇਂਡੂ ਸੜਕਾਂ ਦੇ ਬਰਮਾ ਨੂੰ ਚੌੜਾ ਕਰਨ ਲਈ ਐਸ.ਡੀ.ਐਮ. ਨੂੰ ਦਿੱਤਾ ਮੰਗ ਪੱਤਰ

**ਫਗਵਾੜਾ (ਬੀ.ਕੇ.ਰੱਤੂ)-** ਭਾਰਤੀ ਕਿਸਾਨ ਯੂਨੀਅਨ ਦੋਆਬਾ ਵਲੋਂ ਅੱਜ ਜਨਰਲ ਸਕੱਤਰ ਸਤਨਾਮ ਸਿੰਘ ਸਾਹਨੀ ਦੀ ਅਗਵਾਈ ਹੇਠ ਐਸ.ਡੀ.ਐਮ. ਫਗਵਾੜਾ ਜਸ਼ਨਜੀਤ ਸਿੰਘ ਨੂੰ ਇਕ ਮੰਗ ਪੱਤਰ ਦਿੱਤਾ ਗਿਆ। ਜਿਸ ਵਿਚ ਪੇਂਡੂ ਇਲਾਕਿਆਂ ਦੀਆਂ ਲਿੰਕ ਸੜਕਾਂ ਦੇ ਬਰਮਾਂ 'ਤੇ ਮਿੱਟੀ ਪਾਉਣ ਦੀ ਮੰਗ ਕੀਤੀ ਗਈ। ਉਪਰੰਤ ਗੱਲਬਾਤ ਕਰਦਿਆਂ ਕਿਸਾਨ ਆਗੂਆਂ ਸਤਨਾਮ ਸਿੰਘ ਸਾਹਨੀ, ਕੁਲਵਿੰਦਰ ਸਿੰਘ ਕਾਲਾ ਅਠੌਲੀ, ਗੁਰਪਾਲ ਸਿੰਘ ਪਾਲਾ ਮੌਲੀ, ਹਰਭਜਨ ਸਿੰਘ ਬਾਜਵਾ ਅਤੇ ਹਰਵਿੰਦਰ ਸਿੰਘ ਖੁਨਖੁਨ ਮਾਨਾਵਾਲੀ ਨੇ ਦੱਸਿਆ ਕਿ ਖੇਤਾਂ 'ਚ ਕਣਕਾਂ ਦੀ ਵਢਾਈ ਹੋ ਚੁੱਕੀ ਹੈ ਅਤੇ ਝੋਨੇ ਦੀ ਬੀਜਾਈ 10 ਜੂਨ ਤੋਂ ਹੋਣੀ ਹੈ। ਇਸ ਸਮੇਂ ਦੌਰਾਨ ਪੇਂਡੂ ਸੜਕਾਂ ਦੇ ਬਰਮਾ ਨੂੰ ਮਿੱਟੀ ਪਾ ਕੇ ਚੌੜਾ ਕਰਨ ਦੀ ਮੰਗ ਕੀਤੀ ਗਈ ਹੈ ਤਾਂ ਜੋ ਇਹਨਾਂ ਸੜਕਾਂ 'ਤੇ ਹੋਣ ਵਾਲੇ ਹਾਦਸਿਆਂ ਨੂੰ ਰੋਕਿਆ ਜਾ ਸਕੇ। ਉਹਨਾਂ ਦੱਸਿਆ ਕਿ ਪਿੰਡਾਂ ਦੀਆਂ ਸੜਕਾਂ ਦੇ ਨਾਲ ਜੋ ਬਰਮ ਹਨ, ਉਹ ਕਿਤੇ ਚਾਰ ਫੁੱਟ ਚੌੜੇ ਹਨ, ਤੇ ਕਿਤੇ ਦੋ ਫੁੱਟ ਹੀ ਹਨ। ਕਈ ਥਾਵਾਂ ਤੇ ਤਾਂ ਇੱਕ ਫੁੱਟ ਵੀ ਨਹੀ ਹਨ। ਜਿਸ ਨਾਲ ਖਾਸ ਤੌਰ ਤੇ ਰਾਤ ਸਮੇਂ ਵਾਹਨ ਚਾਲਕਾਂ ਦੇ ਹਾਦਸੇ ਦਾ ਸ਼ਿਕਾਰ ਹੋਣ ਦਾ ਖਦਸ਼ਾ ਬਣਿਆ ਰਹਿੰਦਾ ਹੈ। ਉਹਨਾਂ ਕਿਹਾ ਕਿ ਸੜਕਾਂ ਕਿਨਾਰੇ ਪੰਜ ਛੇ ਫੁੱਟ ਦੇ ਬਰਮ ਹੋਣੇ ਚਾਹੀਦੇ ਹਨ।





ਕਿਉਂਕਿ ਟਰੈਫਿਕ ਦੇ ਵੱਧਣ ਕਾਰਨ ਦੁਰਘਟਨਾਵਾਂ 'ਚ ਦਿਨੋ ਦਿਨ ਵਾਧਾ ਹੋ ਰਿਹਾ ਹੈ। ਉਹਨਾਂ ਦੱਸਿਆ ਕਿ ਮੰਗ ਪੱਤਰ ਵਿਚ ਇਹ ਮੰਗ ਵੀ ਕੀਤੀ ਗਈ ਹੈ ਕਿ ਜੋ ਮਨਰੇਗਾ ਕਾਮੇ ਸੜਕਾਂ ਦੇ ਕਿਨਾਰੇ ਬੂਟੇ ਲਗਾਉਂਦੇ ਹਨ ਉਹ ਘੱਟੋ ਘੱਟ 50 ਫੁੱਟ ਦੀ ਦੂਰੀ ਤੇ ਲਗਾਏ ਜਾਣ ਕਿਉਂਕਿ ਜਦੋ ਵੀ ਪਿੰਡਾਂ ਵੱਲ ਨੂੰ ਟਿੱਪਰ ਆਉਂਦੇ ਹਨ ਤਾਂ ਬੂਟੇ ਲਾਗੋ ਲਾਗੇ ਲੱਗੇ ਹੋਣ ਕਾਰਨ ਦੋਨਾਂ ਪਾਸਿਉਂ ਇਕ ਦੂਸਰੇ ਨੂੰ ਕਰਾਸ ਕਰਨਾ ਮੁਸ਼ਕਲ ਹੋ ਜਾਂਦਾ ਹੈ। ਕਈ ਵਾਰ ਟਿੱਪਰ ਬੈਕ ਕਰਨ ਨੂੰ ਲੈ ਕੇ ਝਗੜਾ ਹੋ ਜਾਂਦਾ ਹੈ। ਉਹਨਾਂ ਕਿਹਾ ਕਿ ਜੇਕਰ ਜਰੂਰੀ ਹੋਵੇ ਤਾਂ ਜਗ੍ਹਾ ਇਕਵਾਇਰ ਕਰਕੇ ਬਰਮਾਂ ਨੂੰ ਚੌੜਾ ਕੀਤਾ ਜਾਵੇ। ਕਿਸਾਨ ਆਗੂਆਂ ਨੇ ਸੜਕਾਂ ਤੇ ਕਬਜਾ ਕਰਕੇ ਘਰਾਂ ਦੇ ਅੱਗੇ ਬਣਾਏ ਨਜਾਇਜ ਰੈਮਪ ਅਤੇ ਸੜਕਾਂ ਉੱਪਰ ਸੁੱਟੇ ਜਾ ਰਹੇ ਕੂੜੇ ਗੋਹੇ ਨਾਲ ਲੋਕਾਂ ਨੂੰ ਪੇਸ਼ ਆ ਰਹੀ ਸਮੱਸਿਆ ਵੀ ਐਸ.ਡੀ.ਐਮ. ਦੇ ਧਿਆਨ 'ਚ ਲਿਆਉਂਦੇ ਹੋਏ ਜਰੂਰੀ ਕਦਮ ਚੁੱਕੇ ਜਾਣ ਦੀ ਮੰਗ ਕੀਤੀ। ਐਸ.ਡੀ.ਐਮ. ਜਸ਼ਨਜੀਤ ਸਿੰਘ ਨੇ ਭਰੋਸਾ ਦਿੱਤਾ ਕਿ ਜਲਦੀ ਹੀ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਇਹਨਾਂ ਮੁਸ਼ਕਲਾਂ ਦਾ ਢੁਕਵਾਂ ਹਲ ਕੀਤਾ ਜਾਵੇਗਾ। ਇਸ ਮੌਕੇ ਪਰਦੀਪ ਸਿੰਘ ਦੌਲਤਪੁਰ, ਜਤਿੰਦਰ ਕੁਮਾਰ ਭਾਣੋਕੀ, ਨਿਰੰਜਨ ਸਿੰਘ ਨਸੀਰਾਬਾਦ, ਰਾਹੁਲ, ਪਵਨ ਕੁਮਾਰ, ਅਕਾਸ਼ਦੀਪ, ਹਰਦੀਪ ਸਿੰਘ ਨਸੀਰਾਬਾਦ, ਗੁਰਮੁਖ ਸਿੰਘ ਮਲਕਪੁਰ, ਜਗਜੀਤ ਸਿੰਘ, ਕੁਲਦੀਪ ਸਿੰਘ, ਅਮਨਦੀਪ ਕੁਮਾਰ ਸਰਪੰਚ, ਅਮਨਦੀਪ ਸਿੰਘ ਕਾਕਾ ਨੰਬਰਦਾਰ, ਰਵਿੰਦਰ ਸਿੰਘ ਨੰਗਲ, ਗੁਲਜੀਤ ਸਿੰਘ, ਬਲਜਿੰਦਰ ਸਿੰਘ, ਸ਼ਰਨਜੀਤ ਅਠੌਲੀ, ਚੂਹੜ ਸਿੰਘ ਗੰਡਮ ਆਦਿ ਹਾਜਰ ਸਨ।

# ਪੰਜਾਬੀ ਲਿਖਾਰੀ ਸਭਾ (ਰਜਿ.) ਜਲੰਧਰ ਦਾ ਮਹੀਨਾਵਾਰੀ ਸਮਾਗਮ ਅਤੇ ਕਵੀ ਦਰਬਾਰ ਕਰਵਾਇਆ

**ਜਲੰਧਰ–** ਪੰਜਾਬੀ ਲਿਖਾਰੀ ਸਭਾ (ਰਜਿ.) ਜਲੰਧਰ ਜੋ ਕਿ ਬੀਤੇ ਪੰਜਾਹ ਸਾਲਾਂ ਤੋਂ ਸ੍ਰ. ਬੇਅੰਤ ਸਿੰਘ ਸਰਹੱਦੀ ਜੀ ਦੀ ਰਹਿਨੁਮਾਈ ਹੇਠ ਸਾਹਿਤ ਦੀ ਸੇਵਾ ਕਰ ਰਹੀ ਹੈ, ਦਾ ਮਹੀਨਾਵਾਰੀ ਸਮਾਗਮ ਅਤੇ ਕਵੀ ਦਰਬਾਰ ਮਿਤੀ 15 ਮਈ 2025, ਦਿਨ ਵੀਰਵਾਰ ਨੂੰ ਬਸਤੀ ਸ਼ੇਖ, ਜਲੰਧਰ ਵਿਖੇ ਕਰਵਾਇਆ ਗਿਆ। ਜਿਸ ਵਿੱਚ ਮੁੱਖ ਮਹਿਮਾਨ ਚੌਦਾਂ ਭਾਸ਼ਾਵਾਂ ਵਿੱਚ ਗਾਉਣ ਵਾਲੇ ਸ੍ਰ. ਅਮ੍ਰਿਤਪਾਲ ਸਿੰਘ ਨਕੋਦਰ ਅਤੇ ਵਿਸ਼ੇਸ਼ ਮਹਿਮਾਨ ਉੱਘੀ ਲੇਖਿਕਾ ਬੀਬੀ ਪ੍ਰਕਾਸ਼ ਕੌਰ ਸਨ। ਸਭਾ ਵੱਲੋਂ ਇਨ੍ਹਾਂ ਦੋਨਾਂ ਮਹਾਨ ਸ਼ਖ਼ਸੀਅਤਾਂ ਨੂੰ 'ਪੰਜਾਬੀ ਮਾਂ ਬੋਲੀ ਦਾ ਮਾਣ' ਸਨਮਾਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਆਸ਼ੀ ਈਸਪੁਰੀ ਨੂੰ ਵੀ ਵਿਸ਼ੇਸ਼ ਮਾਣ-ਸਨਮਾਨ ਦੇ ਕੇ ਸਨਮਾਨਿਤ ਕੀਤਾ ਗਿਆ। ਸਭਾ ਦੇ ਪ੍ਰਧਾਨ ਹਰਭਜਨ ਸਿੰਘ ਨਾਹਲ ਨੇ ਪ੍ਰੋਗਰਾਮ ਦੀ ਰਸਮੀ ਤੌਰ 'ਤੇ ਸ਼ੁਰੂਆਤ ਕੀਤੀ ਅਤੇ ਪ੍ਰਧਾਨਗੀ ਮੰਡਲ ਵਿੱਚ ਬੈਠੇ ਮਹਿਮਾਨਾਂ ਅਤੇ ਪਹੁੰਚੇ ਹੋਏ ਕਵੀਆਂ/ਲੇਖਕਾਂ ਦਾ ਸਵਾਗਤ ਅਤੇ ਧੰਨਵਾਦ ਕੀਤਾ। ਇਸ ਦੇ ਨਾਲ ਹੀ ਸਨਮਾਨਿਤ ਹੋਣ ਜਾ ਰਹੀਆਂ ਸ਼ਖਸੀਅਤਾਂ ਦੀ ਜਾਣ ਪਹਿਚਾਣ ਅਤੇ ਸਾਹਿਤਕ ਖੇਤਰ ਵਿੱਚ ਉਨ੍ਹਾਂ ਦੀ ਅਣਮੁੱਲੀ ਦੇਣ ਬਾਰੇ ਜਾਣਕਾਰੀ ਵੀ ਦਿੱਤੀ। ਹਰ ਵਾਰ ਦੀ ਤਰ੍ਹਾਂ ਕਵੀ ਦਰਬਾਰ ਵੀ ਕਰਾਇਆ ਗਿਆ ਜਿਸ ਵਿਚ ਉੱਘੇ ਕਵੀਆਂ ਨੇ ਆਪਣੀਆਂ ਉਮਦਾ ਰਚਨਾਵਾਂ ਰਾਹੀਂ ਸਰੋਤਿਆਂ ਨਾਲ ਸਾਂਝ ਪਾਈ। ਇਸ ਵਾਰ ਦੇ ਕਵੀ ਦਰਬਾਰ ਦਾ ਵਿਸ਼ਾ 'ਸ਼ਹੀਦਾਂ ਦੇ ਸਰਤਾਜ ਗੁਰੂ ਅਰਜਨ ਦੇਵ ਜੀ ਦੀ ਅਦੁੱਤੀ ਸ਼ਹਾਦਤ' ਨੂੰ ਸਮਰਪਿਤ ਸੀ। ਪ੍ਰਧਾਨਗੀ ਮੰਡਲ ਵਿੱਚ ਸ਼ਾਮਿਲ ਮਹਿਮਾਨਾਂ ਨੇ ਵੀ ਆਪਣੇ-ਆਪਣੇ ਕੀਮਤੀ ਵਿਚਾਰਾਂ ਅਤੇ ਰਚਨਾਵਾਂ ਨਾਲ ਸ਼ਰੋਤਿਆਂ ਨੂੰ ਸਰਸ਼ਾਰ ਕੀਤਾ। ਪ੍ਰਧਾਨਗੀ ਮੰਡਲ 'ਚ ਸ੍ਰ. ਅਮ੍ਰਿਤਪਾਲ ਸਿੰਘ ਨਕੋਦਰ, ਬੀਬੀ ਪ੍ਰਕਾਸ਼ ਕੌਰ, ਸ੍ਰ. ਤੇਜਿੰਦਰ ਸਿੰਘ, ਸ੍ਰ। ਸੁਰਿੰਦਰਪਾਲ ਸਿੰਘ, ਰਵਿੰਦਰ ਦੀਪ, ਕੁਲਜੀਤ ਸਿੰਘ ਚਾਵਲਾ,ਬਲਵਿੰਦਰ ਸਿੰਘ, ਸੁਰਜੀਤ ਸਿੰਘ ਸਸਤਾ ਆਇਰਨ ਅਤੇ ਹਰਭਜਨ ਸਿੰਘ ਨਾਹਲ ਨੇ ਹਾਜ਼ਰੀ ਲਗਵਾਈ। ਸ੍ਰ. ਅਮ੍ਰਿਤਪਾਲ ਸਿੰਘ ਨਕੋਦਰ ਨੇ ਆਪਣੇ ਸੋਹਣੇ ਵਿਚਾਰਾਂ ਅਤੇ ਅਲੱਗ-ਅਲੱਗ ਭਾਸ਼ਾਵਾਂ ਵਿੱਚ ਗੀਤ ਗਾ ਕੇ ਕਵੀ ਦਰਬਾਰ 'ਚ ਵਿਲੱਖਣ ਰੰਗ ਬੰਨ੍ਹ ਦਿੱਤਾ।







ਇਸ ਪ੍ਰੋਗਰਾਮ ਵਿੱਚ ਹਰਭਜਨ ਸਿੰਘ ਨਾਹਲ, ਹਰਜਿੰਦਰ ਸਿੰਘ ਜਿੰਦੀ, ਅਸ਼ੋਕ 'ਟਾਂਡੀ', ਆਸ਼ੀ ਈਸਪੁਰੀ, ਹਰਭਜਨ ਸਿੰਘ ਕਲਸੀ, ਕੁਲਜੀਤ ਸਿੰਘ ਚਾਵਲਾ, ਦਲਜੀਤ ਮਹਿਮੀ ਕਰਤਾਰਪੁਰ, ਲਾਲੀ ਕਰਤਾਰਪੁਰੀ, ਸੁਖਦੇਵ ਸਿੰਘ ਗੰਢਵਾ, ਅੰਮ੍ਰਿਤਪਾਲ ਸਿੰਘ ਹਾਮੀ, ਤਨਜੀਤ ਕੌਰ, ਭਗਵੰਤ ਸਿੰਘ, ਕੁਲਵਿੰਦਰ ਸਿੰਘ ਗਾਖ਼ਲ, ਮੈਡਮ ਗੁਰਮਿੰਦਰ ਕੌਰ, ਇੰਦਰ ਸਿੰਘ ਮਿਸਰੀ, ਅਮਰ ਸਿੰਘ ਅਮਰ, ਮੈਡਮ ਬਲਜੀਤ ਕੌਰ,ਤਰਸੇਮ ਜਲੰਧਰੀ, ਅਮਰਤਪਾਲ ਸਿੰਘ, ਰਵਿੰਦਰ ਦੀਪ, ਬਲਵਿੰਦਰ ਸਿੰਘ, ਮਨਜੀਤ ਸਿੰਘ 'ਮਿੱਤਰ', ਵੀ। ਕੇ ਦਿਆਲਪੁਰੀ, ਸੁਰਜੀਤ ਸਿੰਘ ਸਸਤਾ ਆਇਰਨ, ਪ੍ਰਕਾਸ਼ ਕੌਰ, ਸ੍ਰ। ਤੇਜਿੰਦਰ ਸਿੰਘ, ਸ੍ਰ. ਸੁਰਿੰਦਰਪਾਲ ਸਿੰਘ ਅਤੇ ਸਾਹਿਬਾ ਜੀਟਨ ਕੌਰ ਬਾਂਸਲ ਸ਼ਾਮਿਲ ਹੋਏ। ਸਭਾ ਦੇ ਚੇਅਰਮੈਨ ਪ੍ਰੋ ਦਲਬੀਰ ਸਿੰਘ ਰਿਆੜ ਨੇ ਐਡਮਿੰਟਨ (ਕਨੇਡਾ) ਤੋਂ ਹੀ ਆਨਲਾਈਨ ਇਸ ਪ੍ਰੋਗਰਾਮ ਦਾ ਅਨੰਦ ਮਾਣਿਆਂ ਅਤੇ ਆਪਣੇ ਕੁਮੈਂਟਾਂ ਰਾਹੀਂ ਕਵੀਆਂ ਨੂੰ ਦਾਦ ਦਿੱਤੀ।

ਸਟੇਜ ਸਕੱਤਰ ਦੀ ਸੇਵਾ ਹਰਭਜਨ ਸਿੰਘ ਨਾਹਲ ਅਤੇ ਮੈਡਮ ਗੁਰਮਿੰਦਰ ਕੌਰ ਨੇ ਬਾਖ਼ੂਬੀ ਨਿਭਾਈ। ਅੰਤ ਵਿੱਚ ਇੱਕ ਮਹੀਨੇ ਬਾਅਦ ਫਿਰ ਤੋ ਮਿਲਣ ਦੇ ਵਾਅਦੇ ਨਾਲ ਪ੍ਰਧਾਨ ਹਰਭਜਨ ਸਿੰਘ ਨਾਹਲ ਨੇ ਸਭ ਮਹਿਮਾਨਾਂ ਦਾ ਸਮੇਂ ਨਾਲ ਪਹੁੰਚ ਕੇ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਤਹਿ-ਦਿਲੋਂ ਧੰਨਵਾਦ ਕੀਤਾ।

# ਵਿਰਸੇ ਦੇ ਸ਼ੌਕੀਨ ਪੰਜਾਬੀ ਮੇਲਾ 2025 ਐਬਟਸਫੋਰਡ ਕਨੇਡਾ ਵਿੱਚ 24 ਮਈ ਨੂੰ




**ਸਰੀ / ਵੈਨਕੂਵਰ (ਕੁਲਦੀਪ ਚੁੰਬਰ)–** ਡਾਇਮੰਡ ਕਲਚਰ ਕਲੱਬ ਐਸੋਸੀਏਸ਼ਨ ਦੀ ਪੇਸ਼ਕਸ਼ ਪੰਜਾਬੀ ਮੇਲਾ 2025 "ਵਿਰਸੇ ਦੇ ਸ਼ੌਕੀਨ" ਟਾਈਟਲ ਹੇਠ ਇਸ ਵਾਰ ਪੂਰੀ ਸ਼ਾਨੋ ਸ਼ੌਕਤ ਨਾਲ 24 ਮਈ ਦਿਨ ਸੈਚਰਡੇ ਨੂੰ ਰੋਟਰੀ ਸਟੇਡੀਅਮ ਐਬਟਸਫੋਰਡ ਵਿਖੇ ਧੂਮਧਾਮ ਨਾਲ ਕਰਵਾਇਆ ਜਾ ਰਿਹਾ ਹੈ। ਮੇਲੇ ਵਿੱਚ ਸ਼ਾਮਿਲ ਹੋਣ ਲਈ ਕਿਸੇ ਵੀ ਕਿਸਮ ਦੀ ਕੋਈ ਟਿਕਟ ਜਾਂ ਐਂਟਰੀ ਫੀਸ ਨਹੀਂ ਲਈ ਜਾਵੇਗੀ। ਹਰ ਸਾਲ ਦੀ ਤਰ੍ਹਾਂ ਇਸ ਸੱਭਿਆਚਾਰਕ ਮੇਲੇ ਵਿੱਚ ਵਿਰਸੇ ਦੇ ਸ਼ੌਕੀਨ ਸ਼ਾਮਿਲ ਹੋਣ ਲਈ ਪੂਰੇ ਉਤਸਾਹ ਤੇ ਚਾਅ ਨਾਲ ਪੱਬਾਂ ਭਾਰ ਹੋਏ ਪਏ ਹਨ ਅਤੇ ਇਸ ਮੇਲੇ ਦੇ ਮੁੱਖ ਪ੍ਰਬੰਧਕ ਅਵਤਾਰ ਸਿੰਘ ਗਿੱਲ ਅਤੇ ਚਰਨਜੀਤ ਸਿੱਧੂ ਨੇ ਸਮੂਹ ਪੰਜਾਬੀਆਂ ਨੂੰ ਇਸ ਮੇਲੇ ਦੀਆਂ ਐਡਵਾਂਸ ਵਿੱਚ ਮੁਬਾਰਕਾਂ ਦਿੰਦਿਆਂ ਕਿਹਾ ਹੈ ਕਿ ਸਭਨਾਂ ਨੂੰ ਇਸ ਮੇਲੇ ਵਿੱਚ ਪੁੱਜਣ ਦਾ ਖੁੱਲ੍ਹਾ ਸੱਦਾ ਹੈ। ਇਸ ਵਿਸ਼ਾਲ ਮੇਲੇ ਵਿੱਚ ਪੰਜਾਬ ਦੀ ਬੁਲੰਦ ਆਵਾਜ਼ ਗਿੱਲ ਹਰਦੀਪ, ਅੰਗਰੇਜ ਅਲੀ, ਅੰਮ੍ਰਿਤਾ ਵਿਰਕ, ਗੁਰਪਾਲ ਮੁਟਿਆਰ, ਗੁਰਤੇਜ, ਸਾਹਿਬ ਸਿੱਧੂ, ਜੱਸੀ ਕੌਰ, ਜੋਨ ਬੇਦੀ ਅਤੇ ਉਦੇ ਸ਼ੇਰਗਿੱਲ ਸਮੇਤ ਕਈ ਹੋਰ ਕਲਾਕਾਰ ਆਪਣੀ ਗਾਇਕੀ ਦਾ ਪ੍ਰਦਰਸ਼ਨ ਕਰਕੇ ਹਾਜਰੀਨ ਦਾ ਮਨੋਰੰਜਨ ਕਰਨਗੇ ਤੇ ਉਹਨਾਂ ਨੂੰ ਪੰਜਾਬੀ ਵਿਰਸੇ ਨਾਲ ਆਪਣੇ ਗੀਤਾਂ ਰਾਹੀਂ ਜੋੜਨਗੇ । ਮੇਲੇ ਦੀਆਂ ਸਾਰੀਆਂ ਤਿਆਰੀਆਂ ਪ੍ਰਬੰਧਕਾਂ ਵਲੋਂ ਪੂਰੀ ਸ਼ਾਨੋ ਸ਼ੌਕਤ ਨਾਲ ਕੀਤੀਆਂ ਜਾ ਰਹੀਆਂ ਹਨ ਅਤੇ ਹੋਰ ਪੁਖਤਾ ਪ੍ਰਬੰਧਾਂ ਲਈ ਪ੍ਰਬੰਧਕ ਵੀਰ ਪੂਰੀ ਤਨਦੇਹੀ ਨਾਲ ਇਸ ਮੇਲੇ ਨੂੰ ਕਾਮਯਾਬੀ ਦੀ ਟੀਸੀ ਤੇ ਪਹੁੰਚਾਉਣ ਲਈ ਸਖ਼ਤ ਮਿਹਨਤ ਕਰ ਰਹੇ ਹਨ।

# ਸੁਖਰਾਜ ਨਾਰੰਗ (ਸੁਖਪ੍ਰੀਤ ਸਿੰਘ) ਦਾ ਸਿੰਗਲ ਟਰੈਕ 'ਬੈਡ ਜੱਟ' ਦਾ ਪੋਸਟਰ ਇਗਲੈਂਡ ਵਿਖੇ ਰਿਲੀਜ਼

**ਸਰੀ /ਵੈਨਕੂਵਰ (ਕੁਲਦੀਪ ਚੁੰਬਰ)–**ਅਨੇਕਾਂ ਹੀ ਹਿੱਟ ਗੀਤਾਂ ਨਾਲ ਨਾਲ ਚਰਚਾ 'ਚ ਆਏ ਗਾਇਕ ਸੁੱਖਰਾਜ ਨਾਰੰਗ ਦਾ ਨਵਾਂ ਸੋਲੋ ਸਿੰਗਲ ਟ੍ਰੈਕ 'ਬੈਡ ਜੱਟ' ਜਿਸਦਾ ਪੋਸਟਰ ਇਗਲੈਂਡ ਦੇ ਸ਼ਹਿਰ ਬਰਮੀਗਮ ਵਿਖੇ ਸੰਨੀ ਬੱਲ ( ਯੂ ਕੇ) ਸੰਜੀਵ (ਯੂ ਕੇ) ਤੇਜ਼ੀ (ਯੂ ਕੇ) ਨਰਿੰਦਰ (ਯੂ ਕੇ) ਰਵਿੰਦਰ ( ਯੂ ਕੇ) ਨੂੰ ਪ੍ਰੋਡਿਊਸਰ ਗੈਰੀ (ਯੂ ਕੇ) ਚਰਨ ਸਿੰਘ ਬੱਲ, ਅਮਰੀਕ ਵੜੈਚ, (ਯੂ ਕੇ) ਵਲੋਂ ਸਾਂਝੇ ਤੌਰ ਤੇ ਰਿਲੀਜ਼ ਕੀਤਾ ਗਿਆ । ਜਿਸ ਨੂੰ ਏ ਬੱਲ ਰਿਕਾਰਡਸ ਵਲੋਂ ਬਹੁਤ ਵੱਡੇ ਪੱਧਰ ਤੇ ਰਿਲੀਜ਼ ਕੀਤਾ ਗਿਆ ਹੈ। ਜਾਣਕਾਰੀ ਦਿੰਦਿਆਂ ਪੇਸ਼ਕਾਰ ਸੰਨੀ ਬੱਲ ਯੂ ਕੇ ਨੇ ਦੱਸਿਆ ਕਿ ਇਸ ਸਿੰਗਲ ਟਰੈਕ ਦਾ ਮਿਊਜ਼ਿਕ ਗੋਸਟ ਬੀ ਵਲੋਂ ਬਹੁਤ ਹੀ ਮਿਹਨਤ ਨਾਲ ਤਿਆਰ ਕੀਤਾ ਗਿਆ ਹੈ। ਜਿਸ ਨੂੰ ਬਹੁਤ ਹੀ ਸੋਹਣੀ ਕਲਮ ਨਾਲ ਲਿਖਿਆ ਹੈ ਐਵੀ ਅਵਤਾਰ ਜੀ ਨੇ। ਇਸ ਸਿੰਗਲ ਟਰੈਕ ਦਾ ਵੀਡ ਇਓ ਯਾਰ ਨਰਿੰਦਰ ਵਲੋਂ ਪੰਜਾਬ ਦੇ ਕਪੂਰਥਲਾ ਸ਼ਹਿਰ ਦੇ ਖਾਨੋਵਾਲ ਪਿੰਡ ਸ਼ੂਟ ਕੀਤਾ ਗਿਆ ਹੈ, ਜੋ ਕਿ ਯੂ ਟਿਊਬ ਦੇ ਨਾਲ ਨਾਲ ਪੰਜਾਬੀ ਚੈਨਲਾਂ ਤੇ ਚੱਲ ਰਿਹਾ ਹੈ। ਜਿਸ ਨੂੰ ਦਰਸ਼ਕਾਂ ਵਲੋਂ ਖੂਬ ਪਿਆਰ ਮਿਲ ਰਿਹਾ ਹੈ। ਇਸ ਮੌਕੇ ਹੁੰਦਲ ( ਯੂ ਕੇ) ਮਨਜੀਤ ਬੜੈਚ (ਯੂ ਕੇ) ਦਿਲਸਾਨ ( ਯੂ ਕੇ) ਹਾਜ਼ਰ ਸਨ।



# ਨਰੋਏ ਭਵਿੱਖ ਦੀ ਸਿਰਜਣਾ ਵਿੱਚ ਨਿੱਕੀਆਂ ਕਰੂੰਬਲਾਂ ਦਾ ਵਿਸ਼ੇਸ਼ ਯੋਗਦਾਨ ਹੈ - ਗੁਰਸਿਮਰਨਜੀਤ ਕੌਰ

**ਹੁਸ਼ਿਆਰਪੁਰ (ਮਾਨ)–** ਇੰਡੀਆ ਬੁਕ ਆਫ ਰਿਕ-ਾਰਡਸ ਵਿੱਚ ਦਰਜ ਪੰਜਾਬੀ ਦੇ ਇੱਕੋ ਇੱਕ ਬਾਲ ਰਸਾਲੇ ਨਿੱਕੀਆਂ ਕਰੂੰਬਲਾਂ ਦਾ ਨਰੋਏ ਭਵਿੱਖ ਦੀ ਸਿ-ਰਜਣਾ ਵਿੱਚ ਵਿਸ਼ੇਸ਼ ਯੋਗਦਾਨ ਹੈ। ਇਹ ਵਿਚਾਰ ਗੁਰਸਿਮਰਨਜੀਤ ਕੌਰ ਐਸਡੀਐਮ ਹੁਸ਼ਿਆਰਪੁਰ ਨੇ ਇੱਕ ਸਾਹਿਤਕ ਸਮਾਗਮ ਨੂੰ ਸੰਬੋਧਨ ਕਰਦਿਆਂ ਆਖੇ। ਉਹਨਾਂ ਅੱਗੇ ਕਿਹਾ ਕਿ ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਵੱਲੋਂ ਜਿੱਥੇ ਬੱਚਿਆਂ ਨੂੰ ਨਰੋਆ ਅਤੇ ਰੌਚਕ ਸਾਹਿਤ ਮੁਹਈਆ ਕੀਤਾ ਜਾ ਰਿਹਾ ਹੈ ਉੱਥੇ ਉਹਨਾਂ ਅੰਦਰ ਛੁਪੀ ਹੋਈ ਪ੍ਰਤਿਭਾ ਨੂੰ ਉਜਾਗਰ ਕਰਨ ਦੇ ਉਪਰਾਲੇ ਵੀ ਕੀਤੇ ਜਾ ਰਹੇ ਹਨ। ਇਹਨਾਂ ਸ਼ਾਨਦਾਰ ਉਪਰਾਲਿਆਂ ਵਾਸਤੇ ਰਸਾਲੇ ਦੇ ਸੰਪਾਦਕ ਅਤੇ ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਬਲਜਿੰਦਰ ਮਾਨ ਅਤੇ ਕਰੂੰਬਲਾਂ ਪਰਿਵਾਰ ਵਧਾਈ ਦਾ ਹੱਕਦਾਰ ਹੈ। ਅੱਜ ਹਰ ਮਾਪੇ ਤੇ ਅਧਿਆਪਕ ਨੂੰ ਚਾਹੀਦਾ ਹੈ ਕਿ ਉਹ ਬੱਚੇ ਦੀ ਉਮਰ ਗੁੱਟ ਅਨੁਸਾਰ ਉਸ ਹੱਥ ਪੁਸਤਕ ਫੜਾਵੇ ਤਾਂ ਕਿ ਉਹ ਇੰਟਰਨੈਟ ਅਤੇ ਮੋਬਾਈਲ ਦੀ ਦੁਨੀਆ ਤੋਂ ਬਚ ਕੇ ਆਪਣੇ ਜੀਵਨ ਨੂੰ ਸ਼ਿੰਗਾਰ ਸਕੇ। ਬੱਚਿਆਂ ਨੂੰ ਇਹ ਪ੍ਰੇਰਨਾ ਸਾਡੇ ਤੋਂ ਮਿਲੇਗੀ ਇਸ ਲਈ ਸਾਨੂੰ ਸਭ ਨੂੰ ਪੁਸਤਕਾਂ ਦਾ ਆਨੰਦ ਮਾਨਣਾ ਚਾਹੀਦਾ ਹੈ।

ਇਸ ਮੌਕੇ ਨਹਿਰੂ ਯੁਵਾ ਕੇਂਦਰ ਸੰਗਠਨ (ਭਾਰਤ ਸਰਕਾਰ) ਹੁਸ਼ਿਆਰਪੁਰ ਦੇ ਸਾਬਕਾ ਯੂਥ ਸਲਾਹਕਾਰ ਨੈਸ਼ਨਲ ਯੂਥ ਅਵਾਰਡੀ ਪ੍ਰਮੋਦ ਸ਼ਰਮਾ ਅਤੇ ਜ਼ਿਲ੍ਹਾ ਯੂਥ ਅਵਾਰਡੀ ਕੋਚ ਅਮਰਜੀਤ ਸਿੰਘ ਠਰੋਲੀ ਨੇ ਕਿਹਾ ਕਿ ਜਿਵੇਂ ਸਾਨੂੰ ਸਭ ਨੂੰ ਆਕਸੀਜਨ ਦੀ ਜ਼ਰੂਰਤ ਹੈ ਉਸੇ ਤਰ੍ਹਾਂ ਵਿਦਿਆਰਥੀਆਂ ਨੂੰ ਬਾਲ ਸਾਹਿਤ ਦੀ ਲੋੜ ਹੈ। ਇਸ ਵਾਸਤੇ ਮਾਪੇ ਤੇ ਅਧਿਆਪਕਾਂ ਨੂੰ ਬਹੁਤ ਸੁਚੇਤ ਹੋਣਾ ਪਵੇਗਾ। ਜੇਕਰ ਅਸੀਂ ਵਿਦਿਆਰਥੀਆਂ ਨੂੰ ਰੌਚਕ ਸਾਹਿਤ ਨਾਲ ਨਹੀਂ ਜੋੜਦੇ ਤਾਂ ਉਹ ਇਨਸਾਨ ਨਹੀਂ ਸਗੋਂ ਮਸ਼ੀਨੀ ਮਨੁੱਖ ਬਣਦੇ ਹਨ। ਇਸ ਲਈ ਉਚੇਰੀਆਂ ਕਦਰਾਂ ਕੀਮਤਾਂ ਦਾ ਸੰਚਾਰ ਕਰਨ ਵਾਸਤੇ ਸਾਹਿਤਕ ਪੁਸਤਕਾਂ ਬੱਚਿਆਂ ਹੱਥ ਦਿੱਤੀਆਂ ਜਾਣ। ਜਿਸਦੀ ਪੂਰਤੀ ਵਾਸਤੇ ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਦਿਨ ਰਾਤ ਜੁੱਟਿਆ ਹੋਇਆ ਹੈ। ਸ਼੍ਰੋਮਣੀ ਸਾਹਿਤਕਾਰ ਬਲਜਿੰਦਰ ਮਾਨ ਨੇ ਇਸ ਮੌਕੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਬਾਲ ਸਾਹਿਤ ਦਾ ਪ੍ਰਕਾਸ਼ਨ ਕਰਨਾ ਕੋਈ ਬਿਜ਼ਨਸ ਵਾਲਾ ਕੰਮ ਨਹੀਂ। ਜੇਕਰ ਇਹ ਬਿਜਨਸ ਵਾਲਾ ਕੰਮ ਹੁੰਦਾ ਤਾਂ ਅੱਜ ਪੰਜਾਬ ਵਿਚੋਂ ਅਨੇਕਾਂ ਬਾਲ ਰਸਾਲੇ ਪ੍ਰਕਾਸ਼ਿਤ ਹੁੰਦੇ। ਇਹ ਤਾਂ ਘਰ ਫੂਕ ਤਮਾਸ਼ਾ ਦੇਖਣ ਵਾਲੀ ਗੱਲ ਹੈ। ਸਾਡਾ ਮਨੋਰਥ ਬੱਚਿਆਂ ਨੂੰ ਆਪਣੀ ਮਾਤ ਭਾਸ਼ਾ ਰਾਹੀਂ ਅਮੀਰ ਵਿਰਾਸਤ ਨਾਲ ਜੋੜ ਕੇ ਉਚੇਰੀਆਂ ਨੈਤਿਕ ਕਦਰਾਂ ਕੀਮਤਾਂ ਨਾਲ ਲੈਸ ਕਰਨਾ ਹੈ। ਇਸ ਮੌਕੇ ਦਵਿੰਦਰ ਸਿੰਘ, ਵਰਿੰਦਰ ਕੁਮਾਰ, ਸੁਰਿੰਦਰ ਸਿੰਘ, ਹਰਮਨਪ੍ਰੀਤ ਕੌਰ, ਚੈਂਚਲ ਸਿੰਘ ਬੈਂਸ, ਬਲਬੀਰ ਸਿੰਘ ਭੱਟੀ, ਬੱਗਾ ਸਿੰਘ ਆਰਟਿਸਟ, ਸੁਖਮਨ ਸਿੰਘ, ਹਰਵੀਰ ਮਾਨ, ਪ੍ਰਿੰ. ਮਨਜੀਤ ਕੌਰ, ਮਨਜਿੰਦਰ ਹੀਰ ਅਤੇ ਪਵਨ ਸਕਰੂਲੀ ਸਮੇਤ ਸਾਹਿਤ ਪ੍ਰੇਮੀ ਸ਼ਾਮਿਲ ਹੋਏ।



## ਗੀਤ

ਪਿੰਡਾਂ ਦੇ ਵਿਚ ਸ਼ਹਿਰਾਂ ਦੇ ਵਿਚ ਵੇਖ ਲੁਟੇਰੇ ਆ ਗਏ ਨੇ।
ਸੂਰਜ ਵਾਲਾ ਭੇਸ ਬਦਲ ਕੇ ਤੜਕ ਸਵੇਰੇ ਆ ਗਏ ਨੇ।
ਹੱਕਾਂ ਉਤੇ ਝਿਲਮਿਲ-ਝਿਲਮਿਲ ਵਰਕ ਚੜ੍ਹਾ ਕੇ ਸੋਨੇ ਦੇ।
ਵਾਅਦੇ ਦੇ ਵਿਚ ਲਾਰੇ ਦਿੰਦੇ ਕੋਰੇ ਰੋਣੇ ਧੋਣੇ ਦੇ।
ਝੂਠੇ ਚੰਨ ਸਿਤਾਰੇ ਲੈ ਕੇ ਘੁੱਪ ਹਨੇਰੇ ਆ ਗਏ ਨੇ।
ਪਿੰਡਾਂ ਦੇ ਵਿਚ ਸ਼ਹਿਰਾਂ ਦੇ ਵਿਚ ਵੇਖ ਲੁਟੇਰੇ ਆ ਗਏ ਨੇ।
ਬੂਟੇ-ਬੂਟੇ ਉਤੇ ਪਤਝੜ ਲੀਰਾਂ-ਲੀਰਾਂ ਪਾ ਦਿੱਤੀਆਂ ਨੇ।
ਸੁੱਤੇ ਸ਼ੇਰਾਂ ਦੇ ਪੈਰਾਂ ਵਿਚ ਜ਼ੰਜ਼ੀਰਾਂ ਪਾ ਦਿੱਤੀਆਂ ਨੇ।
ਜੰਗਲ ਦੇ ਵਿਚ ਰਾਜ ਕਰਨ ਲਈ ਸੂਰ ਬਟੇਰੇ ਆ ਗਏ ਨੇ।
ਪਿੰਡਾਂ ਦੇ ਵਿਚ ਸ਼ਹਿਰਾਂ ਦੇ ਵਿਚ ਵੇਖ ਲੁਟੇਰੇ ਆ ਗਏ ਨੇ।
ਸ਼ਮਸ਼ੀਰਾਂ ਵਰਗੇ ਤਿੱਖੇ-ਤਿੱਖੇ ਮੌਸਮ ਨੇ ਅੱਤ ਵਾਲੇ।
ਸੱਧਦਾਂ ਨੇ ਵੇਖ ਸ਼ਿਕਾਰੀ ਕੁੱਤੇ ਵੀ ਕੁੱਤੇ ਪਾਲੇ।
ਮਾੜੇ ਤੋਂ ਵੀ ਮਾੜੇ ਇਹ ਦਿਨ ਤੇਰੇ ਮੇਰੇ ਆ ਗਏ ਨੇ।
ਪਿੰਡਾਂ ਦੇ ਵਿਚ ਸ਼ਹਿਰਾਂ ਦੇ ਵਿਚ ਵੇਖ ਲੁਟੇਰੇ ਆ ਗਏ ਨੇ।
ਉਨਤੀ ਦੇ ਦਰਵਾਜ਼ੇ ਸਾਰੇ ਖੁੱਲ੍ਹੇ ਨੇ ਪਰ ਬੰਦ ਜਿਹੇ।
ਜ਼ਹਿਰ ਮਿਲਾ ਕੇ ਰੱਖੇ ਹੋਏ ਬਿਸਕੁਟ ਜਿਉਂ ਕੁਲਕੰਦ ਜਿਹੇ।
ਖੰਡਰ-ਖੰਡਰ ਟੁਕੜੇ-ਟੁਕੜੇ ਸ਼ਿਖ਼ਰ ਬਨੇਰੇ ਆ ਗਏ ਨੇ।
ਪਿੰਡਾਂ ਦੇ ਵਿਚ ਸ਼ਹਿਰਾਂ ਦੇ ਵਿਚ ਵੇਖ ਲੁਟੇਰੇ ਆ ਗਏ ਨੇ।
ਧਰਮਾਂ-ਜਾਤਾਂ-ਪਾਤਾਂ ਦੇ ਵਿਚ ਵੰਡ ਲਿਆ ਏ ਜਨ ਹਿੱਤ ਨੂੰ।
ਅਧਰੰਗ ਜਿਹਾ ਇਕ ਰੋਗ ਲਗਾਇਆ ਫੁੱਲਾਂ ਵਰਗੇ ਮਿੱਤ-ਚਿੱਤ ਨੂੰ।
ਵਾਂਗ ਖੜੱਪੇ ਬਾਬਿਆਂ ਵਾਲੇ ਥਾਂ-ਥਾਂ ਡੇਰੇ ਆ ਗਏ ਨੇ।
ਪਿੰਡਾਂ ਦੇ ਵਿਚ ਸ਼ਹਿਰਾਂ ਦੇ ਵਿਚ ਵੇਖ ਲੁਟੇਰੇ ਆ ਗਏ ਨੇ।
ਮਾਰੂਥਲ ਨਾਲ ਪਾ ਯਾਰਾਨੇ ਮਾਰੂਥਲ ਹੀ ਲੁੱਟ ਲੈਂਦੇ।
ਹਰਿਆ-ਭਰਿਆ ਬੂਟਾ ਕੀ ਏ ਸੁੱਕੇ ਫੁੱਲ ਵੀ ਪੁੱਟ ਲੈਂਦੇ।
ਜੋ ਵੀ ਕਿਧਰੇ ਵਰ੍ਹ ਨਹੀਂ ਸਕਦੇ ਮੇਘ ਘਨੇਰੇ ਆ ਗਏ ਨੇ।
ਪਿੰਡਾਂ ਦੇ ਵਿਚ ਸ਼ਹਿਰਾਂ ਦੇ ਵਿਚ ਵੇਖ ਲੁਟੇਰੇ ਆ ਗਏ ਨੇ।
ਇੱਛਾਵਾਂ ਦੀ ਜੋਤ ਜਗਾ ਕੇ ਦੀਵੇ ਦੇ ਵਿਚ ਤੇਲ ਪੁਆ ਕੇ।
ਜਗਮਗ-ਜਗਮਜ ਰੌਸ਼ਨੀਆਂ ਦੇ ਸੁੰਦਰ-ਸੁੰਦਰ ਦ੍ਰਿਸ਼ ਬਣਾ ਕੇ।
ਨਕਲੀ ਅਕਲ ਬਣਾਵਣ ਵਾਲੇ ਬਹੁਤ ਪਥੇਰੇ ਆ ਗਏ ਨੇ।
ਪਿੰਡਾਂ ਦੇ ਵਿਚ ਸ਼ਹਿਰਾਂ ਦੇ ਵਿਚ ਵੇਖ ਲੁਟੇਰੇ ਆ ਗਏ ਨੇ।
ਮੁਫ਼ਤ ਸਹੂਲਤ ਦੇਵਣ ਵਾਲੇ ਅਕਲੋਂ ਕੱਚੇ ਅਕਲੋਂ ਕਾਲੇ।
ਲੋਕਾਂ ਵਾਲੀ ਮਿਹਨਤ ਨੂੰ ਫ਼ਿਰ ਤਾਲੇ ਉਤੇ ਲਾ ਕੇ ਤਾਲੇ।
ਪੱਕੇ ਘਰ ਨਈਂ ਐਪਰ ਲੈ ਕੇ ਰੈਣ ਬਸੇਰੇ ਆ ਗਏ ਨੇ।
ਪਿੰਡਾਂ ਦੇ ਵਿਚ ਸ਼ਹਿਰਾਂ ਦੇ ਵਿਚ ਵੇਖ ਲੁਟੇਰੇ ਆ ਗਏ ਨੇ।
ਜੜ੍ਹ ਤੋਂ ਲੈ ਕੇ ਪੱਤਾ-ਪੱਤਾ ਗੁਲਸ਼ਨ ਵਿਚੋਂ ਤੋੜ ਲਿਆ।
ਪਾਕ-ਪਵਿੱਤਰ ਜੀਵਨ ਦਿੰਦੀਆਂ ਨਹਿਰਾਂ ਹੀ ਮੋੜ ਲਿਆ।
ਗੰਦੀ ਸੱਤਾ ਦੇ ਹਤਿਆਰੇ ਹੋਰ ਬਥੇਰੇ ਆ ਗਏ ਨੇ।
ਪਿੰਡਾਂ ਦੇ ਵਿਚ ਸ਼ਹਿਰਾਂ ਦੇ ਵਿਚ ਵੇਖ ਲੁਟੇਰੇ ਆ ਗਏ ਨੇ।
ਨਵ ਯੁਵਕਾਂ ਦੇ ਉਠਣ ਦਾ ਹੁਣ ਤੜਕ ਸਵੇਰਾ ਆਵੇਗਾ,
ਨੇਰ੍ਹਾਂ ਫਾਂਸੀ ਚੜ੍ਹ ਜਾਵੇਗਾ ਸੂਰਜ ਫੇਰਾ ਪਾਵੇਗਾ।
ਬਾਲਮ ਦੇਸ਼ ਮਿਰੇ ਦੇ ਰਾਖੇ ਪਾ ਕੇ ਘੇਰੇ ਆ ਗਏ ਨੇ।
ਪਿੰਡਾਂ ਦੇ ਵਿਚ ਸ਼ਹਿਰਾਂ ਦੇ ਵਿਚ ਵੇਖ ਲੁਟੇਰੇ ਆ ਗਏ ਨੇ।

**ਬਲਵਿੰਦਰ ਬਾਲਮ ਗੁਰਦਾਸਪੁਰ**
**91-98156-25409**

# ਆਸਟ੍ਰੇਲੀਆ ਮੈਲਬੌਰਨ ਵਿੱਚ ਮੰਗਲ ਹਠੂਰ ਨੇ ਲਾਈਆਂ ਰੌਣਕਾਂ



**ਸਰੀ /ਵੈਨਕੂਵਰ (ਕੁਲਦੀਪ ਚੁੰਬਰ )–** ਅੱਜਕੱਲ੍ਹ ਪ੍ਰਸਿੱਧ ਗੀਤਕਾਰ ਅਤੇ ਨਾਵਲਕਾਰ ਮੰਗਲ ਹਠੂਰ ਆਸਟ੍ਰੇਲੀਆ ਟੂਰ ਤੇ ਹਨ ਅਤੇ ਉਹਨਾਂ ਦੀਆਂ ਭਰਵੀਆਂ ਮਹਿਫ਼ਲਾਂ ਲੱਗ ਰਹੀਆਂ ਹਨ । ਅੱਜ 16 ਮਈ ਨੂੰ ਮੈਲਬੌਰਨ ਕਰੇਗੀਬਰਨ ਵਿੱਚ ਬਹੁਤ ਹੀ ਭਰਵੀਂ ਮਹਿਫ਼ਲ ਲੱਗੀ। ਇਸ ਮੌਕੇ ਮੰਗਲ ਹਠੂਰ ਦੀ 16 ਵੀਂ ਕਿਤਾਬ "ਟਿਕਾਣਾ ਕੋਈ ਨਾ" ਵੀ ਰੂਬਰੂ ਕੀਤੀ। ਰਾਤ ਦੇਰ ਤੱਕ ਚੱਲੀ ਇਸ ਮਹਿਫ਼ਲ ਵਿੱਚ ਸਰਦਾਰ ਸੀਤਲ ਸਿੰਘ, ਗੁਰਜੀਤ ਬਟਾਲਵੀ, ਪ੍ਰਸਿੱਧ ਗਾਇਕ ਨਰਿੰਦਰ ਚੀਮਾ, ਕੈਪਟਨ ਬਲਜੀਤ ਸਿੰਘ, ਹਰਮਨ ਹੁੰਦਲ, ਲੱਖੀ ਸ਼ਾਹ,ਰਾਜੂ ਪੁਆਰ, ਰਿੰਕੂ ਬਾਜਵਾ, ਸੁਖਬੀਰ ਕਾਹਲੋਂ ਅਰਮਾਨ ਬਟਾਲਵੀ, ਈਸ਼ਾਨ ਬਟਾਲਵੀ ਅਤੇ ਪਰਿਵਾਰ ਸ਼ਾਮਲ ਸਨ।

# ਇੰਜੀ ਸਤਨਾਮ ਸਿੰਘ ਮੱਟੂ ਦਾ ਫ਼ਿਲਮ ਐਂਡ ਮਿਊਜ਼ਿਕ ਅਵਾਰਡ ਨਾਲ ਸਨਮਾਨ 24 ਮਈ ਨੂੰ

**ਰੋਪੜ–** ਵਾਇਸ ਐਂਟਰਟੇਨਮੈਂਟ ਤੇ ਮੋਤੀਆ ਗਰੁੱਪ ਵਲੋਂ ਪਹਿਲੀ ਵਾਰ ਪ੍ਰੋਗਰਾਮ ਫਿਲਮ ਐਂਡ ਮਿਊਜ਼ਿਕ ਐਵਾਰਡ ਸ਼ੋ 24 ਮਈ 2025 ਨੂੰ ਕਰਵਾਇਆ ਜਾ ਰਿਹਾ ਹੈ। ਪ੍ਰੋਡਿਊਸਰ ਅਤੇ ਡਰਾਇਕੈਟਰ ਅਜੇ ਸਹੋਤਾ ਦੀ ਅਗਵਾਈ ਵਿੱਚ ਕਰਵਾਏ ਜਾ



ਰਹੇ ਇਸ ਸਨਮਾਨ ਸਮਾਗਮ ਵਿੱਚ ਇੰਜੀ ਸਤਨਾਮ ਸਿੰਘ ਮੱਟੂ ਨੂੰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਗੀਤਾਂ, ਕਵਿਤਾਵਾਂ ਅਤੇ ਲੇਖਾਂ ਰਾਹੀ ਪਾਏ ਅਹਿਮ ਯੋਗਦਾਨ ਸਦਕਾ ਪਹਿਲੇ ਮੋਤੀਆ ਪੰਜਾਬੀ ਫਿਲਮ ਅਤੇ ਮਿਊਜ਼ਿਕ ਅਵਾਰਡ ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ। ਅਜੇ ਸਹੋਤਾ ਨੇ ਦੱਸਿਆ ਕਿ ਇਸ ਸ਼ੋ ਵਿਚ ਕੁੱਲ 60 ਸਖਸ਼ੀਅਤਾਂ ਨੂੰ ਐਵਾਰਡ ਦਿੱਤਾ ਜਾਵੇਗਾ, ਜਿਨ੍ਹਾਂ ਵਿਚ 25 ਫ਼ਿਲਮੀ ਕਲਾਕਾਰ, 25 ਸੰਗੀਤ ਜਗਤ ਗੀਤਕਾਰੀ ਦੇ ਨਾਮਵਰ ਚੇਹਰੇ ਅਤੇ 10 ਸ਼ੋਸ਼ਲ ਵਰਕਰਜ਼ ਹੋਣਗੇ।ਇਸ ਐਵਾਰਡ ਸ਼ੋ ਵਿਚ ਫਿਲਮ ਜਗਤ ਤੇ ਸੰਗੀਤ ਜਗਤ ਦੇ ਨਾਮਵਰ ਚਿਹਰੇ ਅਤੇ ਮਨੋਰੰਜਨ ਲਈ ਮਸ਼ਹੂਰ ਗਾਇਕ ਸ਼ਾਮਲ ਹੋਣਗੇ। ਪ੍ਰੋਗਰਾਮ ਦਾ ਇਕ ਵਿਸ਼ੇਸ਼ ਐਵਾਰਡ ਬਿੱਲੀ ਪ੍ਰੋਡਕਸ਼ਨ ਕਨੇਡਾ ਅਤੇ ਗੁਰਪ੍ਰੀਤ ਬਿੱਲੀ ਕਨੇਡਾ ਵੱਲੋ ਕੇ ਦੀਪ–ਜਗਮੋਹਨ ਕੌਰ ਯਾਦਗਾਰੀ ਪੁਰਸਕਾਰ ਪੰਜਾਬੀ ਸੱਭਿਆਚਾਰ ਦੀ ਚਰਚਿਤ ਦੀ ਪ੍ਰਸਿੱਧ ਦੋਗਾਣਾ ਜੋੜੀ ਹਾਕਮ ਬਖਤੜੀ ਤੇ ਦਲਜੀਤ ਕੌਰ ਨੂੰ ਦਿੱਤਾ ਜਾਵੇਗਾ, ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਸਤਿਕਾਰਯੋਗ ਸ। ਗੁਰਦੇਵ ਸਿੰਘ ਦੇਵ ਮਾਨ ਐਮ ਐਲ ਏ ਹੋਣਗੇ। ਇਸ ਤੋਂ ਇਲਾਵਾ ਵਿਸ਼ੇਸ਼ ਮਹਿਮਾਨ ਦੀਪਕ ਬਾਲੀ ਸਲਾਹਕਾਰ ਸੱਭਿਆਚਾਰ ਤੇ ਸੈਰ ਸਪਾਟਾ ਵਿਭਾਗ ਪੰਜਾਬ ਅਤੇ ਸ. ਜਸਵੀਰ ਸਿੰਘ ਜੱਸੀ ਚੇਅਰਮੈਨ ਜਿਲਾ ਯੋਜਨਾ ਬੋਰਡ ਪਟਿਆਲਾ, ਚਰਨ ਸਿੰਘ ਐਮ ਡੀ ਮਲਕੀਤ ਗਰੁੱਪ, ਇਸ ਪ੍ਰੋਗਰਾਮ ਵਿਚ ਫਿਲਮ ਜਗਤ ਅਤੇ ਸੰਗੀਤ ਜਗਤ ਵੱਡੇ ਕਲਾਕਾਰ ਉਚੇਚੇ ਸ਼ਿਰਕਤ ਕਰਨਗੇ। ਇਸ ਸਨਮਾਨ ਲਈ ਇੰਜੀ ਮਾਈਕਲ ਐਕਸ਼ੀਅਨ, ਹਰਜੀਤਪਾਲ ਸਿੰਘ ਐਕਸ਼ੀਅਨ, ਸੰਦੀਪ ਸ਼ਰਮਾ, ਹਰਮਨਪ੍ਰੀਤ ਸਿੰਘ, ਰਮਨਦੀਪ ਸਿੰਘ (ਸਾਰੇ ਐਸ ਡੀ ), ਵਿਕਰਮਜੀਤ ਸਿੰਘ ਗੋਲਡੀ ਏ ਈ, ਅਰਵਿੰਦ ਸ਼ਰਮਾ ਜੇ ਈ, ਸਵਤੰਤਰ ਸਿੰਘ ਜੇ ਈ, ਮਨਜੀਤ ਸਿੰਘ ਏਈ, ਜਸਵੀਰ ਸਿੰਘ ਰਿਟਾਇਰਡ ਐਸ ਡੀ ਆਦਿ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਮੁਬਾਰਕਬਾਦ ਦਿੱਤੀ ਹੈ।

# ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਪ੍ਰਧਾਨ ਨੂੰ ਸਦਮਾ, ਹੋਇਆ ਮਾਤਾ ਦਾ ਦਿਹਾਂਤ

**ਜਲੰਧਰ–** ਅੰਬੇਡਕਰ ਮਿਸ਼ਨ ਸੁਸਾਇਟੀ ਦੇ ਪ੍ਰਧਾਨ ਸ੍ਰੀ ਚਰਨ ਦਾਸ ਸੰਧੂ ਦੇ ਮਾਤਾ ਸ੍ਰੀਮਤੀ ਪ੍ਰੀਤਮ ਕੌਰ ਜੀ ਦਾ 16 ਮਈ, 2025 ਨੂੰ ਪਰਿਨਿਰਵਾਣ (ਦਿਹਾਂਤ) ਹੋਣ ਕਾਰਨ ਸੰਧੂ ਪਰਿਵਾਰ ਨੂੰ ਭਾਰੀ ਸਦਮਾ ਲੱਗਾ ਹੈ। ਉਸੇ ਹੀ ਦਿਨ ਉਨ੍ਹਾਂ ਦੇ ਪਿੰਡ 'ਵਰਿਆਣਾ' ਵਿਖੇ ਬੁੱਧ ਰੀਤੀ ਅਨੁਸਾਰ ਮਾਤਾ ਜੀ ਦਾ ਸੰਸਕਾਰ ਕਰ ਦਿੱਤਾ ਗਿਆ ਅਤੇ ਉਸੇ ਹੀ ਦਿਨ ਸ੍ਰੀ ਗੁਰੂ ਰਵਿਦਾਸ ਭਵਨ ਵਿਖੇ ਇੱਕ ਸਮਾਗਮ ਵਿਚ ਬੁੱਧ ਰੀਤੀ ਮੁਤਾਬਕ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਗਈ, ਜਿਸ ਵਿੱਚ ਭਿਖੂ ਚੰਦਰ ਕੀਰਤੀ ਜੀ ਨੇ ਆਏ ਹੋਏ ਉਪਾਸਕਾਂ ਨੂੰ ਤ੍ਰਿਸ਼ਰਨ–ਪੰਚਸ਼ੀਲ ਦਾ ਜਾਪ ਕਰਵਾਇਆ ਅਤੇ ਕਿਹਾ ਕਿ ਸਾਡੇ ਸਮਾਜ ਨੂੰ, ਸਾਡੇ ਉੱਪਰ ਥੋਪੀਆਂ ਇਨ੍ਹਾਂ ਰੂੜੀਵਾਦੀ ਪਰੰਪਰਾਵਾਂ ਨੂੰ ਤਿਆਗਣਾ ਚਾਹੀਦਾ ਹੈ। ਇਸ ਦੁੱਖ ਦੀ ਘੜੀ ਵਿੱਚ ਡਾ. ਜੀ.ਸੀ. ਕੌਲ, ਸ੍ਰੀ ਸੋਹਨ ਲਾਲ ਰਿਟਾ. ਡੀ. ਪੀ. ਆਈ. (ਕਾਲਜਾਂ), ਪ੍ਰੋ. ਅਸ਼ਵਨੀ ਜੱਸਲ, ਪ੍ਰੋ. ਬਲਬੀਰ, ਪ੍ਰੋ. ਅਰਿੰਦਰ ਸਿੰਘ, ਬਲਦੇਵ ਭਾਰਦਵਾਜ, ਹਰਮੇਸ਼ ਜੱਸਲ, ਨਿਰਮਲ ਬਿੰਝੀ, ਵਿਨੋਦ ਸ਼ਰਮਾ, ਡਾ.ਬੀ.ਕੇ ਛਾਬੜਾ, ਡਾ. ਰਾਜ




ਕੁਮਾਰ (ਕੋਟ ਸਦੀਕ), ਡਾ. ਜਗਜੀਤ ਸਿੰਘ, ਡਾ. ਰਕੇਸ਼ ਕੁਮਾਰ, ਵਰਿਆਣਾ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਸ਼ਰਨ ਦੀਪ ਸਿੰਘ ਭੁੱਲਰ ਅਤੇ ਸਾਥੀ ਮਨੋਹਰ ਭਾਰਦਵਾਜ, ਕਮਲ ਰਾਹਿਲ, ਗੁਰਜੀਤ ਸਿੰਘ, ਸਤਨਾਮ ਸਿੰਘ, ਜੀ.ਡੀ. ਸੰਧੂ, ਨਕਸ਼ ਵਰਿਆਣਵੀ, ਦਲਜੀਤ ਹੰਸ, ਗੌਤਮ ਬੌਧ ਅਤੇ ਇਲਾਕੇ ਦੀਆਂ ਬਹੁਤ ਸਾਰੀਆਂ ਉੱਘੀਆਂ ਸ਼ਖ਼ਸੀਅਤਾਂ ਨੇ ਇਸ ਮੌਕੇ ਭਾਵਪੂਰਨ ਹਾਜ਼ਰੀ ਲਗਵਾਈ। ਚਰਨ ਦਾਸ ਸੰਧੂ ਦੇ ਪਰਿਵਾਰ ਵੱਲੋਂ ਅੰਤਿਮ ਕਿਰਿਆ ਕਰਮ ਦੀ ਪਰੰਪਰਾ ਤੋਂ ਹਟ ਕੇ ਲਏ ਗਏ ਇਸ ਅਗ੍ਹਾਂ ਵਧੂ ਫੈਸਲੇ ਨਾਲ ਭਾਰਤ ਵਿੱਚ ਰੂੜ੍ਹੀਵਾਦੀ, ਕਰਮ ਕਾਂਡ, ਅੰਧ ਵਿਸ਼ਵਾਸ ਅਤੇ ਪਖੰਡਵਾਦ ਨੂੰ ਭਾਰੀ ਸੱਟ ਵੱਜੀ ਅਤੇ ਇਸ ਨਾਲ 14 ਅਕਤੂਬਰ, 1956 ਨੂੰ ਬਾਬਾ ਸਾਹਿਬ ਡਾ. ਭੀਮ ਰਾ ਅੰਬੇਡਕਰ ਵੱਲੋਂ ਆਰੰਭੀ ਧੰਮ ਕ੍ਰਾਂਤੀ ਦੀ ਮਸ਼ਾਲ ਨੂੰ ਮੱਘਦਾ ਰੱਖਣ ਲਈ ਉਨ੍ਹਾਂ ਨੇ ਆਪਣੇ ਵੱਲੋਂ ਛੋਟਾ ਜਿਹਾ ਯੋਗਦਾਨ ਪਾਇਆ ਕਿਉਂਕਿ ਉਨ੍ਹਾਂ ਦੇ ਪਿਤਾ ਸ੍ਰੀ ਮੀਤ ਰਾਮ ਸੰਧੂ ਜੀ ਪੱਕੇ ਤਰਕਸ਼ੀਲ ਅਤੇ ਕਰਮਯੋਗੀ ਸਨ। ਇਹ ਉਨ੍ਹਾਂ ਦੀ ਪ੍ਰੇਰਨਾ ਦਾ ਹੀ ਸਿੱਟਾ ਹੈ ਕਿ ਉਨ੍ਹਾਂ ਦਾ ਪਰਿਵਾਰ ਨਿਰੋਲ ਬੁੱਧਿਸਟ ਅੰਬੇਡਕਰੀ ਹੈ। ਅਦਾਰਾ 'ਦੇਸ਼ ਦੁਆਬਾ' ਇਸ ਦੁੱਖ ਦੀ ਘੜੀ ਵਿਚ ਦੁਖੀ ਪਰਿਵਾਰ ਦੇ ਦੁੱਖ ਵਿਚ ਸ਼ਾਮਲ ਹੁੰਦਿਆਂ ਵਿਛੜੀ ਰੂਹ ਦੀ ਆਤਮਕ ਸ਼ਾਂਤੀ ਲਈ ਅਰਦਾਸ ਕਰਦਾ ਹੈ।

# ਸਿੱਖਿਆ ਸਿਰਫ਼ ਇੱਕ ਡਿਗਰੀ ਨਹੀਂ, ਸਗੋਂ ਸਮਾਜ ਪ੍ਰਤੀ ਇੱਕ ਜ਼ਿੰਮੇਵਾਰੀ ਹੈ: ਡਾ. ਜ਼ੋਰਾ ਸਿੰਘ

## ਕਨਵੋਕੇਸ਼ਨ ਸਮਾਰੋਹ ਵਿੱਚ 122 ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ

**ਮੰਡੀ ਗੋਬਿੰਦਗੜ੍ਹ–** ਗਾਂਧੀ ਮੈਮੋਰੀਅਲ ਨੈਚਰੋਪੈਥੀ ਕਮੇਟੀ, ਨਵੀਂ ਦਿੱਲੀ, ਨੈਚਰੋਪੈਥੀ ਯੋਗ ਆਯੁਰਵੇਦ ਵਿਗਿਆਨ ਕਮੇਟੀ, ਮੋਹਾਲੀ ਅਤੇ ਵਰਦਾਨ ਨੈਚਰੋਪੈਥੀ ਅਤੇ ਯੋਗ ਇੰਸਟੀਚਿਊਟ, ਚੰਡੀਗੜ੍ਹ ਦੀ ਅਗਵਾਈ ਹੇਠ ਸ਼੍ਰੀ ਮਾਤਾ ਮਨਸਾ ਦੇਵੀ ਚੈਰੀਟੇਬਲ ਟਰੱਸਟ ਪੰਚਕੂਲਾ ਦੇ ਆਡੀਟੋਰੀਅਮ ਵਿੱਚ ਇੱਕ ਕਨਵੋਕੇਸ਼ਨ ਸਮਾਰੋਹ ਕਰਵਾਇਆ ਗਿਆ। ਕਨਵੋਕੇਸ਼ਨ ਦੇ ਮੁੱਖ ਮਹਿਮਾਨ, ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਨੇ 122 ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ। ਇਸ ਮੌਕੇ 'ਤੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਚਾਂਸਲਰ ਡਾ. ਜ਼ੋਰਾ ਸਿੰਘ ਨੇ ਕਿਹਾ ਕਿ ਸਿੱਖਿਆ ਸਿਰਫ਼ ਇੱਕ ਡਿਗਰੀ ਨਹੀਂ ਹੈ, ਸਗੋਂ ਸਮਾਜ ਪ੍ਰਤੀ ਜ਼ਿੰਮੇਵਾਰੀ ਨਿਭਾਉਣ ਦਾ ਇੱਕ ਮਾਧਿਅਮ ਹੈ। ਉਨ੍ਹਾਂ ਕਿਹਾ ਕਿ ਕੁਦਰਤੀ ਇਲਾਜ ਇੱਕ ਸਿਹਤਮੰਦ ਜੀਵਨ ਜਿਊਣ ਦੀ ਇੱਕ ਕਲਾ ਅਤੇ ਵਿਗਿਆਨ ਹੈ। ਇਹ ਠੋਸ ਸਿਧਾਂਤਾਂ 'ਤੇ ਅਧਾਰਤ ਇੱਕ ਦਵਾਈ–ਮੁਕਤ ਬਿਮਾਰੀ ਰੋਕਥਾਮ ਵਿਧੀ ਹੈ। ਸਾਨੂੰ ਸਾਰਿਆਂ ਨੂੰ ਇਹ ਤਰੀਕਾ ਸਿੱਖਣਾ ਚਾਹੀਦਾ ਹੈ ਤਾਂ ਜੋ ਅਸੀਂ ਸਿਹਤਮੰਦ ਰਹਿ ਸਕੀਏ। ਨੈਚਰੋਪੈਥੀ ਕਮੇਟੀ ਬਹੁਤ ਵਧੀਆ ਕੰਮ ਕਰ ਰਹੀ ਹੈ, ਮੇਰੀਆਂ ਸ਼ੁਭਕਾਮਨਾਵਾਂ ਉਨ੍ਹਾਂ ਦੇ ਨਾਲ ਹਨ ਅਤੇ ਇਸ ਕੋਰਸ ਲਈ ਅਸੀਂ ਇਸ ਸੰਸਥਾ ਨੂੰ ਆਪਣੀ ਯੂਨੀਵਰਸਿਟੀ ਨਾਲ ਜੋੜਾਂਗੇ ਤਾਂ ਜੋ ਵਿਦਿਆਰਥੀਆਂ ਨੂੰ ਵਧੇਰੇ ਲਾਭ ਮਿਲ ਸਕਣ ਤਾਂ ਜੋ ਉਹ ਨੈਚਰੋਪੈਥੀ ਅਤੇ ਯੋਗਾ ਵਿੱਚ ਯੂਨੀਵਰਸਿਟੀ ਦੀ ਡਿਗਰੀ ਪ੍ਰਾਪਤ ਕਰ ਸਕਣ। ਕਮੇਟੀ ਵੱਲੋਂ ਪਾਸ ਹੋਏ 122 ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ। ਕਮੇਟੀ ਵੱਲੋਂ, ਇੱਕ ਵਿਦਿਆਰਥੀ, ਡਾ। ਰਚਨਾ ਸਿੰਘ ਨੂੰ ਪਹਿਲੇ ਸਥਾਨ 'ਤੇ ਆਉਣ ਲਈ ਸੋਨੇ ਦਾ ਤਗਮਾ ਅਤੇ ਵਿਸ਼ੇਸ਼ ਸਨਮਾਨ ਦਿੱਤਾ ਗਿਆ ਅਤੇ ਇੱਕ ਵਿਦਿਆਰਥੀ, ਦੀਪਕ ਖੇਤਰਪਾਲ ਨੂੰ ਦੂਜੇ ਸਥਾਨ 'ਤੇ ਆਉਣ ਲਈ ਚਾਂਦੀ ਦਾ ਤਗਮਾ ਅਤੇ ਸਨਮਾਨ ਦਿੱਤਾ ਗਿਆ।




ਸਮਾਗਮ ਦੀ ਪ੍ਰਧਾਨਗੀ ਕਰਦਿਆਂ, ਡਾ. ਪੁਨੀਤ ਮਲਿਕ ਨੇ ਆਪਣੇ ਪ੍ਰੇਰਨਾਦਾਇਕ ਭਾਸ਼ਣ ਵਿੱਚ ਨੌਜਵਾਨਾਂ ਨੂੰ ਦੇਸ਼ ਦੀ ਸਿਹਤ ਦੇ ਨਿਰਮਾਣ ਵਿੱਚ ਹਿੱਸਾ ਲੈਣ ਦੀ ਅਪੀਲ ਕੀਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

ਮੁੱਖ ਬੁਲਾਰੇ ਡਾ. ਹਰੀਸ਼ ਯਾਦਵ, ਡਾਇਰੈਕਟਰ, ਅਰੋਗਿਆ ਅੰਮ੍ਰਿਤ ਨੈਚਰੋਪੈਥੀ ਯੋਗਾ ਹਸਪਤਾਲ ਅਤੇ ਸਿਖਲਾਈ ਸੰਸਥਾ, ਹਿਸਾਰ ਨੇ 'ਸਿਹਤਮੰਦ ਜੀਵਨ ਸ਼ੈਲੀ' 'ਤੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਨੈਚਰੋਪੈਥੀ ਇੱਕ ਵਿਅਕਤੀ ਨੂੰ ਉਸਦੇ ਸਰੀਰਕ, ਮਾਨਸਿਕ, ਨੈਤਿਕ ਅਤੇ ਅਧਿਆਤਮਿਕ ਪੱਧਰ 'ਤੇ ਕੁਦਰਤ ਦੇ ਰਚਨਾਤਮਕ ਸਿਧਾਂਤਾਂ ਦੇ ਅਨੁਸਾਰ ਬਣਾਉਣ ਦਾ ਇੱਕ ਤਰੀਕਾ ਹੈ। ਇਸ ਵਿੱਚ ਸਿਹਤ ਪ੍ਰੋਤਸਾਹਨ, ਬਿਮਾਰੀ ਰੋਕਥਾਮ, ਬਿਮਾਰੀ ਰੋਕਥਾਮ ਅਤੇ ਪੁਨਰ ਨਿਰਮਾਣ ਦੀ ਇੱਕ ਵਿਲੱਖਣ ਸਮਰੱਥਾ ਹੈ। ਸਾਰੀਆਂ ਬਿਮਾਰੀਆਂ, ਉਨ੍ਹਾਂ ਦੇ ਕਾਰਨ ਅਤੇ ਉਨ੍ਹਾਂ ਦਾ ਇਲਾਜ ਇੱਕੋ ਜਿਹਾ ਹੈ। ਇਹ ਕੁਦਰਤੀ ਇਲਾਜ ਦਾ ਮੂਲ ਸਿਧਾਂਤ ਹੈ। ਕੁਦਰਤੀ ਇਲਾਜ ਵਿੱਚ ਬਿਮਾਰੀ ਦਾ ਨਿਦਾਨ ਆਸਾਨੀ ਨਾਲ ਸੰਭਵ ਹੈ। ਪੁਰਾਣੀਆਂ ਬਿਮਾਰੀਆਂ ਤੋਂ ਪੀੜਤ ਮਰੀਜ਼ਾਂ ਦਾ ਵੀ ਕੁਦਰਤੀ ਇਲਾਜ ਨਾਲ ਸਫਲਤਾਪੂਰਵਕ ਇਲਾਜ ਕੀਤਾ ਜਾਂਦਾ ਹੈ। ਕੁਦਰਤੀ ਇਲਾਜ ਵਿੱਚ ਦਵਾਈਆਂ ਦੀ ਵਰਤੋਂ ਨਹੀਂ ਕੀਤੀ ਜਾਂਦੀ। ਕੁਦਰਤੀ ਇਲਾਜ ਦੇ ਅਨੁਸਾਰ, ਭੋਜਨ ਹੀ ਦਵਾਈ ਹੈ। ਕੁਦਰਤੀ ਇਲਾਜ ਰਾਹੀਂ, ਸਰੀਰਕ, ਮਾਨਸਿਕ, ਸਮਾਜਿਕ ਅਤੇ ਅਧਿਆਤਮਿਕ ਚਾਰਾਂ ਪਹਿਲੂਆਂ ਦਾ ਇੱਕੋ ਸਮੇਂ ਇਲਾਜ ਕੀਤਾ ਜਾਂਦਾ ਹੈ। ਇਸ ਲਈ ਸਾਨੂੰ ਇਸਨੂੰ ਅਪਣਾਉਣਾ ਚਾਹੀਦਾ ਹੈ।

ਇਸ ਮੌਕੇ ਸੰਸਥਾ ਵੱਲੋਂ ਨੈਚਰੋਪੈਥੀ ਅਤੇ ਯੋਗਾ ਵਿੱਚ ਵਿਸ਼ੇਸ਼ ਕੰਮ ਕਰਨ ਵਾਲੇ 6 ਲੋਕਾਂ ਨੂੰ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਵਿੱਚ ਡਾ. ਆਦਿਤਿਆ ਭਾਰਦਵਾਜ, ਡਾ. ਹਰੀਚੰਦ ਗੁਪਤਾ, ਡਾ. ਮੁਕੇਸ਼ ਕੁਮਾਰ ਅਗਰਵਾਲ, ਡਾ. ਜਸਮੀਤ ਸਿੰਘ ਬੇਦੀ, ਪ੍ਰੀਤੀ ਗੋਇਲ ਅਤੇ ਡਾ. ਸੁਮਨ ਬਾਲਾ ਆਦਿ ਸ਼ਾਮਲ ਸਨ।

ਇਸ ਮੌਕੇ ਉੱਘੀਆਂ ਸ਼ਖ਼ਸੀਅਤਾਂ ਡਾ: ਸੰਤੋਸ਼ ਗਰਗ, ਸਪਨਾ ਸੋਵਤ, ਉਰਮਿਲਾ ਦੇਵੀ, ਅਵਤਾਰ ਸਿੰਘ, ਮੀਨਾ ਕੁਮਾਰੀ, ਨੀਲਮ ਗੋਇਲ, ਪ੍ਰਵੇਸ਼ ਕੁਮਾਰ, ਸ਼ਿਖਾ ਠਾਕੁਰ, ਸਲੋਨੀ, ਬ੍ਰਿਜੇਸ਼ ਸੋਲੰਕੀ, ਬਲਵਿੰਦਰ ਪਾਲ ਸਿੰਘ, ਅੰਮ੍ਰਿਤ ਸਿੰਘ ਕੌਰ, ਦੀਕਸ਼ਾ, ਵਿੱਕੀ, ਰਮਾ, ਕਿਰਨਵੀਰ, ਸਤਵੀਰ ਸਿੰਘ, ਰਣਵੀਰ ਸਿੰਘ, ਡਾ। ਵਿਵੇਕ, ਯੋਗੀ ਕਿਸ਼ੋਰ ਠਾਕੁਰ, ਦੀਪਕ, ਪ੍ਰਦੀਪ ਕੁਮਾਰ ਅਗਨੀਹੋਤਰੀ, ਸੰਜੀਵ ਦਿਲਾਵਰੀ, ਮੀਨਾ ਕੁਮਾਰੀ, ਦੇਵਰਾਜ ਤਿਆਗੀ ਸਮੇਤ ਕਈ ਹੋਰਾਂ ਨੇ ਸ਼ਮੂਲੀਅਤ ਕੀਤੀ ।

# ਬਲਜਿੰਦਰ ਪਾਹਵਾ ਕਾਂਗਰਸ ਜਿਲਾ ਜਲੰਧਰ ਦਿਹਾਤੀ ਦੇ ਮੀਤ ਪ੍ਰਧਾਨ ਨਿਯੁਕਤ



**ਫਿਲੌਰ–** ਕਾਂਗਰਸ ਹਾਈ ਕਮਾਂਡ ਵਲੋਂ ਬਲਜਿੰਦਰ ਪਾਹਵਾ ਨੂੰ ਜਿਲਾ ਜਲੰਧਰ ਦਿਹਾਤੀ ਕਾਂਗਰਸ ਦਾ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।

ਇਸ ਮੌਕੇ ਵਿਨੋਦ ਭਾਰਦਵਾਜ ਮੋਰੋਂ, ਪਰਮਜੀਤ ਸਿੰਘ ਢਿੱਲੋਂ ਮੰਡੀ, ਮਨਵੀਰ ਸਿੰਘ ਢਿੱਲੋਂ ਮੰਡੀ, ਬਲਕਾਰ ਸਿੰਘ ਸਾਬਕਾ ਸਰਪੰਚ ਰਾਏਪੁਰ ਅਰਾਈਆਂ, ਬਿੱਟੂ ਆੜਤੀਆ ਲਸਾੜਾ ਨੇ ਉਨਾਂ ਨੂੰ ਨਿਯੁਕਤੀ 'ਤੇ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਉਹ ਆਪਣੀ ਯੋਗਤਾ ਦੇ ਆਧਾਰ 'ਤੇ ਇਸ ਮੁਕਾਮ ਤੱਕ ਆਏ ਹਨ। ਇਸ ਮੌਕੇ ਬਲਜਿੰਦਰ ਪਾਹਵਾ ਨੇ ਸਮੂਹ ਕਾਂਗਰਸ ਹਾਈ ਕਮਾਂਡ, ਰਾਣਾ ਗੁਰਜੀਤ ਸਿੰਘ ਸਾਬਕਾ ਕੈਬਨਿਟ ਮੰਤਰੀ ਪੰਜਾਬ, ਸ. ਚਰਨਜੀਤ ਸਿੰਘ ਚੰਨੀ ਮੈਂਬਰ ਲੋਕ ਸਭਾ ਜਲੰਧਰ ਤੇ ਸਮੂਹ ਆਲਾ ਆਗੂਆਂ ਦਾਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣੀ ਜਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣਗੇ ਤੇ ਕਾਂਗਰਸ ਪਾਰਟੀ ਦੀਆਂ ਲੋਕ ਹਿੱਤ ਨੀਤੀਆਂ ਨੂੰ ਘਰ ਘਰ ਲੈ ਕੇ ਜਾਣਗੇ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਦੇਸ਼ ਭਗਤ ਯੂਨੀਵਰਸਿਟੀ ਇੰਟਰਨੈਸ਼ਨਲ ਐਸੋਸੀਏਸ਼ਨ ਆਫ਼ ਯੂਨੀਵਰਸਿਟੀਜ਼ ਵਿੱਚ ਹੋਈ ਸ਼ਾਮਲ

**ਮੰਡੀ ਗੋਬਿੰਦਗੜ੍ਹ–** ਦੇਸ਼ ਭਗਤ ਯੂਨੀਵਰਸਿਟੀ (ਡੀਬੀਯੂ), ਇੱਕ ਨੈਕ ਏ+ ਮਾਨਤਾ ਪ੍ਰਾਪਤ ਸੰਸਥਾ, ਇੰਟਰਨੈਸ਼ਨਲ ਐਸੋਸੀਏਸ਼ਨ ਆਫ਼ ਯੂਨੀਵਰਸਿਟੀਜ਼ ਵਿੱਚ ਆਪਣੀ ਅਧਿਕਾਰਤ ਮੈਂਬਰਸ਼ਿਪ ਦਾ ਐਲਾਨ ਕਰਦੇ ਹੋਏ ਮਾਣ ਮਹਿਸੂਸ ਕਰ ਰਹੀ ਹੈ। ਆਈਏਯੂ ਯੂਨੈਸਕੋ ਦੇ ਅਧੀਨ ਇੱਕ ਵਿਸ਼ਵ ਪੱਧਰ 'ਤੇ ਸਨਮਾਨਿਤ ਨੈੱਟਵਰਕ ਹੈ, ਜਿਸ ਵਿੱਚ 130 ਤੋਂ ਵੱਧ ਦੇਸ਼ਾਂ ਦੀਆਂ ਪ੍ਰਮੁੱਖ ਯੂਨੀਵਰਸਿਟੀਆਂ ਸ਼ਾਮਲ ਹਨ, ਜੋ ਉੱਚ ਸਿੱਖਿਆ ਵਿੱਚ ਗੁਣਵੱਤਾ, ਸਹਿਯੋਗ ਅਤੇ ਨਵੀਨਤਾ ਨੂੰ ਅੱਗੇ ਵਧਾਉਣ ਲਈ ਵਚਨਬੱਧ ਹਨ।



ਇਹ ਪ੍ਰਾਪਤੀ ਅਕਾਦਮਿਕ ਉੱਤਮਤਾ, ਉਦਯੋਗ ਏਕੀਕਰਨ ਅਤੇ ਅੰਤਰਰਾਸ਼ਟਰੀ ਪਹੁੰਚ ਨੂੰ ਸਮਰਪਿਤ ਇੱਕ ਬਹੁ–ਅਨੁਸ਼ਾਸਨੀ ਸੰਸਥਾ ਵਜੋਂ ਡੀਬੀਯੂ ਦੀ ਵਿਸ਼ਵਵਿਆਪੀ ਸਥਿਤੀ ਨੂੰ ਹੋਰ ਮਜ਼ਬੂਤ ਕਰਦੀ ਹੈ।

ਦੇਸ਼ ਭਗਤ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਡਾ. ਸੰਦੀਪ ਸਿੰਘ ਨੇ ਕਿਹਾ, "ਦੇਸ਼ ਭਗਤ ਯੂਨੀਵਰਸਿਟੀ ਲਈ ਅੰਤਰਰਾਸ਼ਟਰੀ ਯੂਨੀਵਰਸਿਟੀਆਂ ਦੀ ਐਸੋਸੀਏਸ਼ਨ ਵਿੱਚ ਸ਼ਾਮਲ ਹੋਣਾ ਇੱਕ ਮਾਣ ਵਾਲੀ ਗੱਲ ਹੈ। ਇਹ ਮਾਨਤਾ ਸਾਡੀਆਂ ਕਦਰਾਂ–ਕੀਮਤਾਂ ਵਿੱਚ ਡੂੰਘੀਆਂ ਜੜ੍ਹਾਂ ਰੱਖਦੇ ਹੋਏ ਵਿਸ਼ਵ ਪੱਧਰੀ ਮਿਆਰਾਂ ਨੂੰ ਪੂਰਾ ਕਰਨ ਵਾਲੀ ਸਿੱਖਿਆ ਪ੍ਰਦਾਨ ਕਰਨ ਪ੍ਰਤੀ ਸਾਡੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਇਹ ਵਿਦਿਆਰਥੀਆਂ ਨੂੰ ਨਵੀਨਤਾਕਾਰੀ ਅਤੇ ਵਿਸ਼ਵ ਨੇਤਾ ਬਣਨ ਲਈ ਸਮਰੱਥ ਬਣਾਉਣ ਦੇ ਸਾਡੇ ਮਿਸ਼ਨ ਵਿੱਚ ਇੱਕ ਕਦਮ ਹੈ।" ਇੱਕ ਨੈਕ ਏ+ ਯੂਨੀਵਰਸਿਟੀ ਅਤੇ ਹੁਣ ਇੰਟਰਨੈਸ਼ਨਲ ਐਸੋਸੀਏਸ਼ਨ ਆਫ਼ ਯੂਨੀਵਰਸਿਟੀਜ਼ ਦੇ ਮੈਂਬਰ ਹੋਣ ਦੇ ਨਾਤੇ ਡੀਬੀਯੂ ਨੂੰ ਵਧੇਰੇ ਵਿਸ਼ਵਵਿਆਪੀ ਅਕਾਦਮਿਕ ਦ੍ਰਿਸ਼ਟੀ ਅਤੇ ਭਰੋਸੇਯੋਗਤਾ, ਉੱਚ–ਪ੍ਰਭਾਵੀ ਅੰਤਰਰਾਸ਼ਟਰੀ ਖੋਜ ਅਤੇ ਨਵੀਨਤਾ ਭਾਈਵਾਲੀ, ਵਿਸ਼ਵਵਿਆਪੀ ਨੈੱਟਵਰਕ ਵਿੱਚ ਵਿਦਿਆਰਥੀ ਅਤੇ ਫੈਕਲਟੀ ਆਦਾਨ–ਪ੍ਰਦਾਨ ਦੇ ਮੌਕੇ, ਵਿਸ਼ਵਵਿਆਪੀ ਸਿੱਖਿਆ ਨੀਤੀ ਅਤੇ ਸਥਿਰਤਾ ਟੀਚਿਆਂ ਵਿੱਚ ਵਿਚਾਰ ਅਗਵਾਈ, ਉਦਯੋਗ 4.0 ਨਾਲ ਰਣਨੀਤਕ ਸਹਿਯੋਗ ਅਤੇ ਡਿਜੀਟਲ ਪਰਿਵਰਤਨ ਵਰਗੇ ਲਾਭ ਹਾਸਿਲ ਹੋਣਗੇ।

# ਵਾਰਸ ਭਰਾਵਾਂ ਦਾ ਸ਼ਾਨਦਾਰ ਸ਼ੋਅ "ਪੰਜਾਬੀ ਵਿਰਸਾ 2025" ਫਰਿਜਨੋ ਵਿਖੇ ਸ਼ਾਨੋ-ਸ਼ੌਕਤ ਨਾਲ ਕਰਵਾਇਆ ਗਿਆ

**ਸੈਕਰਾਮੈਂਟੋ, ਕੈਲੇਫੋਰਨੀਆਂ, (ਹੁਸਨ ਲੜੋਆ ਬੰਗਾ)** ਸਥਾਨਿਕ ਵਿਰਸਾ ਫਾਊਂਡੇਸ਼ਨ ਵੱਲੋਂ ਵਾਰਸ ਭਰਾਵਾਂ ਦਾ ਸ਼ਾਨਦਾਰ ਸ਼ੋਅ "ਪੰਜਾਬੀ ਵਿਰਸਾ 2025" ਫਰਿਜਨੋ ਦੇ ਵੁਡਵਰਡ ਪਾਰਕ ਵਿਖੇ ਸ਼ਾਨੋ-ਸ਼ੌਕਤ ਨਾਲ ਕਰਵਾਇਆ ਗਿਆ। ਦਰਸ਼ਕਾਂ ਨਾਲ ਖਚਾਖਚ ਭਰੇ ਹੋਏ ਓਪਨ ਹਾਲ ਅੰਦਰ ਸਟੇਜ ਦੀ ਸ਼ੁਰੂਆਤ ਸਟੇਜਾ ਦੀ ਮਲਕਾ ਆਸ਼ਾ ਸ਼ਰਮਾ ਨੇ ਸਭਨਾਂ ਨੂੰ ਨਿੱਘੀ ਜੀ ਕਹਿੰਦਿਆ ਸ਼ਾਇਰਾਨਾ ਅੰਦਾਜ਼ ਵਿੱਚ ਕੀਤੀ।ਸ਼ੋਅ ਦੀ ਸੁਰੂਆਤ ਭੰਗੜੇ ਦੇ ਜੌਹਰ ਵਿਖਾਉ-ਂਦਿਆਂ, ਓਲਡ ਸਕੂਲ ਭੰਗੜਾ ਅਕੈਡਮੀ ਦੇ ਬੱਚਿਆਂ ਨ` ਕੀਤੀ, ਇਹ ਬੱਚੇ ਭੰਗੜਾ ਕੋਚ ਵੀਰਪਾਲ ਸਿੰਘ ਦੇ ਚੰਡੇ ਹੋਏ ਸਨ। ਇਸ ਪਿੱਛੋਂ ਜੀ. ਐਚ. ਜੀ ਦੇ ਗੱਭਰੂਆਂ ਨੇ ਮਲਵਈ ਗਿੱਧੇ ਨਾਲ ਲਾਈਵ ਬੋਲਿਆ ਪਾਕੇ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਭਿੰਦੇ ਜੱਟ ਨੇ ਮੋਢੇ ਤੇ ਪੁਰਾਣਾ ਵੀਡੀਓ ਕੈਮਰਾ ਰੱਖਕੇ ਆਪਣਾ ਸਦਾ ਬਹਾਰ ਗੀਤ "ਤੇਰੀ ਨੱਚਦੀ ਦੀ ਵੀਡੀਓ ਬਣਾਉਣੀ" ਨਾਲ ਦਰਸ਼ਕਾਂ ਦੇ ਪੱਬ ਥਿਰਕਣ ਲਾ ਦਿੱਤੇ। ਇਸ ਪਿੱਛੋ ਸ਼ੁਰੂ ਹੋਇਆ ਵਾਰਿਸ ਭਰਵਾਂ ਦਾ ਪੰਜਾਬੀ ਵਿਰਸਾ 2025 ਸ਼ੋਅ।






ਇਸ ਮੌਕੇ ਵਾਰਿਸ ਭਰਾਵਾਂ, ਮਨਮੋਹਣ ਵਾਰਸ, ਕਮਲ ਹੀਰ, ਅਤੇ ਸੰਗਤਾਰ ਨੇ ਅਸੀਂ ਜਿੱਤਾਂਗੇ ਜਰੂਰ, ਜਾਰੀ ਜੰਗ ਰੱਖਿਓ ਆਦਿ ਸੱਭਿਅਕ ਗੀਤ ਗਾਕੇ ਕੀਤੀ। ਇਸ ਪਿੱਛੋਂ ਵਾਰੀ ਆਈ "ਕੁੜੀਏ ਨੀ ਸੱਗੀ ਫੁੱਲ ਵਾਲੀਏ" ਫੇਮ ਕਮਲ ਹੀਰ ਦੀ, ਜਿਸਨੇ ਨੇ ਆਪਣੇ ਨਵੇਂ ਪੁਰਾਣੇਂ ਗੀਤਾ ਦੀ ਐਸੀ ਛਹਿਬਰ ਲਾਈ ਕਿ ਦਰਸ਼ਕ ਮਿਆਰੀ ਗਾਇਕੀ ਦਾ ਅਨੰਦ ਮਾਣਦੇ ਮਦਹੋਸ਼ ਹੋਏ ਕਿਸੇ ਵੱਖਰੀ ਮਸਤੀ ਵਿੱਚ ਨਜ਼ਰੀ ਪੈ ਰਹੇ ਸਨ।

ਉਪਰੰਤ ਸੰਗਤਾਰ, ਨੇ ਆਪਣੇ ਗੀਤ ਗਾਕੇ ਆਪਣੇ ਸੁਰੀਲੇ ਬੋਲਾਂ ਨਾਲ ਸ੍ਰੋਤਿਆਂ ਨੂੰ ਮੰਤਰ ਮੁੱਗਧ ਕੀਤਾ। ਅਖੀਰ ਵਿੱਚ ਇੰਤਜ਼ਾਰ ਦੀਆਂ ਘੜੀਆ ਖਤਮ ਹੋਈਆਂ ਤੇ ਸੁਰੀਲੇ ਗਾਇਕ ਮਨਮੋਹਨ ਵਾਰਿਸ ਨੇ ਆਪਣੇ ਦਮਦਾਰ ਅਤੇ ਸਦਾਬਹਾਰ ਗੀਤਾਂ ਨਾਲ ਮੇਲੇ ਨੂੰ ਚਰਮ ਸੀਮਾਂ ਤੱਕ ਪਹੁੰਚਾਇਆਂ ਤੇ ਉਹਨਾਂ ਜੀਅ ਜਾਨ ਨਾਲ ਗਾਇਆ ਤੇ ਆਪਣੇ ਬਹੁ-ਚਰਚਤ ਗੀਤ ਗਾਕੇ ਐਸੀ ਭੰਗੜੇ ਦੀ ਧਮਾਲ ਪਾਈ ਕਿ ਪੰਡਾਲ ਅੰਦਰ ਬੈਠੇ ਹਰ ਪੰਜਾਬੀ ਦੇ ਪੱਬ ਢੋਲ ਦੇ ਡੱਗੇ ਤੇ ਨੱਚਣੋਂ ਰਹਿ ਨਹੀਂ ਸਕੇ, ਅਤੇ ਦਰਸ਼ਕਾਂ ਨੇ ਨੱਚ ਨੱਚਕੇ ਅੰਬਰੀ ਧੂੜ੍ਹ ਚੜਾ ਦਿੱਤੀ।ਇਸ ਮੌਕੇ ਵਿਰਸਾ ਫਾਊਂਡੇਸ਼ਨ ਟੀਮ ਵੱਲੋਂ ਆਪਣੇ ਸਮੂੰਹ ਸਪਾਂਸਰਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ,ਅਤੇ ਵਿਰਸਾ ਫਾਊਂਡੇਸ਼ਨ ਮੈਂਬਰ ਜਸਵੀਰ ਸਰਾਏ ਨੇ ਵਿਰਸਾ ਫਾਊਂਡੇਸ਼ਨ ਦੇ ਕੰਮਾਂ ਕਾਰਾਂ ਤੋਂ ਦਰਸ਼ਕਾਂ ਨੂੰ ਜਾਣੂ ਕਰਵਾਇਆ, ਉਹਨਾਂ ਵਿਰਸਾ ਫਾਊਂਡੇਸ਼ਨ ਵੱਲੋ ਸਾਰੇ ਹੀ ਸਪਾਂਸਰ ਅਤੇ ਦਰਸ਼ਕ ਵੀਰਾ ਦਾ ਮੇਲੇ ਨੂੰ ਸਫ਼ਲ ਬਣਾਉਣ ਲਈ ਧੰਨਵਾਦ ਕੀਤਾ। ਇਸ ਮੌਕੇ ਵੱਖੋ ਵੱਖ ਖਾਣੇ ਦੇ ਸਟਾਲਾਂ ਤੋਂ ਦਰਸ਼ਕਾਂ ਨੇ ਆਪਣਾ ਪਸੰਦੀਦਾ ਖਾਣਾ ਖਾਧਾ ਤੇ ਮੇਲੇ ਦਾ ਅਨੰਦ ਮਾਣਿਆ।

## ਪੁਲਿਸ ਅਫਸਰ ਦੀ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਨੂੰ ਲਾਇਆ ਜ਼ਹਿਰ ਦਾ ਟੀਕਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਇੰਡਿਆਨਾ ਰਾਜ ਦੇ ਮਿਸ਼ੀਗਨ ਸ਼ਹਿਰ ਵਿਚ ਤਕਰੀਬਨ 25 ਸਾਲ ਪਹਿਲਾਂ ਇਕ ਪੁਲਿਸ ਅਫਸਰ ਦੀ ਗੋਲੀ ਮਾਰ ਕੇ ਹੱਤਿਆ ਕਰ ਦੇਣ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਪ੍ਰਾਪਤ 45 ਸਾਲਾ ਦੋਸ਼ੀ ਬੈਂਜਾਮਿਨ ਰਿਟਚੀ ਨੂੰ ਜ਼ਹਿਰ ਦਾ ਟੀਕਾ ਲਾ ਦਿੱਤਾ ਗਿਆ ਜਿਸ ਉਪਰੰਤ ਅੱਧੇ ਘੰਟੇ ਵਿਚ ਉਸ ਦੀ ਮੌਤ ਹੋ ਗਈ। ਰਾਜ ਵਿਚ ਪਿੱਛਲੇ 15 ਸਾਲਾਂ ਦੌਰਾਨ ਇਹ ਦੂਸਰੀ ਫਾਂਸੀ ਹੈ। 2002 ਵਿਚ ਬੀਚ ਗਰੋਵ ਦੇ ਪੁਲਿਸ ਅਫਸਰ ਬਿੱਲ ਟੋਨੀ ਦੀ ਹੱਤਿਆ ਲਈ ਦੋਸ਼ੀ ਕਰਾਰ ਦਿੰਦਿਆਂ ਅਦਾਲਤ ਨੇ ਬੈਂਜਾਮਿਨ ਨੂੰ ਮੌਤ ਦੀ ਸਜ਼ਾ ਸੁਣਾਈ ਸੀ। ਇੰਡਿਆਨਾ ਡਿਪਾਰਟਮੈਂਟ ਆਫ ਕੋਰੈਕਸ਼ਨ ਦੇ ਅਧਿਕਾਰੀਆਂ ਵੱਲੋਂ ਜਾਰੀ ਬਿਆਨ ਅਨੁਸਾਰ ਰਿਟਚੀ ਨੂੰ ਮਿਸ਼ੀਗਨ ਦੀ ਇੰਡਿਆਨਾ ਸਟੇਟ ਜੇਲ ਵਿਚ ਫਾਹੇ ਲਾਇਆ ਗਿਆ। ਬਿਆਨ ਅਨੁਸਾਰ ਅੱਧੀ ਰਾਤ ਦੇ ਤੁਰੰਤ ਬਾਅਦ ਫਾਂਸੀ ਦੀ ਪ੍ਰਕ੍ਰਿਆ ਸ਼ੁਰੂ ਹੋਈ ਤੇ 12।46 ਵਜੇ ਬੈਂਜਾਮਿਨ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਬਿਆਨ ਵਿਚ ਕਿਹਾ ਗਿਆ ਹੈ ਕਿ ਆਪਣੇ ਆਖਰੀ ਸ਼ਬਦਾਂ ਵਿਚ ਬੈਂਜਾਮਿਨ ਨੇ ਸਮਰਥਨ ਕਰਨ ਲਈ ਆਪਣੇ ਦੋਸਤਾਂ- ਮਿੱਤਰਾਂ ਤੇ ਪਰਿਵਾਰ ਦਾ ਧੰਨਵਾਦ ਕੀਤਾ ਤੇ ਉਨਾਂ ਲਈ ਪ੍ਰਾਰਥਨਾ ਕੀਤੀ।

## ਪਿੰਡਾਂ ਦਾ ਸਰਬਪੱਖੀ ਵਿਕਾਸ ਯਕੀਨੀ ਬਣਾਇਆ ਜਾਵੇਗਾ: ਮੁੱਖ ਮੰਤਰੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਧੂਰੀ (ਸੰਗਰੂਰ) (ਦਲਜੀਤ ਕੌਰ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਸੂਬਾ ਸਰਕਾਰ ਪਿੰਡਾਂ ਦੇ ਸਰਬਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ ਅਤੇ ਇਸ ਉਦੇਸ਼ ਨੂੰ ਪ੍ਰਾਪਤ ਕਰਨ ਲਈ ਕੋਈ ਕਸਰ ਨਹੀਂ ਛੱਡ ਰਹੀ। ਘਨੌਰੀ ਕਲਾਂ, ਘਨੌਰ ਖੁਰਦ, ਕਾਤਰੋਂ ਅਤੇ ਚੰਗਾਲੀ ਪਿੰਡਾਂ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਸਮੀਖਿਆ ਕਰਨ ਤੋਂ ਬਾਅਦ ਲੋਕਾਂ ਨਾਲ ਗੱਲਬਾਤ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਸਾਰੇ ਸਰਕਾਰੀ ਵਿਭਾਗ ਇਕ ਦੂਜੇ ਨਾਲ ਮਿਲ ਕੇ ਪੇਂਡੂ ਵਸੋਂ ਦੀ ਭਲਾਈ ਲਈ ਕੰਮ ਕਰ ਰਹੇ ਹਨ। ਉਨ੍ਹਾਂ ਨੇ ਦੁਹਰਾਇਆ ਕਿ ਪੰਜਾਬ, ਪਿੰਡਾਂ ਵਿੱਚ ਵੱਸਦਾ ਹੈ ਅਤੇ 'ਰੰਗਲੇ ਪੰਜਾਬ' ਦਾ ਸੁਪਨਾ ਤਦ ਹੀ ਸਾਕਾਰ ਹੋ ਸਕਦਾ ਹੈ, ਜਦੋਂ ਪਿੰਡ ਸਾਫ-ਸੁਥਰੇ ਅਤੇ ਹਰੇ-ਭਰੇ ਹੋਣ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਰਕਾਰ ਇਸ ਖੇਤਰ ਵੱਲ ਪਹਿਲਾਂ ਤੋਂ ਹੀ ਵਿਸ਼ੇਸ਼ ਧਿਆਨ ਦੇ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਧੂਰੀ ਨੂੰ ਸਰਬ ਪੱਖੀ ਵਿਕਾਸ ਰਾਹੀਂ ਮਾਡਲ ਸ਼ਹਿਰ ਵਜੋਂ ਤਿਆਰ ਕੀਤਾ ਜਾਵੇਗਾ ਅਤੇ ਇਸ ਲਈ ਉਚਿਤ ਫੰਡ ਮੁਹੱਈਆ ਕਰਵਾਏ



ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਸ਼ਹਿਰ ਵਿੱਚ ਜਲਦ ਹੀ ਵਿਸ਼ਵ-ਪੱਧਰੀ ਸਿਹਤ ਅਤੇ ਸਿੱਖਿਆ ਸਹੂਲਤਾਂ, ਚੰਗੀਆਂ ਸੜਕਾਂ, ਸਾਫ ਤਲਾਬ ਅਤੇ ਨਹਿਰਾਂ ਰਾਹੀਂ ਸਿੰ-ਚਾਈ ਦੀ ਸਹੂਲਤ ਹੋਵੇਗੀ। ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਵਿਧਾਨ ਸਭਾ ਹਲਕੇ ਦੇ ਪਿੰਡਾਂ ਦੇ ਸੰਪੂਰਨ ਵਿਕਾਸ ਲਈ ਵੱਡੇ ਪੈਮਾਨੇ 'ਤੇ ਯਤਨ ਕੀਤੇ ਗਏ ਹਨ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਵਿਕਾਸ ਲਈ ਪੈਸਿਆਂ ਦੀ ਕੋਈ ਘਾਟ ਨਹੀਂ ਅਤੇ ਸੂਬਾ ਸਰਕਾਰ ਪਿੰਡਾਂ ਦੇ ਸਰਬਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਲਈ ਹਰੇਕ ਸੰਭਵ ਕੋਸ਼ਿਸ਼ ਕਰ ਰਹੀ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਸ਼ਹਿਰੀ ਅਤੇ ਪੇਂਡੂ, ਦੋਵਾਂ ਖੇਤਰਾਂ ਵਿੱਚ ਵਿਕਾਸ ਕਾਰਜਾਂ ਵਿੱਚ ਤੇਜ਼ੀ ਲਿਆਉਣ ਲਈ ਵਿਸਥਾਰਤ ਰੂਪ-ਰੇਖਾ ਤਿਆਰ ਕੀਤੀ ਗਈ ਹੈ। ਭਗਵੰਤ ਸਿੰਘ ਮਾਨ ਨੇ ਇਹ ਵੀ ਕਿਹਾ ਕਿ ਵਿਕਾਸ ਦੇ ਨਾਲ ਨਾਲ ਸੂਬੇ ਦੇ ਅਰਥਚਾਰੇ ਨੂੰ ਲੀਹ 'ਤੇ ਪਾਉਣ ਦੀ ਵੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਜੋ ਪੰਜਾਬ ਦੇ ਲੋਕਾਂ ਨੂੰ ਫ਼ਾਇਦਾ ਹੋ ਸਕੇ। ਮੁੱਖ ਮੰਤਰੀ ਨੇ ਖੁਲਾਸਾ ਕੀਤਾ ਕਿ ਇਨ੍ਹਾਂ ਪੰਚਾਇਤਾਂ ਵਿੱਚ 129 ਵਿਕਾਸ ਕਾਰਜਾਂ ਲਈ ਕੁੱਲ 13.98 ਕਰੋੜ ਰੁਪਏ ਜਾਰੀ ਕੀਤੇ ਗਏ ਹਨ, ਜਿਨ੍ਹਾਂ ਵਿੱਚੋਂ 93 ਕਾਰਜ 8.67 ਕਰੋੜ ਰੁਪਏ ਦੀ ਲਾਗਤ ਨਾਲ ਪੂਰੇ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ 36 ਕਾਰਜ 5.31 ਕਰੋੜ ਰੁਪਏ ਦੀ ਲਾਗਤ ਨਾਲ ਚੱਲ ਰਹੇ ਹਨ ਅਤੇ ਜਲਦ ਪੂਰੇ ਹੋ ਜਾਣਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਪੰਜ ਪਿੰਡ ਪੰਚਾਇਤਾਂ ਦੀ ਲੋੜ ਦੇ ਆਧਾਰ 'ਤੇ ਹੋਰ 32 ਵਿਕਾਸ ਕਾਰਜਾਂ ਲਈ 12.19 ਕਰੋੜ ਰੁਪਏ ਦੀ ਵਾਧੂ ਗ੍ਰਾਂਟ ਵੀ ਜਾਰੀ ਕੀਤੀ ਗਈ।

RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834



"ਦੇਸ਼ ਦੁਆਬਾ"
ਹਫਤਾਵਾਰੀ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com
(ਸੰਪਰਕ) 1-916-947-8920,
(ਫੈਕਸ) 1-916-238-1393
www.deshdoaba.com
www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਪੈਨਸਨਰਾਂ ਦੇ ਮੈਡੀਕਲ ਬਿੱਲਾਂ ਲਈ ਪਹਿਲ ਦੇ ਆਧਾਰ ਤੇ ਬਜ਼ਟ ਜਾਰੀ ਕੀਤਾ ਜਾਵੇ


ਮੇਜਰ ਸਿੰਘ ਨਾਭਾ
91-94635-53962

ਸਰਕਾਰੀ ਮੁਲਾਜ਼ਮਾਂ ਨੂੰ ਸਰਵਿਸ ਨਿਯਮਾਂ ਅਨੁਸਾਰ ਬਹੁਤ ਸਾਰੀਆਂ ਦਿੱਤੀਆਂ ਸਹੂਲਤਾਂ 'ਚ ਉਨ੍ਹਾਂ ਅਤੇ ਪਰਿਵਾਰ ਦੇ ਨਿਰਭਰ ਮੈਂਬਰਾਂ ਦੇ ਇਲਾਜ ਲਈ ਆਏ ਖਰਚ ਦੀ ਨਿਯਮਾਂ ਮੁਤਾਬਕ ਪ੍ਰਤੀ ਪੂਰਤੀ ਵੀ ਕੀਤੀ ਜਾਂਦੀ ਹੈ। ਇਨ੍ਹਾਂ ਮੁਲਜਮਾਂ ਨੂੰ ਕਿਸੇ ਵੀ ਹਸਪਤਾਲ ਤੋਂ ਇਲਾਜ ਕਰਾਉਣ ਤੇ ਆਏ ਖਰਚੇ ਦੀ ਪ੍ਰਤੀ ਪੂਰਤੀ ਕਰਨ ਲਈ ਵਿਵਸਥਾ ਕੀਤੀ ਹੋਈ ਹੈ।ਪ੍ਰਾਈਵੇਟ ਹਸਪਤਾਲਾਂ ਵਿੱਚ ਕਰਵਾਏ ਇਲਾਜ ਦੇ ਖਰਚੇ ਜ਼ਿਆਦਾ ਹੁੰਦੇ ਹਨ , ਜੋ ਪੂਰੇ ਨਹੀਂ ਮਿਲਦੇ, ਇਹ ਗੱਲ ਵੀ ਮਰੀਜ਼ਾਂ ਲਈ ਸਿਰਦਰਦੀ ਬਣਦੀ ਹੈ।

ਦੂਸਰਾ ਮੈਡੀਕਲ ਬਿਲਾਂ ਦੇ ਪਾਸ ਹੋਣ ਲਈ ਕੋਈ ਸਮਾਂ-ਬੱਧ ਵਿਵਸਥਾ ਨਾ ਹੋਣ ਕਾਰਨ ਬਹੁਤੇ ਮਰੀਜ਼ਾਂ ਦੇ ਬਿੱਲ ਦਫਤਰਾਂ 'ਚ ਰੁਲਦੇ ਫਿਰਦੇ ਰਹਿੰਦੇ ਹਨ । ਲੰਮੇ ਸਮੇਂ ਬਾਅਦ ਇਤਰਾਜ਼ ਲਾਕੇ ਵਾਪਸ ਕਰ ਦਿੱਤੇ ਜਾਂਦੇ ਹਨ ਇਸ ਤਰ੍ਹਾਂ ਕਈ ਕਈ ਸਾਲਾਂ ਤੋਂ ਵੱਧ ਦਾ ਸਮਾਂ ਬਿੱਲ ਪਾਸ ਹੋਣ ਨੂੰ ਲੱਗ ਜਾਂਦਾ ਹੈ। ਸਿਹਤ ਵਿਭਾਗ ਨੇ ਇਹ ਬਿੱਲ ਪਾਸ ਕਰਨੇ ਹੁੰਦੇ ਹਨ ।ਇਨ੍ਹਾਂ ਬਿਲਾਂ ਨੂੰ ਅਪਲਾਈ ਕਰਨ ਲਈ ਵੱਖ ਵੱਖ ਜਿਲ੍ਹਿਆਂ 'ਚ ਵੱਖ ਵੱਖ ਫਾਰਮ ਦੁਕਾਨਾਂ ਵਾਲਿਆਂ ਨੇ ਛਾਪੇ ਹੋਏ ਹਨ ਜਿਨ੍ਹਾਂ 'ਚ ਕਈ ਬੇਲੋੜੀਂਦੇ ਫਾਰਮ ਵੀ ਛਾਪ ਰੱਖੇ ਹਨ। ਵਿਭਾਗ ਵਲੋਂ ਸਮੇਂ ਸਮੇਂ ਆਪਣੀ ਵੈਬਸਾਈਟ ਤੇ ਇਹ ਪੂਰੇ ਲੋੜੀਂਦੇ ਦਸਤਾਵੇਜ਼ ਡਾਊਨਲੋਡ ਕਰਨੇ ਚਾਹੀਦੇ ਹਨ ਤਾਂ ਕਿ ਮਰੀਜ਼ਾਂ ਨੂੰ ਸ਼ੁਰੂਆਤ ਦੀ ਖੱਜਲਖੁਆਰੀ ਤੋਂ ਛੁਟਕਾਰਾ ਮਿਲ ਸਕੇ। ਵੱਖ-ਵੱਖ ਮਹਿਕਮਿਆਂ ਵਲੋਂ ਵੀ ਇਨ੍ਹਾਂ ਫਾਰਮਾਂ 'ਚ ਇਕਸਾਰਤਾ ਨਾਲ ਅਪਲਾਈ ਕਰਾਉਣਾ ਚਾਹੀਦਾ ਹੈ ਤਾਂ ਕਿ ਮਰੀਜ਼ ਆਸਾਨੀ ਨਾਲ ਇਹ ਫਾਰਮ ਆਪ ਹੀ ਭਰ ਸਕੇ ਨਹੀਂ ਤਾਂ ਬਾਹਰੋਂ ਬਿਲ ਬਣਾਉਣ ਲਈ ਕਈ ਵਾਰੀ ਹਜਾਰਾਂ ਰੁਪਏ ਵੀ ਦੇਣੇ ਪੈਂਦੇ ਹਨ।

ਹੁਣ ਗੱਲ਼ ਆਉਂਦੀ ਹੈ ਬਿਲਾਂ ਦੇ ਪਾਸ ਹੋਣ ਦੇ ਸਮੇਂ ਦੀ,ਰੈਗੂਲਰ ਮੁਲਾਜ਼ਮ ਤਾਂ ਜਿਨ੍ਹਾਂ ਦੇ ਵੱਡੇ ਖਰਚੇ ਹੁੰਦੇ ਹਨ ਤਨਖਾਹਾਂ ਕਰਕੇ ਲੰਬਾ ਸਮਾਂ ਇੰਤਜਾਰ ਕਰ ਲੈਂਦੇ ਹਨ ਪਰ ਪੈਨਸ਼ਨਰ ਜਿਨ੍ਹਾਂ ਦੇ ਇਲਾਜ ਉੱਪਰ ਲੱਖਾਂ ਰੁਪਏ ਖਰਚੇ ਜਾਂਦੇ ਹਨ ਉਨ੍ਹਾਂ ਲਈ ਔਖਾ ਜਰੂਰ ਹੈ। ਇਧਰੋਂ ਉਧਰੋਂ ਪੈਸੇ ਫੜ੍ਹ ਕੇ ਇਲਾਜ ਕਰਾਇਆ ਹੁੰਦਾ ਹੈ ਜਿਸ ਕਰਕੇ ਵਾਅਦੇ ਮੁਤਾਬਕ ਪੈਸੇ ਮੋੜਨੇ ਸੌਖੇ ਨਹੀਂ, ਜਿਸ ਕਰਕੇ ਉਨ੍ਹਾਂ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਹੈ। ਜਦੋਂ ਸਰਕਾਰ ਨੇ ਬਿੱਲ ਪਾਸ ਕਰਨੇ ਹੀ ਹੁੰਦੇ ਹਨ ਤਾਂ ਇਨ੍ਹਾਂ ਦਾ ਨਿਪਟਾਰਾ ਜਲਦੀ ਕਿਉਂ ਨਹੀਂ ਕੀਤਾ ਜਾਂਦਾ,ਹੁਣ ਤਾਂ ਸਾਰੇ ਮਹਿਕਮੇ ਕੰਪਿਊਟਰਾਈਜ਼ਡ ਹੋ ਗਏ ਹਨ। ਸਿਹਤ ਵਿਭਾਗ ਵਲੋਂ ਜਿਲ੍ਹਾ ਪੱਧਰ ਅਤੇ ਸਟੇਟ ਪੱਧਰ ਤੇ ਇਹ ਬਿਲ ਉਨ੍ਹਾਂ ਦੀਆਂ ਰਕਮਾਂ ਮੁਤਾਬਕ ਪਾਸ ਕਰਨ ਲਈ ਮੈਡੀਕਲ ਬੋਰਡ ਦੇ ਮੈਂਬਰਾਂ ਦਾ ਗਠਨ ਕੀਤਾ ਹੋਇਆ ਹੈ। ਇੱਕ ਲੱਖ ਤੋਂ ਉੱਪਰ ਮੈਡੀਕਲ ਬਿਲ ਹੈਲਥ ਡਾਇਰੈਕਟਰ ਦੇ ਦਫਤਰੋਂ ਪਾਸ ਹੁੰਦਾ ਹੈ ਪਰ ਇੱਕ ਲੱਖ ਤੋਂ ਵੱਧ ਵਾਲੇ ਬਿਲ ਸਿਵਲ ਸਰਜਨ ਦਫਤਰ ਵਲੋਂ ਗਠਿਤ ਬੋਰਡ ਦੀ ਮੀਟਿੰਗ ਵਲੋਂ ਪਾਸ ਕਰਕੇ ਭੇਜਣ ਕਾਰਨ ਦੇਰੀ ਦਾ ਕਾਰਨ ਬਣਦਾ ਹੈ ਜੋ ਨਹੀਂ ਹੋਣਾ ਚਾਹੀਦਾ ਸਗੋਂ ਡੀਲਿੰਗ ਕਲਰਕ ਜਾਂ ਸੁਪਰਡੰਟ ਵਲੋਂ ਰਕਮ ਵੈਰੀਫਾਈ ਕਰਕੇ ਹੀ ਅੱਗੇ ਭੇਜ ਦੇਣਾ ਚਾਹੀਦਾ ਹੈ। ਕਈ ਵਾਰ ਜਿਲ੍ਹੇ 'ਚੋਂ ਬਿਲ ਨੂੰ ਉੱਪਰ ਜਾਣ ਲਈ ਮਹੀਨੇ ਤੋਂ ਵੀ ਵੱਧ ਸਮਾਂ ਲੱਗ ਜਾਂਦਾ ਹੈ। ਉਂਝ ਇਹ ਵੀ ਇੱਕ ਦੇਰੀ ਦਾ ਕਾਰਨ ਜਾਪਦਾ ਹੈ ਕਿ ਮਹਿਕਮੇ ਦਾ ਸਿਸਟਮ ਲੜੀਵਾਰ ਆਏ ਕੇਸਾਂ ਨੂੰ ਲੜੀ 'ਚ ਨਹੀਂ ਰੱਖਦਾ।

ਇਸ ਸਬੰਧ 'ਚ ਉੱਚ ਅਧਿਕਾਰੀਆਂ ਨੂੰ ਇਸ ਸਿਸਟਮ ਨੂੰ ਸਮਾਂ-ਬੱਧ ਕਰਨਾ ਚਾਹੀਦਾ ਹੈ।ਸਿੱਖਿਆ ਵਿਭਾਗ ਨੇ ਆਂਪਣੇ ਮੁਲਾਜ਼ਮਾਂ ਲਈ ਆਨ ਲਾਈਨ ਸਿਹਤ ਵਿਭਾਗ ਵਲੋਂ ਪਾਸ ਹੋਏ ਬਿਲ ਭੇਜਣ ਲਈ ਹੇਠਲੇ ਅਧਿਕਾਰੀਆਂ ਨੂੰ ਪੱਤਰ ਜਾਰੀ ਕੀਤਾ ਹੈ ਪਰ ਇਹ ਕੰਮ ਵੀ ਢਿੱਲਾ ਹੈ ਇਸ ਨੂੰ ਘੱਟੋ ਘੱਟ ਸੀਮਤ ਸਮੇਂ 'ਚ ਕਰਨ ਦੀ ਲੋੜ ਹੈ। ਵੈਸੇ ਤਾਂ ਇਹ ਕੰਮ ਜਿਲ੍ਹਾ ਪੱਧਰ ਤੇ ਹੀ ਬਜਟ ਜਾਰੀ ਕਰਨ ਦੀ ਵਿਵਸਥਾ ਹੋਣੀ ਚਾਹੀਦੀ ਹੈ।

ਸਬੰਧਤ ਡੀ.ਡੀ.ਓ. ਵਲੋਂ ਸਿਰਫ ਪਾਸ ਹੋਏ ਬਿਲ ਦੀ ਲੈਟਰ ਪੈਡ ਤੇ ਹੀ ਤਸਦੀਕ ਨੂੰ ਮੁੱਖ ਦਫਤਰ ਵਲੋਂ ਮੰਨ ਲੈਣਾ ਚਾਹੀਦਾ ਹੈ। ਜੋ ਦਸਤਾਵੇਜ਼ ਅਪਲੋਡ ਕਰਨ ਲਈ ਮੰਗੇ ਜਾਂਦੇ ਹਨ, ਉਹ ਜਿਆਦਾ ਹੋਣ ਕਾਰਨ ਉਹ ਸਾਰੇ ਸਕੂਲਾਂ 'ਚ ਅਪਲੋਡ ਕਰਨੇ ਸੌਖੇ ਨਹੀਂ ਕਿਉਂ ਕਿ ਇਹ ਸੀਮਤ ਐਮ.ਬੀ. 'ਚ ਫਾਈਲ ਬਣਾ ਕੇ ਭੇਜਣੀ ਹੁੰਦੀ ਹੈ ਇਸ ਲਈ ਇਹ ਬਾਹਰੋਂ ਕੈਫੇ ਤੋਂ ਕਰਵਾਉਣੀ ਪੈਂਦੀ ਹੈ ਪੈਨਸ਼ਨਰਾਂ ਦੇ ਮੈਡੀਕਲ ਬਿਲਾਂ ਨੂੰ ਪਹਿਲ ਦੇ ਆਧਾਰ ਤੇ ਬਜ਼ਟ ਅਲਾਟ ਕਰਨਾ ਚਾਹੀਦਾ ਹੈ ।

ਬਹੁਤ ਸਾਰੇ ਪੈਨਸ਼ਨਰ ਮਰੀਜ਼ ਤਾਂ ਬਿਲਾਂ ਦੇ ਪੈਸੇ ਉਡੀਕਦੇ ਇਸ ਜਹਾਨ ਤੋਂ ਵੀ ਚਲੇ ਜਾਂਦੇ ਹਨ। ਵੱਡੇਰੀਆਂ ਉਮਰਾਂ ਕਰਕੇ ਬਿਮਾਰੀਆਂ ਉਂਝ ਵੀ ਜਿਆਦਾ ਪਕੜ ਕਰ ਜਾਂਦੀਆਂ ਹਨ ਜਿਸ ਕਰਕੇ ਪੈਨਸ਼ਨਰ ਖਰਚਿਆਂ ਦੀ ਚਿੰਤਾ ਕਰਕੇ ਕਈ ਵਾਰੀ ਐਵੇਂ ਹੀ ਦਿਲ ਨੂੰ ਲਾ ਕੇ ਨਵੀਂਆਂ ਬਿਮਾਰੀਆਂ ਤੋਂ ਗ੍ਰਸ਼ਤ ਹੋ ਕੇ ਹੋਰ ਵੀ ਪਹਿਲਾਂ ਹੀ ਇਸ ਦੁਨੀਆਂ ਨੂੰ ਅਲਵਿਦਾ ਕਹਿ ਜਾਂਦੇ ਹਨ।ਇਸ ਲਈ ਘੱਟੋ ਘੱਟ ਪੈਨਸ਼ਨਰਾਂ ਦੇ ਇਲਾਜ ਦੇ ਖਰਚੇ ਨੂੰ ਨਾਲ ਦੀ ਨਾਲ ਦੇਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਤਾਂ ਜੋ ਉਹ ਆਪਣੀ ਜ਼ਿੰਦਗੀ ਨੂੰ ਵਧੀਆ ਤਰੀਕੇ ਨਾਲ ਮਾਣ ਸਕਣ।

ਬਹੁਤ ਸਾਰੇ ਪ੍ਰਾਈਵੇਟ ਅਦਾਰੇ ਆਪਣੇ ਮੁਲਾਜ਼ਮਾਂ ਦਾ ਸਾਰਾ ਇਲਾਜ਼ ਫਰੀ ਕਰਾਉਂਦੇ ਹਨ, ਡੀਫੈਂਸ ਕਰਮਚਾਰੀਆਂ ਲਈ ਨਿਸਚਤ ਕੀਤੇ ਪ੍ਰਾਈਵੇਟ ਹਸਪਤਾਲਾਂ 'ਚ ਉਨ੍ਹਾਂ ਦਾ ਪੂਰਾ ਫਰੀ ਇਲਾਜ਼ ਕੀਤਾ ਜਾਂਦਾ ਹੈ । ਇਸ ਤਰ੍ਹਾਂ ਹੀ ਪੰਜਾਬ ਸਰਕਾਰ ਨੂੰ ਕਰਨਾ ਚਾਹੀਦਾ ਹੈ।ਹੋਰ ਨਹੀਂ ਤਾਂ ਘੱਟੋ-ਘੱਟ ਪੈਨਸ਼ਨਰਾਂ ਦੇ ਮੈਡੀਕਲ ਬਿਲਾਂ ਨੂੰ ਪਹਿਲ ਦੇ ਆਧਾਰ ਤੇ ਬਜ਼ਟ ਅਲਾਟ ਕਰਨਾ ਚਾਹੀਦਾ ਹੈ ।

## ਬੁੱਧ ਵਿਹਾਰ ਸਿਧਾਰਥ ਨਗਰ ਵਿਖੇ ਬੁੱਧ ਪੂਰਨਿਮਾ ਧੂਮ ਧਾਮ ਨਾਲ ਮਨਾਈ ਗਈ

**ਜਲੰਧਰ (ਪਰਮਜੀਤ ਜੱਸਲ)–** ਬੁੱਧ ਵਿਹਾਰ ਸਿਧਾਰਥ ਨਗਰ ਜਲੰਧਰ ਵਿਖੇ ਬੁੱਧ ਪੂਰਨਿਮਾ ਬੜੀ ਸ਼ਰਧਾ ਅਤੇ ਧੂਮ ਧਾਮ ਨਾਲ ਸ੍ਰੀ ਹੁਸਨ ਲਾਲ ਬੌਧ ਅਤੇ ਚੰਚਲ ਬੌਧ ਦੀ ਪ੍ਰਧਾਨਗੀ ਹੇਠ ਮਨਾਈ ਗਈ। ਕਮੇਟੀ ਦੇ ਸਾਬਕਾ ਪ੍ਰਧਾਨ ਸ੍ਰੀ ਕਰਤਾਰ ਚੰਦ ਜੀ ਬੌਧ ਵਲੋਂ ਪੰਚਸ਼ੀਲ ਦਾ ਝੰਡਾ ਲਹਿਰਾਇਆ ਗਿਆ। ਸਮਾਗਮ ਦੀ ਸ਼ੁਰੂਆਤ ਬੁੱਧ ਵੰਦਨਾ, ਤਰੀ ਸ਼ਰਨ ਅਤੇ ਪੰਚਸ਼ੀਲ ਦਾ ਪਾਠ ਕਰਕੇ ਕੀਤੀ ਗਈ। ਇਸ ਮੌਕੇ 'ਤੇ ਅੰਬੇਡਕਰੀ ਮਿਸ਼ਨਰੀ ਆਗੂ ਡਾ। ਉਦੈ ਗੌਤਮ ਚੂਹੜਵਾਲੀ ਮੁੱਖ ਮਹਿਮਾਨ ਸਨ। ਸ੍ਰੀ ਗੌਤਮ ਜੀ ਨੇ ਕਿਹਾ ਕਿ ਤਥਾਗਤ ਬੁੱਧ ਸ਼ਾਂਤੀ ਦੇ ਸਾਗਰ ਸਨ। ਜਿਨਾਂ ਦੇ ਮਾਨਵੀ ਵਿਚਾਰਾਂ ਕਰਕੇ ਅੱਜ ਬਰਾਬਰਤਾ ਸੁਤੰਤਰਤਾ ਤੇ ਭਾਈਚਾਰੇ ਨੂੰ ਮਹਾਨਤਾ ਦਿੱਤੀ ਗਈ ਹੈ। ਬਾਬਾ ਸਾਹਿਬ ਜੀ ਨੇ 21 ਸਾਲਾਂ ਦੀ ਸੋਚ ਵਿਚਾਰ ਤੋਂ ਬਾਅਦ 14 ਅਕਤੂਬਰ 1956 ਨੂੰ ਬੁੱਧ ਧਰਮ ਅਖਤਿਆਰ ਕੀਤਾ, ਜੋ ਮਨੁੱਖਤਾ ਨੂੰ ਪਹਿਲ ਦਿੰਦਾ। ਜੇ ਅਸੀਂ ਦੁੱਖਾਂ ਦੇ ਕਾਰਨਾਂ ਦਾ ਹੱਲ ਕੱਢ ਲਈਏ ਤਾਂ ਸਾਡਾ ਜੀਵਨ ਸੁਖਮਈ ਹੋ ਸਕਦਾ ਹੈ। ਐਡਵੋਕੇਟ ਹਰਭਜਨ ਸਾਂਪਲਾ ਜਨਰਲ ਸਕੱਤਰ ਬੁੱਧ ਵਿਹਾਰ ਟਰੱਸਟ ਸੋਫੀ ਪਿੰਡ ਨੇ ਕਿਹਾ ਕਿ ਅੱਜ ਆਪਾਂ ਤਥਾਗਤ ਬੁੱਧ ਜੀ ਦੀ 2569ਵੀਂ ਜੈਅੰਤੀ ਮਨਾ ਰਹੇ ਹਾਂ। ਅੱਜ ਦੇ ਦਿਨ ਹੀ ਤਥਾਗਤ ਬੁੱਧ ਨੂੰ ਗਿਆਨ ਪ੍ਰਾਪਤ ਹੋਇਆ ਸੀ। ਅੱਜ ਦੇ ਇਤਿਹਾਸਕ ਦਿਨ 'ਤੇ ਤਥਾਗਤ ਬੁੱਧ ਦਾ ਪ੍ਰੀਨਿਰਵਾਣ ਹੋਇਆ ਸੀ। ਐਡਵੋਕੇਟ ਸਾਂਪਲਾ ਜੀ ਨੇ ਇਸ ਮੌਕੇ ਸਭ ਨੂੰ ਵਧਾਈ ਦਿੱਤੀ। ਸੀਨੀਅਰ ਬੋਧੀ ਆਗੂ ਸ੍ਰੀ ਹੁਸਨ ਲਾਲ ਬੌਧ ਜੀ ਨੇ ਕਿਹਾ ਕਿ ਤਥਾਗਤ ਬੁੱਧ ਦੇ ਵਿਚਾਰਾਂ, ਸਿੱਖਿਆਵਾਂ 'ਤੇ ਚੱਲਣਾ ਸਮੇਂ ਦੀ ਵਡਮੁੱਲੀ ਲੋੜ ਹੈ। ਮਨੁੱਖ ਤ੍ਰਿਸ਼ਨਾ ਦਾ ਤਿਆਗ ਕਰੇ ਤਾਂ ਉਸ ਦਾ ਜੀਵਨ ਸੁੱਖਾ ਭਰਿਆ ਹੋਵੇਗਾ। ਸਤਵਿੰਦਰ ਮਡਾਰ ਜੀ ਨੇ ਤਥਾਗਤ ਬੁੱਧ ਦੀਆਂ ਸਿੱਖਿਆਵਾਂ ਅਤੇ ਫਲਸਫੇ 'ਤੇ ਚੱਲਣ ਲਈ ਪ੍ਰੇਰਨਾ ਦਿੱਤੀ। ਪ੍ਰਿੰਸੀਪਲ ਪਰਮਜੀਤ ਜੱਸਲ ਜੀ ਨੇ ਵਧਾਈ ਦਿੰਦਿਆਂ ਕਿਹਾ ਕਿ ਤਥਾਗਤ ਬੁੱਧ ਜੀ ਹਮੇਸ਼ਾ ਸ਼ਾਂਤੀ, ਪਿਆਰ, ਸਮਾਨਤਾ, ਆਜ਼ਾਦੀ, ਭਾਈਚਾਰੇ ਨੂੰ ਪਹਿਲ ਦਿੰਦੇ ਸਨ। ਸ੍ਰੀ ਰਾਮ ਨਾਥ ਸੁੰਡਾ ਜੀ ਨੇ ਸਟੇਜ ਦੀ ਬਾਖੂਬੀ ਕਾਰਵਾਈ ਚਲਾਈ। ਪ੍ਰਬੰਧਕਾਂ ਵੱਲੋਂ ਮੁੱਖ ਮਹਿਮਾਨ ਡਾਕਟਰ ਗੌਤਮ ਜੀ ਨੂੰ ਸਨਮਾਨਿਤ ਕੀਤਾ ਗਿਆ। ਮੁੰਨਾ ਬੌਧ ਜੀ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਚੰਚਲ ਬੌਧ ਨੇ ਸਮਾਗਮ ਵਿੱਚ ਪਹੁੰਚੇ ਬੁੱਧੀਜੀਵੀਆਂ ਦਾ ਧੰਨਵਾਦ ਕੀਤਾ। ਸਮਾਗਮ ਉਪਰੰਤ ਸਾਰਿਆਂ ਨੂੰ ਭੋਜਨ ਦਾਨ ਕੀਤਾ ਗਿਆ। ਯਾਦ ਰਹੇ ਐਸ.ਆਰ. ਕਟਾਰੀਆ ਸਿਹਤਯਾਬ ਨਾ ਹੋਣ ਕਰਕੇ ਸਮਾਗਮ ਵਿੱਚ ਨਹੀਂ ਪਹੁੰਚ ਸਕੇ। ਇਸ ਮੌਕੇ 'ਤੇ ਚਮਨ ਸਾਂਪਲਾ, ਮਿਹਰ ਚੰਦ,ਸੁਰਿੰਦਰ ਕੁਮਾਰ, ਨਰਿੰਦਰ ਬੋਧ, ਮਨਜੀਤ ਕੌਰ ਸਾਂਪਲਾ, ਕਾਂਤਾ ਸਾਂਪਲਾ, ਰੱਜਤ ਆਦਿ ਵੀ ਸ਼ਾਮਿਲ ਹੋਏ।

## ਸੱਜਣ ਦੂਰ ਬੜੇ ਨੇ


ਉਹ ਜੋ ਸਜੱਣ ਦੂਰ ਬੜੇ ਨੇਂ,
ਦਿੱਤੇ ਉਨਾਂ ਨਸੂਰ ਬੜੇ ਨੇ ।
ਅੱਖਾਂ ਰਾਹਾਂ ਵਿੱਚ ਵਿਛਾਈਆ,
ਪਰ ਉਨਾਂ ਵਿੱਚ ਗ਼ਰੂਰ ਬੜੇ ਨੇਂ।

ਪਤਾ ਨਹੀਂ ਵਾਪਿਸ ਕਦ ਆਵਣਗੇ,
ਪਤਾ ਨਹੀਂ ਕਿਓਂ ਮਜਬੂਰ ਬੜੇ ਨੇਂ।
ਕਿੰਝ ਸਮਝਾਈਏ ਅਸੀਂ ਉਨਾਂ ਨੂੰ,
ਟੁੱਟ ਕੇ ਹੋਏ ਅਸੀਂ ਚੂਰ ਬੜੇ ਨੇਂ।

ਯਾਦਾਂ ਸੰਗ ਸਹਾਰਾ ਸਾਨੂੰ,
ਯਾਦਾਂ ਵਿੱਚ ਸਰੂਰ ਬੜੇ ਨੇ।
ਸਾਡੇ ਲਈ ਨਾਂ ਸਮਾਂ ਉਨਾਂ ਕੋਲ,
ਅੱਜਕਲ ਉਹ ਮਸ਼ਹੂਰ ਬੜੇ ਨੇਂ।

ਚੰਨ ਵਾਂਗੂੰ ਚੰਨ ਚਮਕੇ ਤੇਰਾ,
ਚੰਨ ਦੇ ਚਿਹਰੇ ਨੂਰ ਬੜੇ ਨੇਂ।
ਦਿਲ "ਜੁਤਲਾ" ਦੇ ਨੂੰ ਲਾਂਬੂ ਲਾਵੇਂ,
ਉਂਝ ਸਜੱਣਾ ਤੇਰੇ ਕਸੂਰ ਬੜੇ ਨੇਂ।

– ਸਿਮਰਨਜੀਤ ਜੁਤਲਾ



# ਕਰੋਨਾ ਨਾਲ ਰਹਿਣਾ

**ਵਿਜੈ ਗਰਗ**

ਦੁਨੀਆ ਇਹ ਮੰਨ ਰਹੀ ਸੀ ਕਿ ਕੋਰੋਨਾ ਇਨਫੈਕਸ਼ਨ ਦਾ ਹਨੇਰਾ ਦੌਰ ਹਮੇਸ਼ਾ ਲਈ ਖਤਮ ਹੋ ਗਿਆ ਹੈ। ਪਿਛਲੇ ਕੁਝ ਸਾਲਾਂ ਤੋਂ, ਜ਼ਿੰਦਗੀ ਵਾਪਸ ਪਟੜੀ 'ਤੇ ਆ ਰਹੀ ਸੀ। ਦੁਨੀਆ ਦੇ ਕੁਝ ਹਿੱਸਿਆਂ ਵਿੱਚ ਜੰਗਾਂ ਅਤੇ ਹੋਰ ਪ੍ਰਤੀਕੂਲ ਹਾਲਤਾਂ ਦੇ ਵਿਚਕਾਰ ਚੱਲ ਰਹੀ ਆਰਥਿਕ ਉਥਲ-ਪੁਥਲ ਦੇ ਬਾਵਜੂਦ, ਅਰਥਵਿਵਸਥਾਵਾਂ ਆਪਣੀ ਕੋਰੋਨਾ ਤੋਂ ਪਹਿਲਾਂ ਦੀ ਸਥਿਤੀ ਵਿੱਚ ਵਾਪਸ ਆਉਣ ਲਈ ਸੰਘਰਸ਼ ਕਰ ਰਹੀਆਂ ਸਨ। ਪਰ ਕੋਰੋਨਾ ਦੇ ਨਵੇਂ ਆਉਣ ਨਾਲ ਚਿੰਤਾਵਾਂ ਹੋਰ ਵੀ ਵੱਧ ਗਈਆਂ ਹਨ। ਕੋਰੋਨਾ ਇਨਫੈਕਸ਼ਨ ਦੀ ਵਾਪਸੀ ਦੇ ਸੰਕੇਤ ਸਭ ਤੋਂ ਪਹਿਲਾਂ ਹਾਂਗਕਾਂਗ ਅਤੇ ਸਿੰਗਾਪੁਰ ਵਿੱਚ ਸੁਣੇ ਗਏ ਸਨ। ਹਾਂਗ ਕਾਂਗ ਵਿੱਚ ਕੁਝ ਮਾਮਲਿਆਂ ਵਿੱਚ ਤੀਹ ਲੋਕਾਂ ਦੀ ਮੌਤ ਹੋਣ ਦੀ ਖ਼ਬਰ ਹੈ। ਜਦੋਂ ਕਿ ਸਿੰਗਾਪੁਰ ਵਿੱਚ, 1 ਮਈ ਤੱਕ ਕੋਰੋਨਾ ਸੰਕਅਰਮਿਤ ਲੋਕਾਂ ਦੀ ਗਿਣਤੀ 14 ਹਜ਼ਾਰ ਤੋਂ ਵੱਧ ਸੀ, ਜਿਸ ਵਿੱਚ 19 ਮਈ ਤੱਕ ਤਿੰਨ ਹਜ਼ਾਰ ਨਵੇਂ ਸੰਕਰਮਿਤ ਲੋਕ ਸ਼ਾਮਲ ਹੋਏ ਹਨ। ਚੀਨ ਵਿੱਚ ਵੀ, ਜਿੱਥੋਂ ਕੋਰੋਨਾ ਵਾਇਰਸ ਪੂਰੀ ਦੁਨੀਆ ਵਿੱਚ ਫੈਲਿਆ, ਕੋਰੋਨਾ ਦੇ ਮਾਮਲੇ ਵਧੇ ਹਨ ਪਰ ਇਸ ਗਿਣਤੀ ਨੂੰ ਜਨਤਕ ਨਹੀਂ ਕੀਤਾ ਗਿਆ। ਇਸ ਦੇ ਨਾਲ ਹੀ, ਚੀਨ ਦਾ ਸਿਹਤ ਵਿਭਾਗ ਕੋਰੋਨਾ ਦੇ ਮਾਮਲਿਆਂ ਵਿੱਚ ਵਾਧੇ ਦਾ ਖਦਸ਼ਾ ਪ੍ਰਗਟ ਕਰ ਰਿਹਾ ਹੈ। ਇਹ ਵੀ ਚਿੰਤਾ ਹੈ ਕਿ ਭਾਰਤ ਵਿੱਚ ਕੇਰਲ, ਮਹਾਰਾਸ਼ਟਰ ਅਤੇ ਤਾਮਿਲਨਾਡੂ ਵਿੱਚ ਕੋਰੋਨਾ ਇਨਫੈਕਸ਼ਨ ਦੇ ਮਾਮਲੇ ਸਾਹਮਣੇ ਆਏ ਹਨ। ਦੱਸਿਆ ਜਾ ਰਿਹਾ ਹੈ ਕਿ 1 ਜਨਵਰੀ ਤੋਂ 19 ਮਈ ਤੱਕ ਦੇਸ਼ ਵਿੱਚ ਇਨਫੈਕਸ਼ਨ ਦੇ ਢਾਈ ਸੌ ਤੋਂ ਵੱਧ ਮਾਮਲੇ ਦਰਜ ਕੀਤੇ ਗਏ ਹਨ। ਮੁੰਬਈ ਦੇ ਇੱਕ ਹਸਪਤਾਲ ਵਿੱਚ ਦਾਖਲ ਦੋ ਮਰੀਜ਼ਾਂ ਦੀ ਇਨਫੈਕਸ਼ਨ ਕਾਰਨ ਹੋਈ ਮੌਤ 'ਤੇ ਵੀ ਚਿੰਤਾਵਾਂ ਜ਼ਾਹਰ ਕੀਤੀਆਂ ਜਾ ਰਹੀਆਂ ਹਨ। ਹਾਲਾਂਕਿ, ਹਸਪਤਾਲ ਦਾ ਦਾਅਵਾ ਹੈ ਕਿ ਇੱਕ ਮਰੀਜ਼ ਕੈਂਸਰ ਤੋਂ ਪੀੜਤ ਸੀ ਜਦੋਂ ਕਿ ਦੂਜਾ ਗੁਰਦੇ ਨਾਲ ਸਬੰਧਤ ਗੰਭੀਰ ਬਿਮਾਰੀ ਤੋਂ ਪੀੜਤ ਸੀ। ਹਾਲਾਂਕਿ, ਨਵੇਂ ਕੋਰੋਨਾ ਵਾਇਰਸ ਦੇ ਸੰਕਰਮਣ ਪ੍ਰਤੀ ਸਰਕਾਰੀ ਪੱਧਰ 'ਤੇ ਅਤੇ ਨਾਗਰਿਕਾਂ ਨੂੰ ਸੁਚੇਤ ਅਤੇ ਸੁਚੇਤ ਰਹਿਣ ਲਈ ਗੰਭੀਰ ਯਤਨਾਂ ਦੀ ਜ਼ਰੂਰਤ ਹੈ। ਕੋਰੋਨਾ ਇਨਫੈਕਸ਼ਨ ਦੀਆਂ ਪਿਛਲੀਆਂ ਕਈ ਲਹਿਰਾਂ ਤੋਂ ਸਬਕ ਸਿੱਖਣ ਅਤੇ ਇਲਾਜ ਨੀਤੀਆਂ ਨੂੰ ਲਾਗੂ ਕਰਨ ਅਤੇ ਡਾਕਟਰੀ ਸਹੂਲਤਾਂ ਦਾ ਵਿਸਥਾਰ ਕਰਨ ਦੀ ਲੋੜ ਹੈ। ਇਸ ਤੋਂ ਪਹਿਲਾਂ ਕਿ ਵਾਇਰਸ ਕਾਬੂ ਤੋਂ ਬਾਹਰ ਹੋ ਜਾਵੇ, ਸਰਕਾਰ ਅਤੇ ਸਿਹਤ ਏਜੰਸੀਆਂ ਨੂੰ ਜੰਗੀ ਪੱਧਰ 'ਤੇ ਰੋਕਥਾਮ ਦੇ ਉਪਾਅ ਕਰਨੇ ਚਾਹੀਦੇ ਹਨ। ਹਾਲਾਂਕਿ, ਵਿਸ਼ਵ ਸਿਹਤ ਸੰਗਠਨ ਕਹਿ ਰਿਹਾ ਹੈ ਕਿ ਓਮੀਕਰੋਨ ਦੇ ਨਵੇਂ ਰੂਪ JA1 ਅਤੇ Rup LF7 ਅਤੇ NB18 ਇਸ ਲਾਗ ਲਈ ਜ਼ਿੰਮੇਵਾਰ ਹਨ। ਦੱਸਿਆ ਜਾ ਰਿਹਾ ਹੈ ਕਿ JN1 ਵੇਰੀਐਂਟ ਬਹੁਤ ਤੇਜ਼ੀ ਨਾਲ ਫੈਲਦਾ ਹੈ। ਵਿਸ਼ਵਵਿਆਪੀ ਸਿਹਤ ਮਾਹਿਰ ਕਹਿ ਰਹੇ ਹਨ ਕਿ ਨਵੇਂ ਰੂਪ ਤੋਂ ਪੀੜਤ ਲੋਕ ਗਲੇ ਵਿੱਚ ਖਰਾਸ਼, ਨੀਂਦ ਨਾ ਆਉਣਾ, ਛਿੱਕਾਂ ਆਉਣਾ, ਖੰਘ, ਚਿੰਤਾ, ਨੱਕ ਵਗਣਾ, ਖੰਘ, ਸਿਰ ਦਰਦ, ਕਮਜ਼ੋਰੀ, ਥਕਾਵਟ ਅਤੇ ਮਾਸਪੇਸ਼ੀਆਂ ਵਿੱਚ ਦਰਦ ਦੀ ਸ਼ਿਕਾਇਤ ਕਰ ਸਕਦੇ ਹਨ। ਹਾਲਾਂਕਿ, ਇਹਨਾਂ ਵਿੱਚੋਂ ਕੁਝ ਇਨਫਲੂਐਂਜ਼ਾ ਦੇ ਆਮ ਲੱਛਣ ਵੀ ਹੋ ਸਕਦੇ ਹਨ। ਅਜਿਹੀ ਸਥਿਤੀ ਵਿੱਚ, ਕੋਰੋਨਾ ਇਨਫੈਕਸ਼ਨ ਲਈ ਟੈਸਟ ਕਰਵਾਉਣਾ ਜ਼ਰੂਰੀ ਹੋ ਜਾਂਦਾ ਹੈ। ਇਹ ਕਹਿਣਾ ਮੁਸ਼ਕਲ ਹੈ ਕਿ ਕੋਰੋਨਾ ਵਾਇਰਸ ਸਾਡੇ ਤੋਂ ਦੂਰ ਹੋ ਗਿਆ ਹੈ। ਇਹ ਕਿਤੇ ਨਹੀਂ ਗਿਆ ਪਰ ਟੀਕਾਕਰਨ ਕਾਰਨ ਪ੍ਰਾਪਤ ਸਾਡੇ ਸਰੀਰ ਦੀ ਪ੍ਰਤੀਰੋਧਕ ਸ਼ਕਤੀ ਨੇ ਇਸਨੂੰ ਰੋਕ ਦਿੱਤਾ। ਪਰ ਸਮੱਸਿਆ ਇਹ ਹੈ ਕਿ ਮੌਸਮੀ ਤਬਦੀਲੀ ਚੱਕਰ ਦੌਰਾਨ ਪਰਿਵਰਤਨ ਦੇ ਕਾਰਨ ਨਵੇਂ ਰੂਪ ਉੱਭਰਦੇ ਹਨ। ਇਨ੍ਹਾਂ ਨਾਲ ਲੜਨ ਅਤੇ ਸਰੀਰ ਦੀ ਇਮਿਊਨ ਪਾਵਰ ਨੂੰ ਸਮਝਣ ਵਿੱਚ ਕੁਝ ਸਮਾਂ ਲੱਗਦਾ ਹੈ। ਬਿਨਾਂ ਸ਼ੱਕ, ਇਹ ਇੱਕ ਚੁਣੌਤੀ ਹੈ, ਪਰ ਇਸ ਨਾਲ ਘਬਰਾਉਣ ਦੀ ਬਜਾਏ ਸਿਆਣਪ ਅਤੇ ਸਾਵਧਾਨੀ ਨਾਲ ਨਜਿੱਠਣ ਦੀ ਲੋੜ ਹੈ। ਕੋਰੋਨਾ ਇਨਫੈਕਸ਼ਨ ਦੀਆਂ ਪਿਛਲੀਆਂ ਕਈ ਵੱਡੀਆਂ ਲਹਿਰਾਂ ਨੇ ਸਾਨੂੰ ਇਸ ਇਨਫੈਕਸ਼ਨ ਨਾਲ ਲੜਨ ਦੇ ਤਰੀਕੇ ਬਾਰੇ ਸਬਕ ਦਿੱਤੇ ਹਨ। ਇੱਕ ਸਮਾਂ ਸੀ ਜਦੋਂ ਸਾਡਾ ਮੈਡੀਕਲ ਢਾਂਚਾ ਇਸ ਨਾਲ ਨਜਿੱਠਣ ਲਈ ਤਿਆਰ ਨਹੀਂ ਸੀ।

ਅਸੀਂ ਹੁਣ ਜੀਵਨਦਾਇਕ ਆਕਸੀਜਨ ਦੇ ਉਤਪਾਦਨ ਅਤੇ ਸਟੋਰੇਜ ਸਮਰੱਥਾ ਵਿੱਚ ਸਵੈ-ਨਿਰਭਰ ਹਾਂ। ਦੁਨੀਆ ਦੀ ਸਭ ਤੋਂ ਵੱਡੀ ਟੀਕਾ ਮੁਹਿੰਮ ਚਲਾ ਕੇ, ਅਸੀਂ 140 ਕਰੋੜ ਲੋਕਾਂ ਨੂੰ ਸੁਰੱਖਿਆ ਕਵਰ ਪ੍ਰਦਾਨ ਕੀਤਾ ਹੈ।

ਅਸੀਂ ਨਾ ਸਿਰਫ਼ ਆਪਣੇ ਨਾਗਰਿਕਾਂ ਨੂੰ ਸੁਰੱਖਿਆ ਢਾਲ ਪ੍ਰਦਾਨ ਕੀਤੀ ਹੈ, ਸਗੋਂ ਦੁਨੀਆ ਭਰ ਦੇ ਕਈ ਦੇਸ਼ਾਂ ਨੂੰ ਭਾਰਤ ਦੇ ਟੀਕੇ ਅਤੇ ਡਾਕਟਰੀ ਸਪਲਾਈ ਪ੍ਰਦਾਨ ਕਰਕੇ ਇੱਕ ਉਦਾਹਰਣ ਵੀ ਕਾਇਮ ਕੀਤੀ ਹੈ। ਦਰਅਸਲ, ਕੋਰੋਨਾ ਇਨਫੈਕਸ਼ਨ ਤੋਂ ਬਚਣ ਲਈ ਉਹੀ ਉਪਾਅ ਸਾਡੀ ਰੱਖਿਆ ਕਰਨਗੇ, ਜਿਨ੍ਹਾਂ ਨੂੰ ਅਸੀਂ ਪਿਛਲੀਆਂ ਇਨਫੈਕਸ਼ਨ ਲਹਿਰਾਂ ਵਿੱਚ ਸਫਲਤਾਪੂਰਵਕ ਅਪਣਾਇਆ ਸੀ। ਇਨ੍ਹਾਂ ਵਿੱਚ ਸਫਾਈ ਦਾ ਧਿਆਨ ਰੱਖਣਾ, ਸੁਰੱਖਿਅਤ ਦੂਰੀ ਬਣਾਈ ਰੱਖਣਾ, ਖਾਣ-ਪੀਣ ਦੀਆਂ ਆਦਤਾਂ ਵਿੱਚ ਸੁਧਾਰ ਕਰਨਾ, ਹੱਥ ਮਿਲਾਉਣ ਤੋਂ ਬਚਣਾ ਅਤੇ ਭੀੜ ਵਾਲੀਆਂ ਥਾਵਾਂ 'ਤੇ ਜਾਣਾ ਸ਼ਾਮਲ ਹੈ।

ਮਾਸਕ ਦੀ ਵਰਤੋਂ ਇੱਕ ਲਾਜ਼ਮੀ ਸ਼ਰਤ ਹੈ। ਜੇਕਰ ਲੱਛਣ ਦਿਖਾਈ ਦਿੰਦੇ ਹਨ, ਤਾਂ ਇਹ ਸਮਝਦਾਰੀ ਦੀ ਗੱਲ ਹੋਵੇਗੀ ਕਿ ਤੁਸੀਂ ਟੈਸਟ ਕਰਵਾਓ ਅਤੇ ਆਪਣੇ ਆਪ ਨੂੰ ਸਮਾਜ ਅਤੇ ਪਰਿਵਾਰ ਤੋਂ ਅਲੱਗ ਕਰ ਲਓ। ਸਾਡੀ ਚੌਕਸੀ ਅਤੇ ਡਾਕਟਰੀ ਪ੍ਰਣਾਲੀ ਦੀ ਸਰਗਰਮੀ ਅੱਗੇ ਵਾਇਰਸ ਕਿਵੇਂ ਖੜ੍ਹਾ ਹੋਵੇਗਾ?

## ਸੀਜੇਆਈ ਦਾ ਪ੍ਰੋਟੋਕੋਲ ਤੋੜਨਾ ਅਤੇ ਗਵਾਲੀਅਰ ਹਾਈਕੋਰਟ ਵਿੱਚ ਬਾਬਾ ਸਾਹਿਬ ਦੀ ਮੂਰਤੀ ਦਾ ਵਿਰੋਧ ਕਰਨਾ ਸ਼ਰਮਨਾਕ

**ਜਲੰਧਰ–** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ।) ਦੇ ਪ੍ਰਧਾਨ ਚਰਨ ਦਾਸ ਸੰਧੂ ਅਤੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਪ੍ਰੈਸ ਨੂੰ ਦਿੱਤੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਕਿ ਇੱਕ ਦਲਿਤ ਵਿਅਕਤੀ ਮਾਨਯੋਗ ਭੂਸ਼ਣ ਆਰ। ਗਵਈ ਦਾ ਭਾਰਤ ਦੀ ਸੁਪਰੀਮ ਕੋਰਟ ਦੇ ਸੀਜੇਆਈ ਵਜੋਂ ਨਿਯੁਕਤ ਹੋਣਾ ਸੰਵਿਧਾਨ ਦੀ ਤਾਕਤ ਹੈ। ਮਾਨਯੋਗ ਕੇ. ਜੀ. ਬਾਲਾਕ੍ਰਿਸ਼ਨਨ ਤੋਂ ਬਾਅਦ, ਮਾਣਯੋਗ ਭੂਸ਼ਣ ਆਰ ਗਵਈ ਭਾਰਤ ਦੀ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਬਣਨ ਵਾਲੇ ਦੂਜੇ ਦਲਿਤ ਵਿਅਕਤੀ ਹਨ। ਉਨ੍ਹਾਂ ਕਿਹਾ ਕਿ ਜਦੋਂ ਮਾਣਯੋਗ ਭੂਸ਼ਣ ਗਵਈ ਸੀਜੇਆਈ ਬਣਨ ਤੋਂ ਬਾਅਦ ਮਹਾਰਾਸ਼ਟਰ ਗਏ ਸਨ, ਤਾਂ ਉਨ੍ਹਾਂ ਦੇ ਸਨਮਾਨ ਵਿੱਚ ਪ੍ਰੋਟੋਕੋਲ ਤੋੜਨਾ ਅਤੇ ਦੂਜੇ ਪਾਸੇ, ਮੱਧ ਪ੍ਰਦੇਸ਼ ਦੇ ਗਵਾਲੀਅਰ ਹਾਈਕੋਰਟ ਵਿੱਚ ਮਨੂਵਾਦੀ ਵਕੀਲਾਂ ਵੱਲੋਂ ਬਾਬਾ ਸਾਹਿਬ ਡਾ। ਭੀਮ ਰਾਓ ਅੰਬੇਡਕਰ ਦੀ ਮੂਰਤੀ ਦੇ ਖਿਲਾਫ ਵਿਰੋਧ ਪ੍ਰਦਰਸ਼ਨ ਭਾਰਤ ਲਈ ਬਹੁਤ ਸ਼ਰਮ ਦੀ ਗੱਲ ਹੈ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਦੀ ਆਤਮਕਥਾ 'ਵੇਟਿੰਗ ਫਾਰ ਵੀਜ਼ਾ' ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਵਿੱਚ ਇੱਕ ਪਾਠ ਪੁਸਤਕ ਦੇ ਰੂਪ ਵਿੱਚ ਪੜ੍ਹਾਈ ਜਾ ਰਹੀ ਹੈ ਅਤੇ ਸਾਡੇ ਦੇਸ਼ ਵਿੱਚ ਅਜਿਹੇ ਸ਼ਰਮਨਾਕ ਜਾਤੀ ਅਧਾਰਤ ਕੰਮਾਂ ਕਾਰਨ ਭਾਰਤ ਦਾ ਅਕਸ ਦੂਜੇ ਦੇਸ਼ਾਂ ਵਿੱਚ ਖਰਾਬ ਹੋ ਰਿਹਾ ਹੈ। ਸੰਧੂ ਅਤੇ ਭਾਰਦਵਾਜ ਅੱਗੇ ਦੱਸਦੇ ਹਨ ਕਿ ਰਾਮਕ੍ਰਿਸ਼ਨ ਸੂਰਿਆਭਾਨ ਗਵਈ (30 ਅਕਤੂਬਰ 1929 – 25 ਜੁਲਾਈ 2015), ਜੋ ਕਿ ਦਾਦਾਸਾਹਿਬ ਗਵਈ ਦੇ ਨਾਮ ਨਾਲ ਮਸ਼ਹੂਰ ਸਨ, ਇੱਕ ਭਾਰਤੀ



ਸਿਆਸਤਦਾਨ, ਸਮਾਜਿਕ ਕਾਰਕੁਨ, ਅੰਬੇਡਕਰਵਾਦੀ ਲਹਿਰ ਦੇ ਸੀਨੀਅਰ ਨੇਤਾ ਅਤੇ ਰਿਪਬਲਿਕਨ ਪਾਰਟੀ ਆਫ਼ ਇੰਡੀਆ (ਗਵਈ) ਦੇ ਸੰਸਥਾਪਕ ਸਨ। ਉਹ ਇੱਕ ਅੰਬੇਡਕਰਵਾਦੀ ਅਤੇ ਬੋਧੀ ਸਨ। ਉਹ ਅੰਬੇਡਕਰ ਦੀ ਵਿਚਾਰਧਾਰਕ ਪਾਰਟੀ ਰਿਪਬਲਿਕਨ ਪਾਰਟੀ ਆਫ਼ ਇੰਡੀਆ ਦੇ ਪ੍ਰਧਾਨ ਸਨ, ਇਸ ਪਾਰਟੀ ਰਾਹੀਂ ਉਨ੍ਹਾਂ ਨੇ ਰਾਜਨੀਤਿਕ ਅਤੇ ਸਮਾਜਿਕ ਖੇਤਰਾਂ ਵਿੱਚ ਬਹੁਤ ਸਾਰੇ ਕੰਮ ਕੀਤੇ। ਗਵਈ ਨੇ ਬਾਬਾ ਸਾਹਿਬ ਅੰਬੇਡਕਰ ਨਾਲ ਵੀ ਕੰਮ ਕੀਤਾ। ਉਹ ਤਿੰਨ ਰਾਜਾਂ – ਬਿਹਾਰ, ਸਿੱਕਮ ਅਤੇ ਕੇਰਲ ਦੇ ਰਾਜਪਾਲ ਸਨ, ਅਤੇ ਭਾਰਤੀ ਸੰਸਦ ਦੇ ਦੋਵਾਂ ਸਦਨਾਂ – ਲੋਕ ਸਭਾ ਅਤੇ ਰਾਜ ਸਭਾ ਵਿੱਚ ਵੀ ਸੇਵਾ ਨਿਭਾਈ। ਗਵਈ 30 ਸਾਲਾਂ ਤੱਕ ਮਹਾਰਾਸ਼ਟਰ ਵਿਧਾਨ ਪ੍ਰੀਸ਼ਦ (ਐਮਐਲਸੀ) ਦੇ ਮੈਂਬਰ ਰਹੇ, ਜਿਸ ਦੌਰਾਨ ਉਨ੍ਹਾਂ ਨੇ ਕੌਂਸਲ ਦੇ ਚੇਅਰਮੈਨ, ਡਿਪਟੀ ਚੇਅਰਮੈਨ ਅਤੇ ਵਿਰੋਧੀ ਧਿਰ ਦੇ ਨੇਤਾ ਦੇ ਅਹੁਦੇ ਸੰਭਾਲੇ। ਰਾਮਕ੍ਰਿਸ਼ਨ ਸੂਰਿਆਭਾਨ ਗਵਈ ਦੇ ਪੁੱਤਰ ਜਸਟਿਸ ਭੂਸ਼ਣ ਰਾਮਕ੍ਰਿਸ਼ਨ ਗਵਈ ਨੇ 14 ਮਈ ਨੂੰ ਭਾਰਤ ਦੇ 52ਵੇਂ ਚੀਫ਼ ਜਸਟਿਸ (ਸੀਜੇਆਈ) ਵਜੋਂ ਸਹੁੰ ਚੁੱਕੀ, ਜੋ ਕਿ ਗਣਰਾਜ ਦੇ ਇਤਿਹਾਸ ਵਿੱਚ ਭਾਰਤੀ ਨਿਆਂਪਾਲਿਕਾ ਦੇ ਸਿਖਰ 'ਤੇ ਪਹੁੰਚਣ ਵਾਲੇ ਦੂਜੇ ਦਲਿਤ ਬਣ ਗਏ। ਜਸਟਿਸ ਗਵਈ ਨੇ ਅਕਸਰ ਭਾਰਤ ਦੇ ਸੰਵਿਧਾਨ ਦੀ ਮਹਾਨਤਾ ਬਾਰੇ ਗੱਲ ਕੀਤੀ ਹੈ, ਜਿਸਨੇ ਉਨ੍ਹਾਂ ਨੂੰ ਇਹ ਅਹੁਦਾ ਦਿੱਤਾ। ਆਪਣੇ ਭਾਸ਼ਣ ਵਿੱਚ ਉਨ੍ਹਾਂ ਕਿਹਾ, "ਇਹ ਸਿਰਫ਼ ਡਾ। ਬੀ।ਆਰ। ਅੰਬੇਡਕਰ ਦੇ ਯਤਨਾਂ ਸਦਕਾ ਹੀ ਹੈ ਕਿ ਮੇਰੇ ਵਰਗਾ ਵਿਅਕਤੀ, ਜਿਸਨੇ ਇੱਕ ਅਰਧ-ਝੌਂਪੜੀ ਵਾਲੇ ਇਲਾਕੇ ਦੇ ਇੱਕ ਮਿਊਂਸੀਪਲ ਸਕੂਲ ਵਿੱਚ ਪੜ੍ਹਾਈ ਕੀਤੀ ਸੀ, ਇਹ ਮੁਕਾਮ ਹਾਸਲ ਕਰ ਸਕਿਆ।" ਉਨ੍ਹਾਂ ਨੇ ਆਪਣਾ ਭਾਸ਼ਣ "ਜੈ ਭੀਮ" ਦੇ ਨਾਅਰੇ ਨਾਲ ਸਮਾਪਤ ਕੀਤਾ। ਉਨ੍ਹਾਂ ਕਿਹਾ ਕਿ ਨਾ ਤਾਂ ਨਿਆਂਪਾਲਿਕਾ, ਨਾ ਕਾਰਜਪਾਲਿਕਾ ਅਤੇ ਨਾ ਹੀ ਸੰਸਦ ਸਰਵਉੱਚ ਹੈ, ਪਰ ਭਾਰਤ ਦਾ

# ਪੰਜਾਬ ਦੇ ਜ਼ਖ਼ਮਾਂ ਦਾ ਹਿਸਾਬ



ਗੁਰਮੀਤ ਪਲਾਹੀ
91-98158-02070

ਪੰਜਾਬ ਦੇ ਜ਼ਖ਼ਮਾਂ ਦਾ ਹਿਸਾਬ ਆਖ਼ਿਰ ਕੌਣ ਦੇਵੇਗਾ? ਪੰਜਾਬ ਇਸ ਵੇਲੇ ਉਬਾਲੇ ਖਾ ਰਿਹਾ ਹੈ। ਪੰਜਾਬ ਇਸ ਵੇਲੇ ਤਪਸ਼ ਨਾਲ ਭੁੱਜ ਰਿਹਾ ਹੈ। ਪੰਜਾਬ ਇਸ ਵੇਲੇ ਵੱਡੇ ਕਸ਼ਟ ਹੰਢਾ ਰਿਹਾ ਹੈ। ਪੰਜਾਬ ਦੇ ਇਹਨਾ ਕਸ਼ਟਾਂ ਨੇ ਪੰਜਾਬ ਅਧਮੋਇਆ ਕੀਤਾ ਹੋਇਆ ਹੈ। ਸਮੱਸਿਆਵਾਂ ਵੱਡੀਆਂ ਹਨ, ਜ਼ਖ਼ਮ ਵੱਡੇ ਹਨ, ਮਲ੍ਹਮ-ਪੱਟੀ ਲਾਉਣ ਵਾਲੇ ਗਾਇਬ ਹਨ। ਕਿਥੇ ਤੁਰ ਗਏ ਪੰਜਾਬ ਦੇ ਰਾਖੇ, ਸ਼ੈਲ-ਛਬੀਲੇ ਗੱਬਰੂ, ਮੁਟਿਆਰਾਂ, ਸਿਆਣੇ ਲੋਕ? ਪੰਜਾਬ ਸਿਰਫ਼ ਸਿਆਸਤਦਾਨਾਂ ਹੱਥ ਫੜਾਕੇ!

ਪੰਜਾਬ ਦਾ ਤਾਪਮਾਨ 42 ਡਿਗਰੀ ਸੈਲਸੀਅਸ ਤੋਂ 45 ਡਿਗਰੀ ਸੈਲਸੀਅਸ ਬਣਿਆ ਹੋਇਆ। ਤੱਪ ਰਿਹਾ ਹੈ ਪੰਜਾਬ, ਪੰਜਾਬ ਦੀ ਸਿਆਸਤ ਵਾਂਗਰ। ਰਤਾ ਕੁ ਕਿਸੇ ਪਾਸਿ ੋਂ ਖੰਗੂਰਾ ਪੈਂਦਾ, ਦੂਜੇ ਪਾਸਿ ੋਂ ਚੀਕਾਂ, ਬੜਕਾਂ ਪੈਣ ਲੱਗ ਪੈਂਦੀਆਂ ਹਨ। ਆਹ ਵੇਖੋ ਨਾ ਹੁਣੇ ਜਿਹੇ ਪੰਜਾਬ ਜੰਗ ਦੀ ਤਪਸ਼ ਹੰਢਾ ਬੈਠਾ। ਕੁਰੇਦੇ ਗਏ ਹਨ ਜ਼ਖ਼ਮ ਪੰਜਾਬ ਦੇ। ਪੰਜਾਬ ਨੂੰ ਸੰਨ '47 ਯਾਦ ਆਇਆ। ਪੰਜਾਬ ਨੂੰ ਸੰਨ '62, '65, '70 '99 ਯਾਦ ਆਇਆ ਤੇ ਵਿਚ-ਵਿਚਾਲੇ '84 ਨੇ ਉਹਨੂੰ ਬੇਆਰਾਮ ਕੀਤਾ। ਸਿਤਮ ਵੇਖੋ, ਜਿਹੜਾ ਵੀ ਉੱਠਦਾ ਪੰਜਾਬ ਨੂੰ ਦੱਬ ਲੈਂਦਾ, ਕੇਰੀ ਅੱਖ ਪੰਜਾਬ ਵੱਲ ਕਰ ਲੈਂਦਾ। ਚੰਗੇ ਭਲੇ ਜੀ ਰਹੇ ਸਾਂ, ਪੂਰਬੋਂ-ਪੱਛਮੋਂ ਆਉਂਦੀਆਂ ਹਵਾਵਾਂ ਸੀਨਾ ਠਾਰ ਰਹੀਆਂ ਹਨ, ਕਿ ਠਾਹ-ਠੂਹ, ਗੋਲੇ, ਬੰਬ, ਮਿਜ਼ਾਇਲਾਂ ਪੰਜਾਬ 'ਤੇ ਡਿੱਗਣ ਲੱਗੇ। ਕੀ ਕਸੂਰ ਸੀ ਯਾਰੋ ਪੰਜਾਬ ਦੇ ਲੋਕਾਂ ਦਾ? ਕਈ ਰਾਤਾਂ ਜਾਗਦਿਆਂ ਕੱਟੀਆਂ। ਮਣਾਂ ਮੂੰਹੀ ਦਰਦ ਸੀਨੇ ਹੰਢਾਇਆ। ਪ੍ਰਮਾਣੂ ਦੇ ਡਰ ਨੇ ਸੀਨਾ ਤਾਰ-ਤਾਰ ਕੀਤਾ। ਆਖ਼ਰ ਜਿਹੜੇ ਹੁਣੇ-ਹੁਣੇ ਤਾਜ਼ੇ-ਤਾਜ਼ੇ ਜ਼ਖ਼ਮ ਉਸਦੇ ਪਿੰਡੇ 'ਤੇ ਸੀਨੇ 'ਤੇ ਆ ਪਏ ਹਨ ਉਹਦੀ ਜ਼ੁੰਮੇਵਾਰੀ ਕੀਹਦੀ ਆ ਭਾਈ? "ਹਮ ਦੇਸ਼ ਕੇ ਰਖਵਾਲੇ ਹੈਂ, ਹਮ ਤਹਿਸ-ਨਹਿਸ ਕਰ ਦੇਂਗੇ" ਵਾਲਿਆਂ ਦੀ ਜਾਂ ਸਾਡੇ ਆਪਣਿਆਂ ਦੀ, ਜੋ ਮੂੰਹ 'ਚ ਘੁੰਗਣੀਆਂ ਪਾਕੇ ਬੈਠੇ ਰਹਿੰਦੇ ਹਨ, ਤਿਆਰ -ਬਰ-ਤਿਆਰ ਰਹਿੰਦੇ ਹਨ, ਲੋਕਾਂ ਨੂੰ ਝੂਠੇ ਦਲਾਸੇ ਦੇਣ ਲਈ। ਇੱਕ ਮਾਂ ਦਾ ਪੁੱਤ ਮਰ ਗਿਆ, ਸਰਹੱਦ 'ਤੇ ਰਾਖੀ ਕਰਦਿਆਂ, ਉਹਨੂੰ ਦੇ ਦਿ ਨਾ ਵਾਪਿਸ ਉਸਦਾ ਪੁੱਤ, ਚਾਰ ਛਿਲੜ ਦੇ ਕੇ ਆਖਦੇ ਹੋ, 'ਜੈ ਜਵਾਨ' ਅਤੇ ਤੁਸੀਂ ਕੀ ਦੇਣਾ ਹੈ, ਚਾਰ ਛਿਲੜ ਦੇ ਦਿ ਗੇ, ਮੂੰਹ ਪਲੋਸ ਦਿ ਗੇ। ਦਿੰਦੇ ਤਾਂ ਤੁਸੀਂ ਉਸਨੂੰ ਵੀ ਕੁਝ ਨਹੀਂ, ਜਿਹੜਾ ਪੂਰੇ ਦੇਸ਼ ਦਾ ਢਿੱਡ ਪਾਲਦਾ, ਆਪਣਾ ਢਿੱਡ ਖਾਲੀ ਰੱਖਦਾ, ਕਰਜ਼ਾਈ ਹੋਇਆ, ਛਤੀਰਾਂ ਨੂੰ ਜੱਫੇ ਜਾ ਪਾਉਂਦਾ। ਜੈ ਕਿਸਾਨ!! ਹੈ ਕਿ ਨਾ!

ਐਂਵੇ ਕਈ ਵੇਰ ਦੁੱਖੀ ਹੋ ਕੇ ਪੰਜਾਬ ਬਾਰੇ ਇਹੋ ਜਿਹੇ ਜਜ਼ਬਾਤੀ ਸ਼ਬਦ ਕਲਮ ਲਿਖ ਬਹਿੰਦੀ ਹੈ। ਖ਼ੂਨ ਦੇ ਅੱਥਰੂ ਵਹਾ ਦੇਂਦੀ ਹੈ। ਚਲੋ ਪੰਜਾਬ ਦੇ ਜ਼ਖ਼ਮਾਂ ਦੀ ਕਹਾਣੀ ਲਿਖੀਏ, ਸੁਣੀਏ, ਬੋਲੀਏ। ਦੂਰ ਨਹੀਂ ਜਾਣਾ ਆਪਾਂ! ਬੱਸ ਪੰਜਾਬ ਦੇ ਪਹਿਲੇ ਵੱਡੇ ਜ਼ਖ਼ਮ 1947 ਦੀ ਗੱਲ ਕਰ ਲੈਂਦੇ ਹਾਂ :-

ਭਾਰਤ ਦੀ ਵੰਡ 'ਚ 10 ਲੱਖ ਲੋਕ ਦੰਗਿਆਂ 'ਚ ਮਰੇ, ਕਰੋੜਾਂ ਲੋਕ ਪ੍ਰਭਾਵਤ ਹੋਏ। ਲਗਭਗ 1।46 ਕਰੋੜ ਲੋਕ ਸ਼ਰਨਾਰਥੀ ਬਣੇ। ਔਰਤਾਂ ਦੀ ਇੱਜ਼ਤ ਰੁਲੀ। ਬੱਚਿਆਂ ਦਾ ਬਚਪਨ ਗੁਆਚ ਗਿਆ। ਵੱਢ-ਟੁੱਕ 'ਚ ਲੋਕਾਂ ਦੇ ਇਹੋ ਜਿਹੇ ਅੰਦਰੂਨੀ ਫੱਟ ਲੱਗੇ ਕਿ ਜੀਵਨ ਭਰ ਉਹ ਇਹਨਾ ਫੱਟਾਂ-ਸੱਟਾਂ, ਜ਼ਖ਼ਮਾਂ ਨੂੰ ਭੁੱਲ ਨਹੀਂ ਸਕੇ। ਸਰਹੱਦੀ ਸੂਬਾ ਹੈ ਪੰਜਾਬ। ਇਸਨੂੰ ਗੁਆਂਢੀਆਂ ਨਾਲ ਲੜਾਈ ਦਾ ਵੱਡਾ ਮੁੱਲ ਤਾਰਨਾ ਪਿਆ। ਸੰਨ 1962, 1970, 1999 ਅਤੇ ਫਿਰ 2025 ਦੀ ਜੰਗ ਨੇ ਪੰਜਾਬ 'ਚ ਵੱਡੀ ਤਬਾਹੀ ਮਚਾਈ! ਵੱਡੇ ਜ਼ਖ਼ਮ ਦਿੱਤੇ। ਇਹਨਾ ਸਾਲਾਂ 'ਚ ਪੰਜਾਬ ਨੂੰ 1984 ਦਾ ਦਰਦ ਝੱਲਣਾ ਪਿਆ। ਪੰਜਾਬ ਹਲੂਣਿਆ ਗਿਆ। ਹਰ ਪੰਜਾਬੀ ਦੀ ਰੂਹ ਜ਼ਖ਼ਮੀ ਹੋਈ। ਇਹ ਜ਼ਖ਼ਮ ਵਰ੍ਹਿਆਂ ਤੱਕ ਰਿਸਦੇ ਰਹੇ। ਇਹਨਾ ਜ਼ਖ਼ਮਾਂ ਨੂੰ ਭਰਨ, ਫੈਹੇ ਲਾਉਣ ਲਈ ਕਦੇ ਵੀ ਉਹ ਯਤਨ ਨਹੀਂ ਹੋਏ, ਜਿਹੜੇ ਹੋਣੇ ਜ਼ਰੂਰੀ ਸਨ। ਬੱਸ ਇਹਨਾ 'ਤੇ ਵੀ ਸਿਆਸਤ ਹੋਈ। ਹੁਣ ਤੱਕ 'ਅਦਾਲਤਾਂ' 'ਚ ਕੇਸ ਦਰਜ਼ ਹਨ। ਦੋਸ਼ੀ ਬਾਹਰ ਹਨ। ਕਿੱਢਾ ਦਰਦਨਾਕ



ਵਰਤਾਰਾ ਹੈ।

ਇਹ ਵਾਰਤਾ ਤਾਂ ਉਹ ਹੈ, ਜਿਹੜਾ ਪੰਜਾਬੀਆਂ ਅੱਖੀ ਸਬਰ ਕਰਕੇ ਵੇਖੀ, ਸੁਣੀ, ਹੰਢਾਈ। ਪਰ ਕੁਝ ਵਾਰਤਾਵਾਂ ਉਹ ਹਨ, ਜਿਹੜੀਆਂ "ਅਣਹੋਈਆਂ" ਦਿਸਦੀਆਂ ਹਨ। ਜਿਹੜੀ ਪੰਜਾਬੀਆਂ ਦਾ ਸਬਰ ਸੰਤੋਖ ਪਰਖਣ ਲਈ ਉਸਦੇ ਮੱਥੇ ਮੜ੍ਹ ਦਿੱਤੀਆਂ ਗਈਆਂ। ਪੰਜਾਬੀ ਸੂਬਾ ਪੰਜਾਬ ਨੂੰ 'ਬਖ਼ਸ਼ ' ਦਿੱਤਾ ਗਿਆ, ਰਾਜਧਾਨੀ ਤੋਂ ਬਿਨ੍ਹਾਂ, ਪੰਜਾਬੀ ਬੋਲਦੇ ਇਲਾਕੇ ਜਾਣ-ਬੁੱਝ ਕੇ ਹੋਰ ਸੂਬਿਆਂ 'ਚ ਰਹਿਣ ਦਿੱਤੇ ਗਏ। ਪੰਜਾਬ ਦੇ ਪਾਣੀਆਂ 'ਤੇ ਡਾਕਾ ਮਾਰਿਆ ਗਿਆ। ਬਿਨ੍ਹਾਂ ਹਿੱਸੇ ਤੋਂ ਰਾਜਸਥਾਨ ਨੂੰ ਪਾਣੀ ਦੇ ਦਿੱਤਾ ਗਿਆ। ਅੱਜ ਜਦੋਂ ਪੰਜਾਬ ਪਾਣੀ ਦੀ ਆਪਣੀ ਲੋੜ ਪੂਰੀ ਕਰਨੋਂ ਵੀ ਅਸਮਰਥ ਹੈ, ਉਹਦਾ ਪਾਣੀ ਹਰਿਆਣਾ, ਦਿੱਲੀ ਨੂੰ ਦੇਣ ਲਈ ਕੇਂਦਰ ਪੱਬਾਂ ਭਾਰ ਹੈ। ਬਾਵਜੂਦ ਇਸਦੇ ਕਿ ਪੰਜਾਬ ਵਿਧਾਨ ਸਭਾ 'ਚ ਸਾਰੀਆਂ ਪਾਰਟੀਆਂ ਅਤੇ ਮਤੇ ਪਾਸ ਕਰ ਚੁੱਕੀਆਂ ਹਨ। ਪਰ ਉਸਦੀ ਸੁਣਦਾ ਕੋਈ ਨਹੀਂ। ਅਦਾਲਤਾਂ 'ਚ ਪੰਜਾਬ ਧੱਕੇ ਖਾ ਰਿਹਾ ਹੈ, ਆਪਣਾ ਹੱਕ ਪ੍ਰਾਪਤ ਕਰਨ ਲਈ। ਇਸ ਕਿਸਮ ਦੀ ਬੇਇਨਸਾਫੀ-ਦਰ-ਬੇਇਨਸਾਫ਼ੀ ਪੰਜਾਬ ਵਰ੍ਹਿਆਂ ਤੋਂ ਭੁਗਤ ਰਿਹਾ ਹੈ। ਰਾਜ ਭਾਵੇਂ ਉਪਰ ਕਾਂਗਰਸ ਦਾ ਰਿਹਾ ਜਾਂ ਫਿਰ ਹੁਣ ਵਾਲੀ ਭਾਜਪਾ ਦਾ, ਇਹਨਾ ਲਈ ਤਾਂ ਪੰਜਾਬ ਦੁਪਰਿਆਰਾ ਰਿਹਾ! ਜੇਕਰ ਇੰਜ ਨਾ ਹੁੰਦਾ ਤਾਂ ਕਿਸਾਨ ਜਿਹਨਾ ਆਪਣੇ ਜ਼ਮੀਨ 'ਤੋਂ ਸਿਰਿਆਂ ਤੱਕ ਪਾਣੀ ਕੱਢਦੇ ਪੂਰੇ ਦੇਸ਼ ਦਾ ਢਿੱਡ ਭਰਿਆ ਤੇ ਭਰ ਰਿਹਾ ਹੈ, ਉਹਨੂੰ ਸਾਲ ਭਰ ਤੋਂ ਵੱਧ ਸਮਾਂ ਆਪਣੀ ਜ਼ਮੀਨ ਬਚਾਉਣ ਲਈ ਵੱਡਾ ਸੰਘਰਸ਼ ਕਿਉਂ ਕਰਨਾ ਪੈਂਦਾ? ਹਰੇ ਇਨਕਲਾਬ ਨੇ ਪੰਜਾਬ 'ਚ ਹਰਿਆਲੀ ਲਿਆਂਦੀ, ਪਰ ਇਹ ਹਰਿਆਲੀ ਦੇਸ਼ ਦੀ ਹਰਿਆਲੀ ਤਾਂ ਬਣੀ ਪਰ ਪੰਜਾਬ ਦੀ ਧਰਤੀ ਅਧਮੋਈ ਕਰ ਗਈ, ਸਰੀਰ ਨੂੰ ਲੱਗੇ ਨਸ਼ਿਆਂ ਵਾਂਗਰ ਧਰਤੀ ਖਾਦਾਂ, ਦਵਾਈਆਂ 'ਤੇ ਲੱਗ ਗਈ ਅਤੇ ਅੱਜ ਪਾਣੀ ਦੀ ਥੁੜੋਂ ਕਾਰਨ ਮਾਰੂਥਲ ਹੋਣ ਵੱਲ ਵੱਧ ਰਹੀ ਹੈ। ਇੱਕ ਰਿਪੋਰਟ ਕਹਿੰਦੀ ਹੈ ਕਿ ਪੰਜਾਬ ਦੇ 136 ਬਲਾਕਾਂ ਵਿਚੋਂ 125 ਬਲਾਕਾਂ ਵਿੱਚ ਧਰਤੀ ਹੇਠਲਾ ਪਾਣੀ ਹਰ ਸਾਲ ਪਹੁੰਚ ਤੋਂ ਬਾਹਰ ਹੋ ਰਿਹਾ ਹੈ। ਇਹ ਵੱਡਾ ਜ਼ਖ਼ਮ ਆਖ਼ਿਰ ਪੰਜਾਬ ਸਹਿਣ ਕਿਵੇਂ ਕਰੇਗਾ? ਜਿਹੜਾ ਪਹਿਲਾਂ ਹੀ ਕਿਸਾਨਾਂ ਨੂੰ ਖੁਦਕੁਸ਼ੀਆਂ, ਕਰਜ਼ੇ ਵੱਲ ਅੱਗੇ ਵਧਾ ਰਿਹਾ ਹੈ ਅਤੇ ਖੇਤੀ ਛੱਡਣ ਲਈ ਮਜ਼ਬੂਰ ਕਰ ਰਿਹਾ ਹੈ।

ਪੰਜਾਬ ਦੀ ਉਪਜਾਊ ਧਰਤੀ ਦਾ ਸੀਨਾ ਪਾੜਕੇ ਜਿਵੇਂ ਪੰਜਾਬ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਵੱਡੀਆਂ ਸੜਕਾਂ ਦਾ ਜਾਲ ਕਾਰਪੋਰੇਟਾਂ ਨੂੰ ਖੁਸ਼ ਕਰਨ ਲਈ ਵਿਛਾਇਆ ਜਾ ਰਿਹਾ ਹੈ, ਉਸ ਨਾਲ ਕਾਰਪੋਰੇਟ ਤਾਂ ਬੁਲ੍ਹੇ ਲੁਟਣਗੇ, ਮਾਲ ਇਧਰ-ਉਧਰ ਲੈ ਜਾਣ ਕਰਨ ਲਈ, ਪਰ ਪੰਜਾਬੀਆਂ ਪੱਲੇ ਕੀ ਪਏਗਾ? ਉਜਾੜਾ? ਇੱਕ ਹੋਰ ਜ਼ਖ਼ਮ, ਉਸ ਧਰਤੀ ਨੂੰ ਖੋਹਣ ਦਾ ਜਿਸ ਨਾਲ ਉਸਨੂੰ ਅੰਤਾਂ ਦਾ ਪਿਆਰ ਹੈ, ਜਿਸਦੇ ਇੱਕ ਬੰਨੇ ਨੂੰ ਖੋਹਣ ਲਈ ਲੜਨ ਖ਼ਾਤਰ ਉਹ ਮਰਨ-ਮਾਰਨ 'ਤੇ ਹੋ ਤੁਰਦਾ ਹੈ। ਬਣਦੀਆਂ ਸੜਕਾਂ ਦੇ ਇਸ ਜਾਲ ਨਾਲ ਪੰਜਾਬ ਇੱਕ ਰਿਪੋਰਟ ਅਨੁਸਾਰ ਲਗਭਗ ਇੱਕ ਤਿਹਾਈ ਉਪਜਾਊ ਧਰਤੀ ਗੁਆ ਬੈਠੇਗਾ। ਕਿਸਾਨ, ਖੇਤ ਮਜ਼ਦੂਰ ਜਿਹਨਾ ਲਗਾਤਾਰ ਉਜਾੜਾ ਵੇਖਿਆ, ਇਹ ਹੋਰ ਉਜਾੜਾ ਵੇਖ ਰਹੇ ਹਨ।

ਪੰਜਾਬ ਨੂੰ ਉਜਾੜਾ ਤਾਂ ਉਦੋਂ ਵੀ ਵੇਖਣਾ ਪੈ ਰਿਹਾ ਹੈ, ਜਦੋਂ ਪੰਜਾਬ 'ਚੋਂ ਬਰੇਨ ਡਰੇਨ ਅਤੇ ਮਨੀ (ਦਿਮਾਗ ਅਤੇ ਦੌਲਤ) ਡਰੇਨ (ਬਾਹਰ) ਹੋ ਰਹੀ ਹੈ। ਲੱਖਾਂ ਪੰਜਾਬੀ ਮੁੰਡੇ ਕਾਨੂੰਨ ਵਿਵਸਥਾ ਅਤੇ ਬੇਰੁਜ਼ਗਾਰੀ ਦੀ ਮਾਰ ਝਲਦਿਆਂ ਪੰਜਾਬੋਂ ਤੁਰ ਗਏ ਹਨ ਜਾਂ ਤੁਰੇ ਜਾ ਰਹੇ ਹਨ। ਹੈ ਕੋਈ ਉਹਨਾ ਦੇ ਦਰਦ ਦਾ ਪਾਰਖੂ ? ਹੈ ਕੋਈ ਉਹਨਾ ਨੂੰ ਰੋਕਣ ਦੇ ਯਤਨ ਕਰਨ ਵਾਲਾ? ਸਿਆਸਤ ਹੋ ਰਹੀ ਹੈ। ਬੱਸ ਉਹਨਾ ਨੂੰ ਪੁਚਕਾਰਿਆ ਜਾ ਰਿਹਾ ਹੈ। ਪੰਜਾਬ ਤਪਸ਼ ਹੇਠ ਹੈ। ਨਸ਼ਿਆਂ ਦੇ ਦਰਿਆ ਨੇ ਜਵਾਨੀ ਖਾ ਲਈ, ਕੀ ਇਹ ਕੋਈ ਸਾਜ਼ਿਸ਼ ਨਹੀਂ? ਪੰਜਾਬੀ ਸੂਰਬੀਰਾਂ, ਯੋਧਿਆਂ, ਸੋਚਵਾਨਾਂ ਦੀ ਧਰਤੀ ਖਾਲੀ ਕਰਨ ਦੀ ਸਾਜ਼ਿਸ਼? ਕਿੰਨੇ ਕੁ ਜ਼ਖ਼ਮ ਸਹਿ ਸਕੇਗਾ ਪੰਜਾਬ? ਨਿੱਤ-ਦਿਹਾੜੇ ਮੁਹਿੰਮਾਂ ਹਨ। ਪੰਜਾਬ ਦੀ ਧਰਤੀ ਕੁਰਲਾ ਰਹੀ ਹੈ, ਪੰਜਾਬ ਦੀ ਧਰਤੀ ਹੁਣ ਗਾ ਨਹੀਂ ਰਹੀ। ਉਹ ਰੰਗ ਜਿਹੜੇ ਪੰਜਾਬ ਦੇ ਨਿਵੇਕਲੇ ਹਨ। ਉਹ ਰੰਗ ਜਿਹਨਾ ਕਾਰਨ ਪੰਜਾਬ ਨਵੀਆਂ ਪੈਂੜਾ ਪਾਉਂਦਾ ਰਿਹਾ ਹੈ। ਉਹ ਪੰਜਾਬ ਜਿਹੜਾ "ਜੀਊਂਦਾ ਗੁਰਾਂ ਦੇ ਨਾ 'ਤੇ" ਉਹ ਕਿਧਰ ਤੋਰਿਆ ਜਾ ਰਿਹਾ ਹੈ। ਉਹਨਾ ਅਣ ਦਿਸਦੇ ਰਾਹਾਂ 'ਤੇ ਜਿਥੋਂ ਮੋੜਾ ਕੋਈ ਨਹੀਂ। ਜਿਥੇ ਉਜਾੜਾ ਹੈ। ਜਿਥੇ ਰੌਣਕਾਂ ਨਹੀਂ, ਸਿਆਪਾ ਹੈ। ਪੰਜਾਬ ਦਾ ਕਿਹੜਾ ਪਿੰਡ ਰਹਿ ਗਿਆ, ਜਿਸਦੇ ਵਿੱਚ ਵੱਡੀ ਗਿਣਤੀ ਘਰਾਂ ਦੇ ਦਰਵਾਜੇ ਵੱਡੇ "ਤਾਲਿਆਂ" ਨਾਲ ਬੰਦ ਨਹੀਂ, ਜਿਥੇ ਖੂਹਾਂ 'ਤੇ ਰੌਣਕਾਂ ਸਨ, ਸੱਥਾਂ ਬਜ਼ੁਰਗਾਂ ਨਾਲ ਭਰੀਆਂ ਸਨ, ਜਿਥੇ ਫ਼ੈਸਲੇ ਪਰਿਆਂ 'ਚ ਹੁੰਦੇ ਸਨ, ਜਿਥੇ ਲੋਕ ਜੁੜਦੇ ਸਨ, ਦੁੱਖ-ਸੁੱਖ ਕਰਦੇ ਸਨ। ਹੁਣ ਤਾਂ ਪੰਜਾਬ ਦੀ ਨੀਂਹ, ਪੰਜਾਬ ਦਾ ਪਿੰਡ ਹੀ ਮਨਫ਼ੀ ਕਰ ਦਿੱਤਾ ਗਿਆ ਹੈ।

ਪੰਜਾਬ ਦੇ ਜ਼ਖ਼ਮਾਂ ਦੀ ਬਾਤ ਪ੍ਰਦੇਸ਼ ਵਸਦੇ ਪੁੱਤਰ, ਧੀਆਂ ਦਾ ਮਾਂ-ਬਾਪ ਖੁਸ਼ੀਆਂ ਦੇ ਉਜੜੇ ਘਰ ਤੋਂ ਪਾਉਂਦਾ ਹੈ। ਪੱਗ ਦੇ ਲੜ ਨਾਲ ਅੱਖਾਂ ਪੂੰਝ ਪਿ ੋ ਡੁਸਕਦਾ ਹੈ, ਮਾਂ ਰੋ-ਰੋ ਅੱਖਾਂ ਚੁੰਨੀਆਂ ਕਰਦੀ ਹੈ।

ਪ੍ਰਦੇਸ਼ ਗਏ ਪੁੱਤ, ਧੀ ਦਾ ਦਰਦ ਵੀ ਪੰਜਾਬ ਲਈ ਵੱਡਾ ਹੈ, ਤੇ ਸਰਹੱਦ ਗਏ ਪੁੱਤਾਂ ਦਾ ਵੀ। ਪੰਜਾਬ ਲਈ '47 ਦੇ ਉਜਾੜੇ ਦਾ ਦਰਦ ਵੀ ਡਾ ਹੀ ਹੈ, ਜਿੱਡਾ '84 ਦਾ, '65, '70, '99, '25 ਦੀ ਜੰਗ ਦਾ। ਜਦੋਂ ਉਸਦੇ ਜਾਇਆਂ ਦਾ ਦਰਦ ਉਛਲਦਾ ਹੈ। ਉਹਦਾ ਖ਼ੂਨ ਖੌਲਦਾ ਹੈ। ਉਬਾਲੇ ਮਾਰਦਾ ਹੈ। ਪਰ ਉਹਦੀਆਂ ਰਗਾਂ 'ਚ ਭਰਿਆ ਜਾ ਰਿਹਾ ਜ਼ਹਿਰ, ਉਹਦੇ ਖੋਹੇ ਜਾ ਰਹੇ ਹੱਕ , ਕਲੇਜਾ ਧੂ ਲੈਂਦੇ ਹਨ, ਉਹ ਜੀਊਂਦਾ ਵੀ ਮਰਿਆ-ਮਰਿਆ ਮਹਿਸੂਸਦਾ ਹੈ।

ਹੈ ਕੋਈ ਦਵਾਈ ਦੀ ਖ਼ੁਰਾਕ, ਜੋ ਉਸਦੇ ਪਿੰਡੇ ਦੇ ਦਰਦ ਨੂੰ ਹਟਾ, ਘਟਾ ਸਕੇ, ਉਹਦੀਆਂ ਚੀਸਾਂ ਦਾ ਨਿਵਾਰਨ ਕਰ ਸਕੇ। "ਮਿੱਠੀਆਂ ਗੋਲੀਆਂ" ਦੇਣ ਵਾਲੇ ਸਿਆਸਤਦਾਨ ਆਖ਼ਰ ਉਹਦੇ ਜ਼ਖ਼ਮਾਂ ਦੀ ਸਾਰ ਕਿਉਂ ਨਹੀਂ ਲੈਂਦੇ? ਰਿਸਦੇ ਜ਼ਖ਼ਮਾਂ 'ਤੇ "ਫੂਕਾਂ" ਕਿਉਂ ਨਹੀਂ ਮਾਰਦੇ? ਕਿਉਂ ਕਦੇ ਚੁੱਪ ਕਰਕੇ ਅਤੇ ਕਦੇ ਵੱਡੀਆਂ ਟਾਹਰਾਂ ਮਾਰਕੇ ਆਪਣੀ ਕੁਰਸੀ ਦੀਆਂ ਚਾਰੇ ਟੰਗਾਂ ਬਚਾਉਣ ਦੇ ਆਹਰ 'ਚ ਲੱਗੇ ਹੋਏ ਹਨ।

ਐ ਪੰਜਾਬ। ਉੱਠ! ਸਮਝ! ਹੰਭਲਾ ਮਾਰ! ਜ਼ਖ਼ਮ ਤੇਰੇ ਲਈ ਨਵੇਂ ਨਹੀਂ! ਤੂੰ ਸਭ ਕੁਝ ਸਹਿੰਦਾ, ਲੜਦਾ, ਮੁੜ ਨਵਾਂ ਨਰੋਆ ਰੰਗਲਾ ਪੰਜਾਬ ਬਣਦਾ ਰਿਹਾ ਹੈਂ।
ਐ ਪੰਜਾਬ ! ਕਰਾਂ ਕੀ ਸਿਫ਼ਤ ਤੇਰੀ, ਤੇਰੇ ਜਿਹਾ ਕੋਈ ਹੋਰ ਨਾ! ਵੱਢਿਆ-ਟੁੱਕਿਆ ਤੂੰ ਮੁੜ ਸੁਰਜੀਤ ਹੁੰਦਾ ਰਿਹੈਂ! ਹੁਣ ਵੀ ਹੋਵੇਂਗਾ।

"ਤੂੰ ਉੱਠ ਜਗਾ ਦੇ ਮੋਮਬੱਤੀਆਂ,
ਇਹ ਤਾਂ ਏਥੇ ਵਗਦੀਆਂ ਹੀ ਰਹਿਣੀਆਂ ਹਵਾਵਾਂ,
ਕੁਪੱਤੀਆਂ
ਉੱਠ ਜਗਾ ਦੇ ਮੋਮਬੱਤੀਆਂ।" - (ਸੁਰਜੀਤ ਪਾਤਰ)

# ਪੰਜਾਬੀ ਨੂੰ ਬਚਾਉਣ ਲਈ ਪੰਜਾਬੀਆਂ ਨੂੰ ਆਪਣਾ ਯੋਗਦਾਨ ਪਾਉਣ ਦਾ ਸੱਦਾ





**ਦਸੂਹਾ (ਹਰਵੀਰ ਮਾਨ)** ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਦੀ ਇਕਾਈ ਹੁਸ਼ਿਆਰਪੁਰ ਵੱਲੋਂ ਜ਼ਿਲ੍ਹਾ ਪ੍ਰਧਾਨ ਪ੍ਰੋਫੈਸਰ ਬਲਦੇਵ ਸਿੰਘ ਬੱਲੀ ਅਤੇ ਜਨਰਲ ਸਕੱਤਰ ਪ੍ਰਿੰਸੀਪਲ ਨਵਤੇਜ ਗੜਦੀਵਾਲਾ ਦੀ ਅਗਵਾਈ ਹੇਠ ਸਾਹਿਤ ਨੂੰ ਪਿੰਡੋਂ ਪਿੰਡ ਪੁੱਜਦਾ ਕਰਨ ਦੇ ਉਦੇਸ਼ ਨਾਲ ਇੱਕ ਸ਼ਾਨਦਾਰ ਸਾਹਿਤਕ ਸਮਾਗਮ ਦਾ ਆਯੋਜਨ ਪਿੰਡ ਬੋਦਲ ਦੇ ਸਰਕਾਰੀ ਐਲੀਮੈਂਟਰੀ ਸਕੂਲ ਵਿੱਚ ਕੀਤਾ ਗਿਆ। ਜਿਸ ਵਿੱਚ ਸਰਵ ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ ਦੇ ਜਨਰਲ ਸਕੱਤਰ ਡਾ।ਸੁਖਦੇਵ ਸਿੰਘ ਸਿਰਸਾ ਅਤੇ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ। ਉਹਨਾਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਅੱਜ ਕਾਰਪੋਰੇਟ ਘਰਾਣਿਆਂ ਨੇ ਭਾਰਤ ਦੀ ਆਰਥਿਕਤਾ ਤੇ ਕਬਜ਼ਾ ਕਰਨ ਦੇ ਮਨਸੂਬਿਆਂ ਨਾਲ ਕਾਰਜ ਆਰੰਭ ਕੀਤੇ ਹੋਏ ਹਨ।

ਇੱਥੇ ਹੀ ਬੱਸ ਨਹੀਂ ਸਗੋਂ ਪੰਜਾਬੀ ਨੂੰ ਖਤਮ ਕਰਨ ਦੇ ਇਰਾਦੇ ਨਾਲ ਨਵੇਂ ਨਵੇਂ ਫਾਰਮੂਲੇ ਖੋਜੇ ਜਾ ਰਹੇ ਹਨ ਅਤੇ ਨਵੀਂ ਭਾਸ਼ਾ ਨੀਤੀ ਨੂੰ ਇਸ ਢੰਗ ਨਾਲ ਲਾਗੂ ਕੀਤਾ ਜਾ ਰਿਹਾ ਹੈ ਕਿ ਆਉਣ ਵਾਲੀਆਂ ਪੀੜੀਆਂ ਨੂੰ ਮਾਤ ਭਾਸ਼ਾ ਤੋਂ ਵਿਰਵੇਂ ਰੱਖਿਆ ਜਾਵੇ। ਉਹਨਾਂ ਦੀ ਸਿੱਖਿਆ ਇਸ ਪ੍ਰਕਾਰ ਦੀ ਬਣਾਈ ਜਾ ਰਹੀ ਹੈ ਕਿ ਕਾਰਪੋਰੇਟ ਘਰਾਣਿਆਂ ਦਾ ਕਾਰੋਬਾਰ ਹਰ ਹਾਲ ਪ੍ਰਫੁੱਲਤ ਹੁੰਦਾ ਰਹੇ। ਸਾਹਿਤਕਾਰ ਦਾ ਇਹ ਫਰਜ਼ ਹੈ ਕਿ ਉਹ ਲੋਕ ਹਿੱਤਾਂ ਦੀ ਗੱਲ ਕਰੇ ਨਾ ਕਿ ਹਕੂਮਤਾਂ ਦਾ ਪਿੱਠੂ ਬਣੇ। ਹਕੂਮਤਾਂ ਵੱਲੋਂ ਸੱਚ ਬੋਲਣ ਵਾਲੇ ਸਾਹਿਤਕਾਰਾਂ ਦੀ ਆਵਾਜ਼ ਬੰਦ ਕਰਨ ਲਈ ਉਹਨਾਂ ਨੂੰ ਸੀਖਾਂ ਪਿੱਛੇ ਭੇਜਿਆ ਜਾ ਰਿਹਾ ਹੈ। ਸਮੇਂ ਦੀ ਸੱਚਾਈ ਨੂੰ ਜਾਨਣ ਵਾਸਤੇ ਹਰ ਘਰ ਵਿੱਚ ਪੁਸਤਕਾਂ ਲਈ ਇੱਕ ਅਲਮਾਰੀ ਮੌਜੂਦ ਹੋਣੀ ਚਾਹੀਦੀ ਹੈ। ਮਾਤ ਭਾਸ਼ਾ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਹਰ ਪੰਜਾਬੀ ਨੂੰ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ। ਵਿਸ਼ੇਸ਼ ਕਰਕੇ ਅਧਿਆਪਕਾਂ ਅਤੇ ਸਕੂਲ ਮੁਖੀਆਂ ਨੂੰ ਵਿਦਿਆਰਥੀਆਂ ਹੱਥ ਉਮਰ ਗੁੱਟ ਅਨੁਸਾਰ ਰੌਚਕ ਪੁਸਤਕਾਂ ਅਤੇ ਬਾਲ ਰਸਾਲੇ ਦੇਣੇ ਚਾਹੀਦੇ ਹਨ। ਜਦੋਂ ਬਾਲ ਵਿਦਿਆਰਥੀਆਂ ਵਿੱਚ ਸਾਹਿਤ ਪ੍ਰਤੀ ਰੁਚੀ ਪੈਦਾ ਹੋ ਗਈ ਫਿਰ ਆਪਣੇ ਆਪ ਲਾਇਬਰੇਰੀ ਕਲਚਰ ਪੈਦਾ ਹੋਣ ਲੱਗੇਗਾ।

ਸਭ ਦਾ ਸਵਾਗਤ ਕਰਦਿਆਂ ਪ੍ਰੋ। ਬੀ ਐਸ ਬੱਲੀ ਨੇ ਕਿਹਾ ਕਿ ਬੋਦਲ ਪਿੰਡ ਪੰਜਾਬੀ ਭਾਸ਼ਾ, ਸੱਭਿਆਚਾਰ ਅਤੇ ਦੇਸ਼ ਕੌਮ ਦੇ ਨਿਰਮਾਤਾ ਡਾਕਟਰ ਐਮ ਐਸ ਰੰਧਾਵਾ ਦਾ ਜਨਮ ਸਥਾਨ ਹੈ ਅਤੇ ਇਸ ਪਿੰਡ ਨੇ ਭਾਈ ਗੁਲਬਾਗ ਸਿੰਘ ਅਤੇ ਦਿਲਬਾਗ ਸਿੰਘ ਵਰਗੇ ਰਾਗੀ ਅਤੇ ਚਰਨ ਸਿੰਘ ਸਫ਼ਰੀ ਵਰਗੇ ਗੀਤਕਾਰ ਪੈਦਾ ਕੀਤੇ ਹਨ। ਪ੍ਰਧਾਨਗੀ ਮੰਡਲ ਵਿੱਚ ਸ਼ਾਮਿਲ ਪ੍ਰਿੰ। ਨਵਤੇਜ ਗੜ੍ਹਦੀਵਾਲਾ, ਸੁਰਿੰਦਰ ਪਾਲ, ਸ਼੍ਰੋਮਣੀ ਸਾਹਿਤਕਾਰ ਬਲਜਿੰਦਰ ਮਾਨ, ਡਾ. ਅਰਮਨਪ੍ਰੀਤ ਸਿੰਘ, ਪ੍ਰੋਫੈਸਰ ਕੇਵਲ ਕਲੋਟੀ ਅਤੇ ਮੈਡਮ ਨਿਰੰਜਨ ਕੌਰ ਨੇ ਸਭ ਨੂੰ ਪੁਸਤਕਾਂ ਨਾਲ ਪ੍ਰੇਮ ਪਾਉਣ ਦਾ ਸੁਨੇਹਾ ਦਿੱਤਾ। ਇਸ ਮੌਕੇ ਇਲਾਕੇ ਦੇ ਦੇਸ਼ ਭਗਤ ਪਰਿਵਾਰਾਂ ਦੇ ਮੈਂਬਰਾਂ ਅਤੇ ਸਾਹਿਤਕਾਰਾਂ ਦੇ ਪਰਿਵਾਰਕ ਮੈਂਬਰ ਗੁਰਪ੍ਰੀਤ ਸਿੰਘ ਸਫ਼ਰੀ ਨੂੰ ਸਨਮਾਨਿਤ ਕੀਤਾ ਗਿਆ।

ਦੂਰ ਨੇੜੇ ਦੇ ਸਕੂਲੀ ਵਿਦਿਆਰਥੀਆਂ ਅਮਨਜੋਤ ਸਿੰਘ, ਜੈਸਮੀਨ, ਅਮਨਜੋਤ ਕੌਰ, ਨਿਵਾਰਨ ਸਿੰਘ, ਪ੍ਰਭਜੋਤ ਕੌਰ, ਅਵਨੀਤ ਕੌਰ, ਹਰਨੂਰ ਕੌਰ, ਅਨੰਤਪ੍ਰੀਤ ਕੌਰ ਆਦਿ ਨੇ ਆਪਣੀਆਂ ਕਵਿਤਾਵਾਂ ਅਤੇ ਭਾਸ਼ਣ ਰਾਹੀਂ ਦਰਸ਼ਕਾਂ ਨੂੰ ਸੋਚਣ ਲਈ ਮਜ਼ਬੂਰ ਕੀਤਾ। ਇਹਨਾਂ ਵਿਦਿਆਰਥੀਆਂ ਨੂੰ ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਮਾਹਿਲਪੁਰ ਵੱਲੋਂ ਪੁਸਤਕਾਂ ਦੇ ਸੈੱਟ ਸਨਮਾਨ ਵਜੋਂ ਦਿੱਤੇ ਗਏ।

ਨਿੱਕੀਆਂ ਕਰੂੰਬਲਾਂ ਰਸਾਲੇ ਦੇ ਸੰਪਾਦਕ ਬਲਜਿੰਦਰ ਮਾਨ ਨੇ ਕਿਹਾ ਕਿ ਜਦੋਂ ਤੱਕ ਅਸੀਂ ਬੱਚਿਆਂ ਨੂੰ ਆਪਣੀ ਮਾਤ ਭਾਸ਼ਾ ਰਾਹੀਂ ਨਰੋਏ ਅਤੇ ਰੌਚਕ ਸਾਹਿਤ ਨਾਲ ਨਹੀਂ ਜੋੜਦੇ ਉਦੋਂ ਤੱਕ ਪੰਜਾਬੀ ਭਾਸ਼ਾ ਦਾ ਪ੍ਰਚਾਰ ਅਤੇ ਪ੍ਰਸਾਰ ਨਹੀਂ ਹੋ ਸਕਦਾ। ਇਸ ਸਮਾਗਮ ਵਿੱਚ ਸਾਹਿਤਕਾਰ ਜੀਵਨ ਚੰਦੇਲੀ , ਸਮਰਜੀਤ ਸਿੰਘ ਸ਼ੰਮੀ, ਗੀਤਕਾਰ ਸੁਖਜੀਤ ਝਾਂਸਾਵਾਲਾ ਸਮੇਤ ਇਲਾਕੇ ਦੇ ਪੰਚ, ਸਰਪੰਚ ਵਿਦਿਆਰਥੀ, ਅਧਿਆਪਕ ਅਤੇ ਸਾਹਿਤ ਪ੍ਰੇਮੀ ਸ਼ਾਮਿਲ ਹੋਏ।

### ਸ਼ਹੀਦੀ ਦਿਵਸ 'ਤੇ ਵਿਸ਼ੇਸ਼

# ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ



ਸਿੱਖਾਂ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ 15 ਅਪ੍ਰੈਲ 1563 ਈ: ਨੂੰ ਚੌਥੇ ਗੁਰੂ ਸ੍ਰੀ ਗਰੂ ਸ੍ਰੀ ਰਾਮਦਾਸ ਜੀ ਦੇ ਗ੍ਰਹਿ ਗੋਇੰਦਵਾਲ ਸਾਹਿਬ ਵਿਖੇ ਅਵਤਾਰ ਧਾਰਿਆ। ਆਪ ਜੀ ਦੀ ਮਾਤਾ ਦਾ ਨਾਂ ਬੀਬੀ ਭਾਨੀ ਸੀ। ਇਹ ਸਥਾਨ ਬਿਆਸ ਦਰਿਆ ਦੇ ਕੰਢੇ ਹੈ। ਆਪ ਦੇ ਵੱਡੇ ਭਰਾ ਸ੍ਰੀ ਪ੍ਰਿਥੀ ਚੰਦ ਤੇ ਸ੍ਰੀ ਮਹਾਂਦੇਵ ਸਨ। ਆਪ ਬਹੁਤ ਹੀ ਸੂਝਵਾਨ ਸਨ, ਇਹੋ ਕਾਰਨ ਸੀ ਕਿ ਸ੍ਰੀ ਗੁਰੂ ਰਾਮਦਾਸ ਜੀ ਨੇ ਆਪ ਨੂੰ ਗੁਰਗੱਦੀ ਸੌਂਪੀ।

ਗੁਰਗੱਦੀ ਧਾਰਨ ਤੋਂ ਪਹਿਲਾਂ ਆਪ ਬਤੌਰ ਇੱਕ ਸਫ਼ਓਮਪ;ਲ ਪ੍ਰਚਾਰਕ ਦਾ ਕੰਮ ਕਰ ਚੁੱਕੇ ਸਨ। ਭਾਵੇਂ ਸ੍ਰੀ ਗੁਰੂ ਰਾਮਦਾਸ ਜੀ ਆਪਣੇ ਜਨਮ ਅਸਥਾਨ ਲਾਹੌਰ ਵਿਖੇ ਬਹੁਤਾ ਸਮਾਂ ਨਾ ਰਹਿ ਸਕੇ ਪਰ ਉਨ੍ਹਾਂ ਨੇ ਆਪ ਨੂੰ ਇੱਥੇ ਪ੍ਰਚਾਰ ਕਰਨ ਲਈ ਭੇਜਿਆ। ਲਾਹੌਰ ਉਸ ਸਮੇਂ ਸੂਬਾਈ ਰਾਜਧਾਨੀ ਹੋਣ ਕਰਕੇ ਬਹੁਤ ਪ੍ਰਸਿੱਧੀ ਵਾਲਾ ਸ਼ਹਿਰ ਸੀ। ਇੱਥੇ ਹੀ ਆਪ ਜੀ ਨੇ ਸ਼ਬਦ ਹਜ਼ਾਰੇ ਆਪਣੇ ਪਿਤਾ ਜੀ ਨੂੰ ਚਿੱਠੀਆਂ ਦੇ ਰੂਪ ਵਿਚ ਭੇਜੇ ਜੋ ਕਿ ਇਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਹਨ। ਆਪ ਨੇ ਦਸਵੰਧ ਦੀ ਪ੍ਰਥਾ ਸ਼ੁਰੂ ਕੀਤੀ। ਮਸੰਦਾਂ ਨੂੰ ਇਹ ਕੰਮ ਸੌਂਪਿਆ ਗਿਆ ਕਿ ਉਹ ਸੰਗਤਾਂ ਪਾਸ ਦਸਵੰਧ ਉਗਰਾਹ ਕੇ ਆਪ ਪਾਸ ਜਮਾਂ ਕਰਾਉਣ ਤਾਂ ਜੋ ਲੰਗਰ ਅਤੇ ਇਮਾਰਤਾਂ ਦੀ ਉਸਾਰੀ ਦਾ ਕੰਮ ਨਿਰਵਿਘਨ ਚੱਲਦਾ ਰਹੇ। ਆਦਿ ਗ੍ਰੰਥ ਜਿਸ ਨੂੰ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਦੀ ਸੰਪਾਦਨਾ ਆਪ ਜੀ ਦੀ ਇੱਕ ਮਹਾਨ ਦੇਣ ਹੈ। ਭਾਈ ਗੁਰਦਾਸ ਜੀ ਦੀ ਸਹਾਇਤਾ ਨਾਲ ਆਪ ਨੇ ਇਹ ਕੰਮ 1604 ਈ: ਵਿੱਚ ਮੁਕੰਮਲ ਕਰਕੇ ਇਸ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਕੀਤਾ। ਇਹ ਇੱਕ ਐਸਾ ਗ੍ਰੰਥ ਹੈ, ਜੋ ਕਿ ਸਭ ਧਰਮਾਂ ਦਾ ਸਾਂਝਾ ਹੈ। ਇਸ ਵਿੱਚ ਗੁਰੂ ਸਾਹਿਬਾਨ ਤੋਂ ਇਲਾਵਾ ਹਿੰਦੂ ਅਤੇ ਮੁਸਲਮਾਨ ਵਿਦਵਾਨਾਂ ਦੀ ਬਾਣੀ ਦਰਜ਼ ਹੈ। ਇਸ ਦਾ ਉਦੇਸ਼ ਚੌਂਹ ਵਰਣਾਂ ਲਈ ਸਾਂਝਾ ਹੈ।



ਡਾ. ਚਰਨਜੀਤ ਸਿੰਘ ਗੁਮਟਾਲਾ
0019375739812

ਬਾਣੀ ਰਾਗਾਂ ਵਿੱਚ ਹੈ। ਕੁਲ 30 ਰਾਗ ਹਨ। ਆਰੰਭ ਵਿੱਚ ਮੂਲ ਮੰਤਰ ਤੋਂ ਬਾਅਦ ਜਪੁਜੀ ਸਾਹਿਬ ਹੈ। ਹਰ ਰਾਗ ਵਿੱਚ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ ਤੇ ਫਿਰ ਸ੍ਰੀ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਨੇ ਨੌਵੀਂ ਪਾਤਸ਼ਹੀ ਦੀ ਬਾਣੀ ਬਾਦ ਵਿਚ ਦਰਜ ਕੀਤੀ। ਗੁਰੂਆਂ ਦੇ ਬਾਦ ਭਗਤਾਂ ਦੀ ਬਾਣੀ ਹੈ ਜੋ ਕਿ ਸਮੇਂ ਅਨੁਸਾਰ ਦਰਜ਼ ਹੈ। ਜਿਨ੍ਹਾਂ ਭਗਤਾਂ ਦੀ ਬਾਣੀ ਦਰਜ ਕੀਤੀ ਗਈ ਹੈ, ਉਨ੍ਹਾਂ ਵਿੱਚ ਫ਼ਰੀਦ ਜੀ, ਕਬੀਰ ਜੀ, ਨਾਮਦੇਵ ਜੀ, ਰਵਿਦਾਸ ਜੀ, ਰਾਮਾਨੰਦ ਜੀ, ਜੈਦੇਵ ਜੀ, ਤ੍ਰਿਲੋਚਨ ਜੀ, ਧੰਨਾ ਜੀ, ਸੈਣ ਜੀ, ਪੀਪਾ ਜੀ, ਭੀਖਣ ਜੀ, ਸਧਨਾ ਜੀ, ਪਰਮਾਨੰਦ ਜੀ, ਸੂਰਦਾਸ ਜੀ, ਬੈਣੀ ਜੀ ਸ਼ਾਮਿਲ ਹਨ। ਭਾਈ ਮਰਦਾਨਾ ਦੇ 3 ਸਲੋਕ ਦਿੱਤੇ ਗਏ ਹਨ।

ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਸ਼ੁਰੂ ਕੀਤੇ ਕੰਮਾਂ ਨੂੰ ਪੂਰਾ ਕਰਨ ਵੱਲ ਆਪ ਨੇ ਧਿਆਨ ਦਿੱਤਾ। ਅੰਮ੍ਰਿਤਸਰ ਦੇ ਸਰੋਵਰ ਨੂੰ ਪੱਕਾ ਕਰਵਾਇਆ। ਇਸ ਦੇ ਵਿਚਕਾਰ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾਈ, ਜਿਸ ਦੀ ਨੀਂਹ ਮੁਸਲਮਾਨ ਸੂਫ਼ੀ ਫ਼ਕੀਰ ਸਾਈਂ ਮੀਆਂ ਮੀਰ ਪਾਸੋਂ ਰਖਵਾਈ, ਜਿਨ੍ਹਾਂ ਦਾ ਗੁਰੂ ਘਰ ਨਾਲ ਮੇਲ ਮਿਲਾਪ ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਤੋਂ ਸੀ। ਇਹ ਸਥਾਨ ਸਿੱਖ ਕੌਮ ਲਈ ਇੱਕ ਅਜੂਬਾ ਬਣ ਗਿਆ। ਇਹ ਪਹਿਲਾ ਗੁਰਦੁਆਰਾ ਸੀ ਜਿਸ ਦੀ ਉਸਾਰੀ ਗੁਰੂ ਸਾਹਿਬ ਦੀ ਦੇਖ ਰੇਖ ਵਿੱਚ ਹੋਈ। ਸ੍ਰੀ ਹਰਿਮੰਦਰ ਸਾਹਿਬ ਅੰਦਰ ਜਾਣ ਲਈ ਆਲੀਸ਼ਾਨ ਦਰਸ਼ਨੀ ਡਿਊਢੀ ਬਣਾਈ। ਸ੍ਰੀ ਦਰਬਾਰ ਸਾਹਿਬ ਅੰਦਰ ਗੁਰਬਾਣੀ ਦਾ ਮਨੋਹਰ ਕੀਰਤਨ ਹੁੰਦਾ ਹੈ, ਜਿਸ ਦਾ ਦੁਨੀਆਂ ਭਰ ਦੇ ਸ਼ਰਧਾਲੀ ਆਨੰਦ ਮਾਣ ਰਹੇ ਹਨ।

ਗੁਰੂ ਸਾਹਿਬ ਨੇ ਅੰਮ੍ਰਿਤਸਰ ਤੋਂ 25 ਕਿਲੋਮੀਟਰ ਦੂਰ 1590 ਈ. ਵਿੱਚ ਤਰਨਤਾਰਨ ਦਾ ਗੁਰਦੁਆਰਾ ਉਸਾਰਿਆ। ਇਸ ਵਿੱਚ ਗੁਰਦੁਆਰੇ ਦੀ ਇਮਾਰਤ ਸਰੋਵਰ ਦੇ ਇੱਕ ਪਾਸੇ ਹੈ। ਇਹ ਤਰਨਤਾਰਨ ਦੇ ਆਲੇ-ਦੁਆਲੇ ਦੀਆਂ ਸੰਗਤਾਂ ਲਈ ਇਹ ਕੇਂਦਰ ਬਣ ਗਿਆ। ਜਦ ਆਪ ਬਿਆਸ ਦਰਿਆ ਪਾਰ ਕਰਕੇ ਦੁਆਬੇ ਗਏ ਤਾਂ ਆਪ ਨੇ ਇੱਕ ਨਵਾਂ ਕੇਂਦਰ ਕਰਤਾਰਪੁਰ 1594 ਈ. ਦੇ ਆਸ ਪਾਸ ਵਸਾਇਆ ਤੇ ਗੁਰਦੁਆਰੇ ਦੀ ਸਥਾਪਨਾ ਕੀਤੀ।

ਗੁਰੂ ਜੀ ਵਡਾਲੀ ਵਿਖੇ ਕੁਝ ਜ਼ਮੀਨ ਲੈ ਕੇ ਆਪ ਨੇ ਖੇਤੀ ਕਰਵਾਈ। ਇੱਥੇ ਹੀ 1595 ਈ: ਵਿੱਚ ਗੁਰੂ ਹਰਗੋਬਿੰਦ ਜੀ ਦਾ ਜਨਮ ਹੋਇਆ। ਇਸ ਦੀ ਖੁਸ਼ੀ ਵਿੱਚ ਆਪ ਨੇ ਛੇ ਹਰਟਾਂ ਵਾਲਾ ਖੂਹ ਲਗਵਾਇਆ। ਅਜਿਹੇ ਖੂਹ ਵਿੱਚ ਪੰਜਾਬ ਵਿੱਚ ਕੇਵਲ ਬਾਦਸ਼ਾਹ ਹੀ ਲਵਾਉਂਦੇ ਸਨ ਤੇ ਉਹ ਵੀ ਇੱਕ ਹਰਟ ਜਾਂ ਦੋ ਹਰਟਾਂ ਵਾਲਾ। ਇੱਕ ਹਰਟ ਨੂੰ ਗੇੜਨ ਲਈ ਇੱਕ ਬਲਦਾਂ ਦੀ ਜੋੜੀ ਹੁੰਦੀ ਸੀ ਜਾਂ ਇੱਕ ਊਠ ਨਾਲ ਉਸ ਨੂੰ ਗੇੜਿਆ ਜਾਂਦਾ ਸੀ। ਅੱਜ ਕੱਲ੍ਹ ਇੱਥੇ ਗੁਰਦੁਆਰਾ ਛੇਹਰਟਾ ਸਾਹਿਬ ਸਥਿਤ ਹੈ। ਜ਼ਿਲ੍ਹਾ ਗੁਰਦਾਸਪੁਰ ਵਿੱਚ ਬਿਆਸ ਦਰਿਆ ਕੰਢੇ ਤਹਿਸੀਲ ਬਟਾਲਾ ਘੁਮਾਣ ਪਿੰਡ ਲਾਗੇ ਆਪਣੇ ਸਪੁੱਤਰ ਦੇ ਨਾਂ 'ਤੇ ਸ੍ਰੀ ਹਰਿਗੋਬਿੰਦਪੁਰ ਵਸਾਇਆ। ਇਸ ਲਈ ਇੱਕ ਮੁਰੱਬਾ ਜ਼ਮੀਨ ਖ਼੍ਰੀਦੀ।ਲਾਹੌਰ ਵਿੱਚ ਆਪ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਜਨਮ ਅਸਥਾਨ 'ਤੇ ਸੰਗਤਾਂ ਦੀ ਸਹੂਲਤ ਲਈ ਬਾਉਲੀ ਲਗਵਾਈ। ਆਪ ਨੇ ਸਿੱਖਾਂ ਨੂੰ ਘੋੜਿਆਂ ਦਾ ਵਪਾਰ ਕਰਨ ਲਈ ਅਰਬ ਮੁਲਕਾਂ ਵਿੱਚ ਭੇਜਿਆ ਜਿਸ ਤੋਂ ਆਪ ਦੀ ਦੀਰਘ ਦ੍ਰਿਸ਼ਟੀ ਦਾ ਪਤਾ ਚੱਲਦਾ ਹੈ। ਆਪ ਵੱਲੋਂ ਬਾਦਸ਼ਾਹ ਅਕਬਰ ਪਾਸੋਂ ਕਿਸਾਨਾਂ ਦੇ ਲਗਾਨ ਮੁਆਫ਼ ਕਰਾਉਣ ਦਾ ਹਵਾਲਾ ਸਮਕਾਲੀ ਲੇਖਕ ਸੁਜਾਨ ਰਾਏ ਭੰਡਾਰੀ ਦੀ ਲਿਖਤ ਤੋਂ ਮਿਲਦਾ ਹੈ ਕਿ ਜਦ ਅਕਬਰ ਲਾਹੌਰ ਤੋਂ ਦੱਖਣ ਬਟਾਲੇ ਗਏ ਜਿੱਥੇ ਕਿ ਮੁਸਲਮਾਨ ਫ਼ਕੀਰ ਤੇ ਹਿੰਦੂ ਸਨਿਆਸੀ ਦੀ ਲੜਾਈ ਕਰਕੇ ਮੰਦਰ ਢਾਹ ਦਿੱਤਾ ਗਿਆ। ਅਕਬਰ ਨੇ ਇਹ ਮੰਦਰ ਦੁਬਾਰਾ ਬਣਵਾਇਆ ਤੇ ਵਧੀਕੀ ਕਰਨ ਵਾਲਿਆਂ ਵਿੱਚੋਂ ਕਈ ਕੈਦ ਕਰ ਦਿੱਤੇ। ਫਿਰ ਅਕਬਰ ਗੁਰੂ ਅਰਜਨ ਦੇਵ ਜੀ ਦੇ ਸਥਾਨ ਪੁੱਜਾ ਤੇ ਗੁਰੂ ਨਾਨਕ ਜੀ ਦੀ ਬਾਣੀ ਸੁਣ ਕੇ ਬਹੁਤ ਪ੍ਰਸੰਨ ਹੋਇਆ। ਉਨ੍ਹਾਂ ਨੇ ਗੁਰੂ ਜੀ ਦੇ ਕਹਿਣ 'ਤੇ ਲਗਾਨ ਦਾ ਛੇਵਾਂ ਭਾਗ ਮੁਆਫ਼ ਕਰ ਦਿੱਤਾ ਕਿਉਂਕਿ ਅਨਾਜ ਸਸਤਾ ਹੋਣ ਕਰਕੇ ਕਿਸਾਨ ਏਨਾਂ ਲਗਾਨ ਨਹੀਂ ਦੇ ਸਕਦੇ ਸਨ।

ਆਪ ਨੇ ਗੁਰੂ ਨਾਨਕ ਰਾਹੀਂ ਸਥਾਪਤ ਕੀਤੇ ਗਏ ਸਿਧਾਂਤਾਂ ਨੂੰ ਸਿੱਖਾਂ ਦੇ ਮਨ ਵਿੱਚ ਵਸਾਇਆ। ਆਪ ਜੀ ਗੁਰਿਆਈ ਸਮੇਂ ਸਿੱਖ ਧਰਮ ਨੇ ਬਹੁਤ ਤਰੱਕੀ ਕੀਤੀ। ਮਾਲਵੇ ਦੇ ਜੰਗਜੂ ਜੱਟ ਕਬੀਲਿਆਂ ਨੂੰ ਆਪ ਨੇ ਸਿੱਖ ਧਰਮ ਦੀ ਮੁੱਖ ਧਾਰਾ ਵਿੱਚ ਲਿਆਂਦਾ ਤੇ ਸਿੱਖਾਂ ਨੂੰ ਸਰਬਪੱਖੀ ਵਿਕਾਸ ਦੇ ਰਾਹ 'ਤੇ ਤੋਰਿਆ। ਜਿੱਥੋਂ ਤੀਕ ਗੁਰੂ ਜੀ ਦੀ ਸ਼ਹਾਦਤ ਦਾ ਸੰਬੰਧ ਹੈ, ਉਸ ਬਾਰੇ ਵੱਖ-ਵੱਖ ਰਾਵਾਂ ਹਨ। ਸ਼ਾਂਤੀ ਦੇ ਪੁੰਜ ਤੇ ਸਬਰ ਸੰਤੋਖ ਵਾਲੀ ਸ਼ਖਸੀਅਤ ਦੇ ਮਾਲਕ ਗੁਰੂ ਜੀ ਦਾ ਅੰਤ ਬਹੁਤ ਦੁਖਾਂਤਿਕ ਸੀ। ਬਾਦਸ਼ਾਹ ਜਹਾਂਗੀਰ ਦੀ ਆਪਣੀ ਲਿਖਤ ਜੋ ਕਿ ਤੁਜ਼ਕੇ ਜਹਾਂਗੀਰੀ ਵਿੱਚ ਦਰਜ਼ ਹੈ, ਗੋਇੰਦਵਾਲ ਵਿਖੇ ਜਿਹੜਾ ਕਿ ਦਰਿਆ ਬਿਆਸ ਦੇ ਕਿਨਾਰੇ ਸਥਿਤ ਹੈ ਪੀਰ ਅਤੇ ਸ਼ੇਖ ਦੇ ਬੁਰਕੇ ਵਿੱਚ ਇੱਕ ਅਰਜਨ ਨਾਂ ਦਾ ਹਿੰਦੂ ਰਹਿੰਦਾ ਹੈ। ਉਸ ਨੇ ਆਪਣੇ ਤੌਰ ਤਰੀਕਿਆਂ ਰਾਹੀਂ ਆਪਣੇ ਬਾਰੇ ਧਾਰਮਿਕ ਅਤੇ ਸੰਸਾਰਿਕ ਨੇਤਾ ਦਾ ਐਸਾ ਰੌਲਾ ਪੁਆ ਰੱਖਿਆ ਹੈ ਕਿ ਸਿੱਧੇ ਸਾਦੇ ਦਿਲ ਵਾਲੇ ਹਿੰਦੂ ਇੱਥੋਂ ਤੀਕ ਕਿ ਮੂਰਖ ਅਤੇ ਬੁੱਧੂ ਕਿਸਮ ਦੇ ਮੁਸਲਮਾਨਾਂ ਨੂੰ ਆਪਣੇ ਵੱਲ ਖਿੱਚ ਰੱਖਿਆ ਹੈ। ਉਹ ਉਸ ਨੂੰ ਗੁਰੂ ਕਹਿੰਦੇ ਹਨ। ਸਾਰੀਆਂ ਦਿਸ਼ਾਵਾਂ ਤੋਂ ਮੂਰਖ ਅਤੇ ਮੂਰਖਾਂ ਦੀ ਪੂਜਾ ਕਰਨ ਵਾਲੇ ਲੋਕ ਉਸ ਵੱਲ ਖਿੱਚੇ ਆਉਂਦੇ ਹਨ ਅਤੇ ਉਸ ਵਿੱਚ ਪੂਰਾ ਵਿਸ਼ਵਾਸ ਪ੍ਰਗਟ ਕਰਦੇ ਹਨ। ਤਿੰਨ ਜਾਂ ਚਾਰ ਪੀੜ੍ਹੀਆਂ ਤੋਂ ਇਹ ਦੁਕਾਨ ਗਰਮ ਚੱਲੀ ਆ ਰਹੀ ਹੈ। ਕੁਝ ਸਾਲਾਂ ਤੋਂ ਇਹ ਵਿਚਾਰ ਮੇਰੇ ਮਨ ਵਿੱਚ ਚੱਲਦਾ ਆ ਰਿਹਾ ਹੈ ਕਿ ਜਾਂ ਤਾਂ ਇਸ ਝੂਠੀ ਦੁਕਾਨ ਨੂੰ ਬੰਦ ਕਰ ਦੇਣਾ ਚਾਹੀਦਾ ਹੈ ਜਾਂ ਫਿਰ ਉਸ ਨੂੰ ਇਸਲਾਮ ਦੇ ਦਾਇਰੇ ਵਿੱਚ ਲੈ ਆਉਣਾ ਚਾਹੀਦਾ ਹੈ।"

ਜਦ ਗੁਰੂ ਜੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਤਾਂ ਹਿੰਦੂਆਂ ਨੇ ਬਾਦਸ਼ਾਹ ਨੂੰ ਛੱਡਣ ਲਈ ਅਪੀਲ ਕੀਤੀ। ਅਖ਼ੀਰ ਵਿੱਚ ਇਹ ਤਹਿ ਹੋਇਆ ਕਿ ਉਸ ਨੂੰ ਇੱਕ ਲੱਖ ਰੁਪਏ ਜੁਰਮਾਨੇ ਦੇ ਤੌਰ 'ਤੇ ਅਦਾ ਕਰਨੇ ਚਾਹੀਦੇ ਹਨ। ਇਹ ਕੰਮ ਇੱਕ ਅਮੀਰ ਹਿੰਦੂ ਵੱਲੋਂ ਜਮਾਨਤ ਦੇਣ ਪਿੱਛੋਂ ਕੀਤਾ ਗਿਆ। ਇਸ ਅਮੀਰ ਹਿੰਦੂ ਨਹੀਂ ਸੀ ਪਤਾ ਕਿ ਗੁਰੂ ਜੀ ਪਾਸ ਏਨੀ ਵੱਡੀ ਰਕਮ ਨਹੀਂ ਹੋ ਸਕਦੀ। ਇਸ ਅਮੀਰ ਹਿੰਦੂ ਦਾ ਨਾਂ ਚੰਦੂ ਸੀ। ਚੰਦੂ ਨੇ ਗੁਰੂ ਜੀ ਨੂੰ ਇਹ ਰਕਮ ਪ੍ਰਾਪਤ ਕਰਨ ਲਈ ਕਈ ਤਰ੍ਹਾਂ ਦੇ ਤਸੀਹੇ ਦਿੱਤੇ ਪਰ ਗੁਰੂ ਜੀ ਜੁਰਮਾਨਾ ਦੇਣਾ ਨਾ ਮੰਨੇ। ਗੁਰੂ ਜੀ ਨੂੰ ਕੜਕਦੀ ਧੁੱਪ ਵਿੱਚ ਕਿੱਲ੍ਹੇ ਦੇ ਇੱਕ ਬੁਰਜ਼ ਦੀ ਛੱਤ ਉੱਪਰ ਬਿਠਾਇਆ ਗਿਆ। ਉਨ੍ਹਾਂ ਦੇ ਹੇਠਾਂ ਅੱਗ ਵਾਂਗ ਤੱਪਦੀ ਤੱਤੀ ਰੇਤ ਰੱਖੀ ਗਈ। ਇਹ ਰੇਤ ਉਨ੍ਹਾਂ ਦੇ ਸਰੀਰ ਉੱਪਰ ਵੀ ਪਾਈ ਗਈ।

ਇਸ ਤਰ੍ਹਾਂ ਉਨ੍ਹਾਂ ਦਾ ਸਰੀਰ ਛਾਲਿਆਂ ਨਾਲ ਭਰ ਗਿਆ। ਉਨ੍ਹਾਂ ਨੂੰ ਹੋਰ ਤੜਪਾਉਣ ਲਈ ਉਨ੍ਹਾਂ ਨੂੰ ਦਰਿਆ ਦੇ ਪਾਣੀ ਵਿੱਚ ਲਮਕਾਇਆ ਜਾਂਦਾ ਸੀ। ਰਾਵੀ ਦਰਿਆ ਉਸ ਸਮੇਂ ਲਾਹੌਰ ਕਿੱਲ੍ਹੇ ਦੀ ਕੰਧ ਨਾਲ ਹੀ ਵੱਗਦਾ ਸੀ, ਇੰਜ ਕਰਨ ਨਾਲ ਗੁਰੂ ਜੀ 30 ਮਈ 1606 ਈ: ਨੂੰ ਸ਼ਹੀਦ ਹੋ ਗਏ।

ਸਿੱਖ ਇਤਿਹਾਸ ਵਿਚ ਇਹ ਪਹਿਲੀ ਸ਼ਹਾਦਤ ਸੀ। ਇਸ ਪਿੱਛੋਂ ਸਿੱਖਾਂ ਦੀਆਂ ਸ਼ਹਾਦਤਾਂ ਦੀ ਝੜੀ ਲੱਗ ਗਈ। ਸ੍ਰੀ ਹਰਿਗੋਬਿੰਦ ਸਾਹਿਬ ਨੇ ਸਿੱਖਾਂ ਨੂੰ ਹਥਿਆਰਬੰਦ ਕਰਕੇ ਮੁਗ਼ਲਾਂ ਨਾਲ ਟੱਕਰ ਲੈਣੀ ਸ਼ੁਰੂ ਕੀਤੀ।ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਉਪਰੰਤ ਖ਼ਾਲਸਾ ਪੰਥ ਦੀ ਸਾਜਨਾ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਮੁਗ਼ਲ ਹਕੂਮਤ ਵਿਰੁਧ ਲੜਾਈਆਂ ਲੜੀਆਂ। ਸ.ਬੰਦਾ ਸਿੰਘ ਬਹਾਦਰ ਨੇ ਇਸ ਸਘੰਰਸ਼ ਨੂੰ ਹੋਰ ਪ੍ਰਚੰਡ ਕੀਤਾ ਤੇ ਕਈ ਇਲਾਕੇ ਆਪਣੇ ਕਬਲੇ ਵਿਚ ਲਏ। ਸ. ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਦ ਸਿੱਖ ਮਿਸਲਾਂ ਦਾ ਰਾਜ ਕਾਇਮ ਹੋਇਆ। ਉਪਰੰਤ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕਾਇਮ ਹੋਇਆ, ਜਿਸ ਨੇ ਦੁਨੀਆ ਦਾ ਨਕਸ਼ਾ ਬਦਲ ਦਿੱਤਾ।ਇਸ ਤਰ੍ਹਾਂ ਦੁਨੀਆਂ ਦੇ ਇਤਿਹਾਸ ਵਿਚ ਇਹ ਸ਼ਹਾਦਤ ਵਿਸ਼ੇਸ਼ ਸਥਾਨ ਰਖਦੀ ਹੈ।

* ਵਿਸਥਾਰ ਲਈ ਵੇਖੋ ਸ੍ਰੀ ਗੁਰੂ ਅਰਜਨ ਦੇਵ ਵਿਸ਼ੇਸ਼ ਅੰਕ (ਸੰਪਾ: ਸਰਬਜਿੰਦਰ ਸਿੰਘ), ਨਾਨਕ ਪ੍ਰਕਾਸ਼ ਪੱਤ੍ਰਿਕਾ ਜੂਨ 2006 ਅੰਕ ਪਹਿਲਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ 2006

# ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਬਾਰੇ ਵਿਭਿੰਨ ਵਿਦਵਾਨਾਂ ਦੇ ਵਿਚਾਰ

**ਡਾ. ਚਰਨਜੀਤ ਸਿੰਘ ਗੁਮਟਾਲਾ**

ਸ੍ਰੀ ਗੁਰੂ ਅਰਜਨ ਦੇਵ ਜੀ ਸ਼ਹਾਦਤ ਬਾਰੇ ਵਿਭਿੰਨ ਵਿਦਵਾਨਾਂ ਦੇ ਕੀ ਵਿਚਾਰ ਹਨ , ਇਸ ਬਾਰੇ ਡਾ. ਸੁਖਦਿਆਲ ਸਿੰਘ ਨੇ ਬੜੇ ਵਿਸਥਾਰ ਨਾਲ ਚਰਚਾ ਕੀਤੀ ਹੈ। ਉਨ੍ਹਾਂ ਅਨੁਸਾਰ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨਾਲ ਸੰਬੰਧਤ ਸਾਡੇ ਪਾਸ ਦੋ ਸਮਕਾਲੀ ਗਵਾਹੀਆਂ ਹਨ। ਇਨ੍ਹਾਂ ਦੋਵੇਂ ਸਮਕਾਲੀ ਗਵਾਹੀਆਂ ਨਾਲ ਗੁਰੂ ਜੀ ਨੂੰ ਸ਼ਹੀਦ ਕੀਤੇ ਜਾਣ ਦੀ ਗੱਲ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਂਦੀ ਹੈ। ਪਹਿਲੀ ਗਵਾਹੀ ਬਾਦਸ਼ਾਹ ਜਹਾਂਗੀਰ ਦੀ ਆਪਣੀ ਲਿਖਤ ਹੈ ਜੋ ਤੁਜ਼ਕੇ ਜਹਾਂਗੀਰੀ ਵਿੱਚ ਦਰਜ ਹੈ। ਇਹ ਭਾਵੇਂ ਜਹਾਂਗੀਰ ਦੀ ਆਪਣੀ ਲਿਖਤ ਹੈ ਤੇ ਭਾਵੇਂ ਉਸ ਦੇ ਕਿਸੇ ਦਰਬਾਰੀ ਦੀ ਪਰ ਇਹ ਜੋ ਕੁਝ ਵੀ ਹੈ ਸਾਡੇ ਲਈ ਇੱਕ ਸਮਕਾਲੀ ਗਵਾਹੀ ਦਾ ਦਰਜਾ ਰੱਖਦੀ ਹੈ। ਦੂਜੀ ਲਿਖਤ ਫਾਦਰ ਜੈਰੋਮ ਜ਼ੇਵੀਅਰ ਦਾ 25 ਸਤੰਬਰ, 1606 ਈ. ਦਾ ਲਿਖਿਆ ਹੋਇਆ ਉਹ ਖ਼ਤ ਹੈ ਜਿਹੜਾ ਉਸ ਨੇ ਬਾਦਸ਼ਾਹ ਜਹਾਂਗੀਰ ਦੇ ਦਰਬਾਰ ਵਿੱਚੋਂ ਗੋਆ ਦੇ ਕਿਸੇ ਅਧਿਕਾਰੀ ਨੂੰ ਲਿਖਿਆ ਸੀ। ਇਸ ਵਿੱਚ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਬਾਰੇ ਅੱਖੀਂ ਦੇਖੇ ਅਤੇ ਕੰਨੀਂ ਸੁਣੇ ਹਾਲਾਤ ਹਨ। ਇਨ੍ਹਾਂ ਦੋਵਾਂ ਸਮਕਾਲੀ ਦਸਤਾਵੇਜ਼ਾਂ ਤੋਂ ਇਲਾਵਾ ਇੱਕ ਹੋਰ ਲਿਖਤ ਜ਼ੁਲਿਫਕਾਰ ਅਰਧਿਸਤਾਨੀ ਮੋਬੀਦ (ਮੋਹਿਸਨ ਫਾਨੀ) ਦੀ ਹੈ ਜਿਸ ਵਿੱਚ ਭਾਵੇਂ ਵੇਰਵਾ ਬਹੁਤ ਸੰਖੇਪ ਹੈ ਪਰ ਹੈ ਇਹ ਵੀ ਬਹੁਤ ਸਹਾਇਕ। ਇਹ ਲੇਖਕ ਗੁਰੂ ਹਰਿਗੋਬਿੰਦ ਸਾਹਿਬ ਦਾ ਸਮਕਾਲੀ ਸੀ। ਇਸ ਗਵਾਹੀ ਤੋਂ ਉਪਰਲੀਆਂ ਦੋਵੇਂ ਗਵਾਹੀਆਂ ਦੀ ਪ੍ਰੋੜਤਾ ਕੀਤੇ ਜਾਣ ਦੀ ਸਹਾਇਤਾ ਲਈ ਜਾ ਸਕਦੀ ਹੈ। ਪ੍ਰੋੜਤਾ ਕਰਨ ਲਈ ਹੀ ਗੁਰਮੁਖੀ ਦੀਆਂ ਕੁਝ ਮੁੱਢਲੀਆਂ ਲਿਖਤਾਂ ਹਨ ਜਿਨ੍ਹਾਂ ਤੋਂ ਕੁਝ ਸਾਵਧਾਨੀ ਨਾਲ ਇਸ ਵਿਸ਼ੇ ਸੰਬੰਧੀ ਮਦਦ ਲਈ ਜਾ ਸਕਦੀ ਹੈ।

ਜਹਾਂਗੀਰ ਦੀ ਲਿਖਤ ਇਸ ਪ੍ਰਕਾਰ ਹੈ:- "ਗੋਇੰਦਵਾਲ ਵਿਖੇ, ਜਿਹੜਾ ਕਿ ਦਰਿਆ ਬਿਆਸ ਦੇ ਕਿਨਾਰੇ ਉੱਪਰ ਸਥਿਤ ਹੈ, ਪੀਰ ਅਤੇ ਸ਼ੇਖ਼ ਦੇ ਬੁਰਕੇ ਵਿੱਚ ਇੱਕ ਅਰਜਨ ਨਾਂ ਦਾ ਹਿੰਦੂ ਰਹਿੰਦਾ ਹੈ। ਉਸ ਨੇ ਆਪਣੇ ਤੌਰ ਤਰੀ-ਕਿਆਂ ਰਾਹੀਂ ਆਪਣੇ ਬਾਰੇ ਧਾਰਮਿਕ ਅਤੇ ਸੰਸਾਰਕ ਨੇਤਾ ਦਾ ਐਸਾ ਰੌਲਾ ਪੁਆ ਰੱਖਿਆ ਹੈ ਕਿ ਕਈ ਸਿੱਧੇ-ਸਾਧੇ ਦਿਲ ਵਾਲੇ ਹਿੰਦੂ, ਇੱਥੋਂ ਤੱਕ ਕਿ ਮੂਰਖ ਅਤੇ ਬੁੱਧੂ ਕਿਸਮ ਦੇ ਮੁਸਲਮਾਨਾਂ ਨੂੰ ਵੀ ਆਪਣੀ ਵੱਲ ਖਿੱਚ ਰੱਖਿਆ ਹੈ। ਉਹ ਉਸ ਨੂੰ ਗੁਰੂ ਕਹਿੰਦੇ ਹਨ। ਸਾਰੀਆਂ ਦਿਸ਼ਾਵਾਂ ਤੋਂ ਮੂਰਖ ਅਤੇ ਮੂਰਖਾਂ ਦੀ ਪੂਜਾ ਕਰਨ ਵਾਲੇ ਲੋਕ ਉਸ ਵੱਲ ਖਿੱਚੇ ਆਉਂਦੇ ਹਨ ਅਤੇ ਉਸ ਵਿੱਚ ਪੂਰਾ ਵਿਸ਼ਵਾਸ ਪ੍ਰਗਟ ਕਰਦੇ ਹਨ। ਤਿੰਨ ਜਾਂ ਚਾਰ ਪੀੜੀਆਂ ਤੋਂ ਇਹ ਦੁਕਾਨ ਗਰਮ ਚੱਲੀ ਆ ਰਹੀ ਹੈ। ਕੁਝ ਸਾਲਾਂ ਤੋਂ ਇਹ ਵਿਚਾਰ ਮੇਰੇ ਮਨ ਵਿੱਚ ਚਲਦਾ ਆ ਰਿਹਾ ਹੈ ਕਿ ਜਾਂ ਤਾਂ ਮੈਨੂੰ ਇਸ ਝੂਠ ਦੀ ਦੁਕਾਨ ਨੂੰ ਬੰਦ ਕਰ ਦੇਣਾ ਚਾਹੀਦਾ ਹੈ ਜਾਂ ਫਿਰ ਉਸ ਨੂੰ ਇਸਲਾਮ ਦੇ ਦਾਇਰੇ ਵਿੱਚ ਲੈ ਆਉਣਾ ਚਾਹੀਦਾ ਹੈ।"

"ਆਖ਼ਰਕਾਰ ਜਦੋਂ ਖੁਸਰੋ ਇਸ ਰਸਤੇ ਰਾਹੀਂ ਲੰਘਿਆ ਸੀ ਤਾਂ ਇਸ ਨਾਚੀਜ਼ ਨੇ ਉਸ ਨੂੰ ਮਿਲਣ ਲਈ ਆਪਣਾ ਮਨ ਬਣਾਇਆ। ਜਿੱਥੇ ਇਹ ਰਹਿੰਦਾ ਸੀ ਉੱਥੇ ਖੁਸਰੋ ਠਹਿਰਿਆ ਸੀ। ਇਹ ਉੱਥੇ ਪਹੁੰਚਿਆ, ਉਸ ਨੂੰ ਮਿਲਿਆ ਅਤੇ ਆਪਣੇ ਮਨ ਵਿੱਚ ਪਹਿਲੋਂ ਹੀ ਸੋਚੀਆਂ ਕੁਝ ਗੱਲਾਂ ਉਸ ਨੂੰ ਦੱਸੀਆਂ, ਉਸ ਦੇ ਮੱਥੇ 'ਤੇ ਉਂਗਲੀਆਂ ਦੇ ਨਿਸ਼ਾਨ ਵਾਲਾ ਕੇਸਰ ਲਗਾਇਆ। ਇਸ ਨੂੰ ਹਿੰਦੂ ਸ਼ਬਦਾਵਲੀ ਵਿੱਚ ਕਸ਼ਕਾ ਕਿਹਾ ਜਾਂਦਾ ਹੈ ਅਤੇ ਬਹੁਤ ਅੱਛਾ ਸ਼ਗਨ ਮੰਨਿਆ ਜਾਂਦਾ ਹੈ। ਜਦੋਂ ਇਹ ਸਭ ਕੁਝ ਮੇਰੇ ਕੰਨਾਂ ਤੱਕ ਪਹੁੰਚਿਆ ਅਤੇ ਮੈਂ ਪਹਿਲੋਂ ਹੀ ਇਸ ਦੇ ਫਰੇਬ ਨੂੰ ਪੂਰੀ ਤਰ੍ਹਾਂ ਜਾਣਦਾ ਸੀ ਤਾਂ ਮੈਂ ਇਸ ਨੂੰ ਮੇਰੇ ਸਾਹਮਣੇ ਪੇਸ਼ ਕਰਨ ਦਾ ਹੁਕਮ ਦਿੱਤਾ ਅਤੇ ਉਸ ਦੇ ਘਰ, ਰਿਹਾਇਸ਼ੀ ਥਾਵਾਂ ਅਤੇ ਬੱਚਿਆਂ ਨੂੰ ਮੁਰਤਜ਼ਾ ਖ਼ਾਨ ਦੇ ਹਵਾਲੇ ਕਰਕੇ ਉਸ ਦੇ ਧਨ ਮਾਲ ਨੂੰ ਜ਼ਬਤ ਕਰ ਲਿਆ। ਮੈਂ ਹੁਕਮ ਕੀਤਾ ਸੀ ਕਿ ਉਸ ਨੂੰ ਤਸੀਹੇ ਦੇ ਕੇ ਮਾਰ ਦਿੱਤਾ ਜਾਣਾ ਚਾਹੀਦਾ ਹੈ"।

"ਕੁਝ ਹਿੰਦੂਆਂ ਨੇ ਬਾਦਸ਼ਾਹ ਅੱਗੇ ਉਸ ਨੂੰ ਛੱਡ ਦੇਣ ਦੀ ਬੇਨਤੀ ਕੀਤੀ ਕਿਉਂਕਿ ਉਹ ਉਨ੍ਹਾਂ ਦਾ ਧਾਰਮਿਕ ਸੰਤ ਸੀ। ਅਖ਼ੀਰ 'ਤੇ ਇਹ ਤਹਿ ਹੋ ਗਿਆ ਕਿ ਉਸ ਨੂੰ ਇੱਕ ਲੱਖ ਰੁਪਿਆ (ਪੁਰਤਗਾਲੀ) ਜੁਰਮਾਨੇ ਦੇ ਤੌਰ 'ਤੇ ਅਦਾ ਕਰਨਾ ਚਾਹੀਦਾ ਹੈ। ਇਹ ਕੰਮ ਇੱਕ ਅਮੀਰ ਹਿੰਦੂ ਵੱਲੋਂ ਜ਼ਮਾਨਤ ਦੇਣ ਪਿੱਛੋਂ ਕੀਤਾ ਗਿਆ। ਉਸ (ਅਮੀਰ ਹਿੰਦੂ) ਨੇ ਸੋਚਿਆ ਸੀ ਕਿ ਇਹ ਜੁਰਮਾਨਾ ਜਾਂ ਤਾਂ ਬਾਦਸ਼ਾਹ ਮੁਆਫ਼ ਹੀ ਕਰ ਦੇਵੇਗਾ, ਜਾਂ ਇਹ ਗੁਰੂ ਅਦਾ ਕਰ ਦੇਵੇਗਾ ਜਾਂ ਇਤਨੀ ਰਕਮ ਉਹ ਉਧਾਰੀ ਕਰ ਲਵੇਗਾ ਪਰ ਇਸ ਵਿੱਚ ਉਹ ਅਮੀਰ ਹਿੰਦੂ ਨਿਰਾਸ਼ ਹੀ ਹੋਇਆ। ਉਸ ਨੇ ਗੁਰੂ ਦੇ ਘਰ ਦਾ ਸਾਰਾ ਸਾਮਾਨ ਮੰਗਵਾ ਲਿਆ, ਜਿਸ ਵਿੱਚ ਘਰ ਦਾ ਸਾਜੋ-ਸਾਮਾਨ, ਗੁਰੂ ਦੀ ਪਤਨੀ ਅਤੇ ਬੱਚਿਆਂ ਦੇ ਕੱਪੜੇ ਸ਼ਾਮਲ ਸਨ। ਪਰ ਇਸ ਸਾਰੇ ਸਾਮਾਨ ਨਾਲ ਵੀ ਉਸ ਦੀ ਰਕਮ ਪੂਰੀ ਨਹੀਂ ਹੁੰਦੀ ਸੀ। ਹਿੰਦੂ ਲੋਕਾਂ ਵਿੱਚ ਉਸ ਦਾ ਜਾਂ ਉਸ ਦੇ ਪਿਤਾ ਦਾ ਬਹੁਤਾ ਸਤਿਕਾਰ ਨਹੀਂ ਸੀ। ਉਸ (ਅਮੀਰ ਹਿੰਦੂ) ਨੇ ਉਸ ਦੇ ਸਾਰੇ ਧਨ ਮਾਲ ਨੂੰ ਹੜੱਪਣ ਦੇ ਨਾਲ ਨਾਲ ਉਸ ਨੇ ਗੁਰੂ ਨੂੰ ਹਰ ਰੋਜ਼ ਨਵੀਂ ਤੋਂ ਨਵੀਂ ਬੇਇੱਜ਼ਤੀ ਨਾਲ ਦੁਖੀ ਕਰਨਾ ਸ਼ੁਰੂ ਕਰ ਦਿੱਤਾ। ਉਸ ਨਿਰਬਲ ਸੰਤ ਦੇ ਚੇਹਰੇ ਉੱਪਰ ਵੀ ਕਈ ਵਾਰ ਲੱਤਾਂ ਮਾਰੀਆਂ ਗਈਆਂ ਅਤੇ ਉਸ ਨੂੰ ਉਸ ਸਮੇਂ ਤੱਕ ਖਾਣ ਤੋਂ ਵੀ ਰੋਕਿਆ ਗਿਆ ਜਦੋਂ ਤੱਕ ਕਿ ਉਹ ਹੋਰ ਧਨ ਨਹੀਂ ਅਦਾ ਕਰਦਾ ਸੀ।

"ਉਸ (ਅਮੀਰ ਹਿੰਦੂ) ਨੂੰ ਇਹ ਵਿਸ਼ਵਾਸ ਹੀ ਨਹੀਂ ਹੋ ਰਿਹਾ ਸੀ ਕਿ ਉਸ (ਗੁਰੂ) ਕੋਲ ਕੋਈ ਧਨ ਨਹੀਂ ਸੀ ਭਾਵੇਂ ਕਿ ਉਸ ਕੋਲ ਬਿਲਕੁਲ ਕੁਝ ਵੀ ਨਹੀਂ ਸੀ ਅਤੇ ਕੋਈ ਹੋਰ ਵੀ ਉਸ ਨੂੰ ਦੇਣ ਲਈ ਤਿਆਰ ਨਹੀਂ ਸੀ। ਇਸ ਤਰ੍ਹਾਂ ਉਸ (ਅਮੀਰ ਹਿੰਦੂ) ਰਾਹੀਂ ਦਿੱਤੇ ਗਏ ਜ਼ਖ਼ਮਾਂ, ਦੁੱਖਾਂ ਅਤੇ ਬੇਇਜ਼ਤੀ ਕਰਨ ਵਾਲੇ ਵਿਵਹਾਰ ਸਦਕਾ ਉਹ ਨਿਰਬਲ ਗੁਰੂ ਮਰ (ਸ਼ਹੀਦ ਹੋ) ਗਿਆ।" "ਇਹ ਜ਼ਮਾਨਤ ਦੇਣ ਵਾਲਾ (ਅਮੀਰ ਹਿੰਦੂ) ਭੱਜ ਕੇ ਬਚਣਾ ਚਾਹੁੰਦਾ ਸੀ ਪਰ ਆਖ਼ਰਕਾਰ ਇਸ ਨੂੰ ਪਕੜ ਲਿਆ ਗਿਆ ਅਤੇ ਉਸ ਦੀ ਸਾਰੀ ਜਾਇਦਾਦ ਨੂੰ ਜ਼ਬਤ ਕਰ ਲਿਆ ਗਿਆ"।

ਇਸ ਪੱਤਰ ਵਿੱਚ ਕੁਝ ਗੱਲਾਂ ਖ਼ਾਸ ਧਿਆਨ ਮੰਗਦੀਆਂ ਹਨ। ਇੱਕ ਤਾਂ ਇਹ ਕਿ ਗੁਰੂ ਜੀ ਨੂੰ ਇੱਕ ਅਮੀਰ ਹਿੰਦੂ ਦੇ ਜ਼ੁਰਮਾਨੇ ਦੀ ਰਕਮ ਅਦਾ ਕਰਨ ਦੀ ਜ਼ਾਮਨੀ ਦੇ ਕੇ ਆਪਣੀ ਹਿਰਾਸਤ ਵਿੱਚ ਲੈ ਲਿਆ ਸੀ। ਭਾਵੇਂ ਇਸ ਅਮੀਰ ਹਿੰਦੂ ਦਾ ਨਾਂ ਨਹੀਂ ਦਿੱਤਾ ਗਿਆ। ਪਰ ਮੁੱਢਲੀਆਂ ਸਿੱਖ ਲਿਖਤਾਂ ਵਿੱਚ ਗੁਰੂ ਜੀ ਦੀ ਸ਼ਹਾਦਤ ਦਾ ਮੁੱਖ ਜ਼ਿੰਮੇਵਾਰ ਇੱਕ ਅਮੀਰ ਹਿੰਦੂ ਚੰਦੂ ਸ਼ਾਹ ਨੂੰ ਦੱਸਿਆ ਗਿਆ ਹੈ। ਇਹ ਲਾਹੌਰ ਦਾ ਦੀਵਾਨ ਸੀ ਜਿਸ ਦੀ ਸਰਕਾਰੇ ਦਰਬਾਰੇ ਚੰਗੀ ਚੱਲਦੀ ਸੀ। ਇਹ ਅਮੀਰ ਹਿੰਦੂ ਇਸੇ ਚੰਦੂ ਸ਼ਾਹ ਨੂੰ ਮੰਨਿਆ ਜਾਣਾ ਚਾਹੀਦਾ ਹੈ। ਮਹਿਮਾ ਪ੍ਰਕਾਸ਼ ਜੋ 1870 ਵਿਆਂ ਦੀ ਲਿਖਤ ਹੈ, ਵੀ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਇਹ ਚੰਦੂ ਸੀ ਜਿਸ ਦੇ ਹਵਾਲੇ ਗੁਰੂ ਜੀ ਨੂੰ ਕੀਤਾ ਗਿਆ ਸੀ।1870 ਵਿਆਂ ਦੀ ਹੀ ਇੱਕ ਹੋਰ ਕਨੱਈਆ ਲਾਲ ਦੀ ਲਿਖਤ ਤਾਰੀਖ-ਇ-ਪੰਜਾਬ ਵੀ ਇਸ ਗੱਲ ਦੀ ਇੰਨ-ਬਿੰਨ ਪ੍ਰੋੜਤਾ ਕਰਦੀ ਹੈ। ਇਸ ਅਨੁਸਾਰ ਬਾਦਸ਼ਾਹ ਬਿਗੜ ਗਿਆ ਤੇ ਲਾਹੌਰ ਵਿੱਚ ਗੁਰੂ ਜੀ ਨੂੰ ਤਲਬ ਕੀਤਾ ਗਿਆ। ਉਨ੍ਹਾਂ ਨੂੰ ਚੰਦੂ ਦੀ ਸਪੁਰਦਗੀ ਵਿੱਚ ਰੱਖਿਆ ਗਿਆ। ਚੰਦੂ ਨੇ ਗੁਰੂ ਜੀ ਦਾ ਡੇਰਾ ਆਪਣੇ ਮਕਾਨ ਵਿੱਚ ਕਰਵਾਇਆ... ਬਾਦਸ਼ਾਹ ਉਨ੍ਹਾਂ ਦਿਨਾਂ ਵਿੱਚ ਕਸ਼ਮੀਰ ਚਲਾ ਗਿਆ ਸੀ ਤੇ ਗੁਰੂ ਜੀ ਉਸੇ ਤਰ੍ਹਾਂ ਚੰਦੂ ਦੇ ਹਵਾਲੇ ਰਹੇ : "ਇਸ ਲਈ ਚੰਦੂ ਨੇ ਗੁਰੂ ਜੀ ਨੂੰ ਲਗਾਤਾਰ ਤਸੀਹੇ ਦੇਣੇ ਸ਼ੁਰੂ ਕੀਤੇ ਤੇ ਅਜਿਹੇ ਅਤਿਆਚਾਰ ਕੀਤੇ ਜਿਨ੍ਹਾਂ ਨੂੰ ਕਲਮ ਬਿਆਨ ਨਹੀਂ ਕਰ ਸਕਦੀ ਤੇ ਜ਼ਬਾਨ ਦੱਸ ਨਹੀਂ ਸਕਦੀ"। ਗਯਾਨੀ ਗਯਾਨ ਸਿੰਘ ਵੀ ਇਸੇ ਤਰ੍ਹਾਂ ਲਿਖਦਾ ਹੈ : "ਚੰਦੂ ਦੁਸ਼ਟ ਮੌਕਾ ਪਾਕਰ ਸੇਵਾ ਕਰਨ ਦੇ ਬਹਾਨੇ ਜ਼ਮਾਨਤ ਪਰ ਗੁਰੂ ਜੀ ਨੂੰ ਆਪਣੇ ਘਰ ਲੈ ਗਿਆ।" ਇਸ ਤਰ੍ਹਾਂ ਇਸ ਗੱਲ ਦੀ ਬੜੀ ਸਪੱਸ਼ਟਤਾ ਨਾਲ ਪੁਸ਼ਟੀ ਹੋ ਜਾਂਦੀ ਹੈ ਕਿ ਬਾਦਸ਼ਾਹ ਨੇ ਗੁਰੂ ਜੀ ਨੂੰ ਇੱਕ ਹਿੰਦੂ ਅਹਿਲਕਾਰ ਚੰਦੂ ਦੇ ਹਵਾਲੇ ਕਰ ਦਿੱਤਾ ਸੀ ਅਤੇ ਇਸ ਨੇ ਹੀ ਗੁਰੂ ਜੀ ਨੂੰ ਤਸੀਹੇ ਦਿੱਤੇ ਸਨ। ਦੂਜੀ ਗੱਲ ਹੈ, ਸ਼ਾਹਜ਼ਾਦਾ

**(ਬਾਕੀ ਅਗਲੇ ਸਫੇ 'ਤੇ)**

# "ਦੁਨੀਆਂ ਦੀ ਉਹ ਥਾਂ ਜਿਥੇ ਦਰਖ਼ਤ ਵੀ ਹਜ਼ਾਰਾਂ ਸਾਲ ਤੱਕ ਜੀਉਂਦੇ ਨੇ"

## ਆਸਟ੍ਰੇਲੀਆ ਦੇ ਰਾਜ ਤਸਮਾਨੀਆ 'ਚ 10518 ਸਾਲ ਦੀ ਉਮਰ ਦਾ ਦੇਵਦਾਰ ਅਥਵਾ (ਬਿਆਰ) ਦਾ ਦਰਖ਼ਤ ਜੋ ਅੱਗੇ ਤੋਂ ਅੱਗੇ ਆਪਣੀਆਂ ਜੜ੍ਹਾਂ ਛੱਡਦਾ ਹੋਇਆ 950 ਮੀਟਰ ਤੱਕ ਦੀ ਲੰਬਾਈ ਤੱਕ ਫੈਲ ਗਿਆ ਹੋਇਆ ਹੈ।



ਸਿਡਨੀ ਤੋਂ
ਮਨਮੋਹਨ ਸਿੰਘ ਖੇਲਾ

ਇਸ ਬ੍ਰਹਿਮੰਡ ਦੀ ਹੋਂਦ ਅਥਵਾ ਉਤਪਤੀ ਹੋਣ ਤੋਂ ਬਾਅਦ ਜਦੋਂ ਇਸ ਪ੍ਰਾਕ੍ਰਿਤੀ ਦੇ ਸਿਰਜਣਹਾਰ ਨੇ ਹਰ ਤਰ੍ਹਾਂ ਦੇ ਪ੍ਰਾਣੀ ਜੀਵ-ਜੰਤੂਆਂ, ਪਸ਼ੂ-ਪੰਛੀਆਂ, ਜੜੀ-ਬੂਟੀਆਂ, ਦਰਖਤਾਂ, ਜਾਨਵਰਾਂ ਆਦਿ ਦੀ ਸਿਰਜਣਾ ਕੀਤੀ ਸੀ। ਉਦੋਂ ਹੀ ਉਨ੍ਹਾਂ ਲਈ ਖ਼ੁਰਾਕ ਸਮੇਤ ਜਿਊਂਦੇ ਰਹਿਣ ਲਈ ਹਰ ਤਰ੍ਹਾਂ ਦੇ ਵਸੀਲੇ ਵੀ ਪੈਦਾ ਕਰ ਦਿੱਤੇ। ਅੱਜ ਦੀ ਮਨੁੱਖਤਾ ਦੇ ਜੀਵਨ ਦਾ ਪਿਛੋਕੜ ਵੀ ਇਨ੍ਹਾਂ ਸਭਨਾਂ ਜੀਵਾਂ ਵਿਚੋਂ ਹੀ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਉਸ ਸਮੇਂ ਸਾਰੀ ਪ੍ਰਕਿਰਤੀ ਦੇ ਸਾਰੇ ਹੀ ਜੀਵ ਇਕੋ ਜਗਾ ਇੱਕ ਦੂਜੇ ਦੇ ਨੇੜੇ-ਨੇੜੇ ਹੀ ਰਹਿੰਦੇ ਹੋਣਗੇ ਕਿਉਂ ਕਿ ਇਨ੍ਹਾਂ ਦੀ ਉਤਪਤੀ ਵੀ ਵਾਤਾਵਰਨ ਦੀਆਂ ਲੋੜਾਂ ਦੇ ਅਨੁਕੂਲ ਇੱਕ ਦੂਜੇ ਦੇ ਅਸਲੀ ਰੂਪ ਦੀ ਬਣਤਰ ਵਿਚੋਂ ਨਿਕਲ ਕੇ ਸੁਧਰਦੀ ਰਹੀ ਹੈ।ਇਸ ਤੋਂ ਸਾਬਤ ਹੁੰਦਾ ਹੈ ਕਿ ਇਹ ਸਾਰੇ ਹੀ ਪ੍ਰਾਣੀ ਇੱਕ ਦੂਜੇ ਉੱਤੇ ਆਪਸ 'ਚ ਨਿਰਭਰ ਵੀ ਹੋਣਗੇ। ਸਮੇਂ ਦੀ ਕਰਵਟ ਅਨੁਸਾਰ ਇਨ੍ਹਾਂ ਸਾਰੇ ਜੀਵਾਂ ਵਿਚੋਂ ਹੌਲੇ ਹੌਲੇ ਮਨੁੱਖਤਾ ਦਾ ਵਿਕਾਸ ਹੋਣਾ ਵੀ ਸ਼ੁਰੂ ਹੋਇਆ ਹੋਵੇਗਾ। ਮਨੁੱਖਤਾ ਆਪਣੇ ਵਿਕਾਸ ਬਾਅਦ ਸਮੇਂ ਦੀਆਂ ਲੋੜਾਂ ਅਨੁਸਾਰ ਬਾਕੀਆਂ ਨਾਲੋਂ ਦਿਮਾਗੀ ਤੌਰ 'ਤੇ ਸੁਚੇਤ ਅਤੇ ਬੁੱਧੀਮਾਨ ਹੋਣ ਕਰਕੇ ਜੀਊਣ ਦੇ ਤਰੀਕਿਆਂ ਨੂੰ ਸਮਝ ਗਈ ਹੋਵੇਗੀ। ਜਿਸ ਸਦਕਾ ਉਸ ਵੇਲੇ ਦੀ ਮਨੁੱਖਤਾ ਸਭਿਅਕ ਸਮਾਜ ਸਿਰਜਣ ਲਈ ਤਿਆਰ ਹੋ ਗਈ ਹੋਵੇਗੀ।



ਇਸੇ ਦਾ ਹੀ ਸਬੂਤ ਉਸ ਵੇਲੇ ਸਿੰਧ ਘਾਟੀ, ਮਹਿੰਜੋਦਾੜੋ, ਹੜੱਪਾ, ਯੂਨਾਨ ਆਦਿ ਵਰਗੀਆਂ ਹੋਰ ਵੀ ਬੇਅੰਤ ਪੁਰਾਤਨ ਸਭਿਅਤਾਵਾਂ ਨੇ ਜਨਮ ਲਿਆ ਸੀ। ਉਸ ਤੋਂ ਬਾਅਦ ਪੱਥਰ ਕਾਲ 'ਚ ਆਪਣੀ ਰੋਜ਼ਾਨਾ ਜਿੰਦਗੀ ਦੀ ਵਰਤੋਂ ਲਈ ਪੱਥਰਾਂ ਨੂੰ ਘੜ ਕੇ ਬਰਤਨ ਅਤੇ ਹਥਿਆਰ ਬਣਾਏ ਗਏ। ਇਸ ਸਮੇਂ ਹੀ ਆਪਣਾ ਭੋਜਨ ਪਕਾ ਕੇ ਖਾਣ ਲਈ ਪੱਥਰਾਂ ਦੀ ਅਤੇ ਬਾਂਸ ਵਰਗੇ ਕਈ ਹੋਰ ਦਰਖਤਾਂ ਦੀ ਆਪਸੀ ਰਗੜ ਨਾਲ ਅੱਗ ਬਾਲਣੀ ਵੀ ਸਿੱਖੀ। ਇਸ ਦੇ ਨਾਲ ਹੀ ਦਿਮਾਗ ਵੀ ਵਿਕਸਤ ਹੋਣ ਦੇ ਨਾਲ ਨਾਲ ਹੋਰ ਸੱਭਿਅਕ ਵੀ ਹੁੰਦਾ ਗਿਆ। ਪੱਥਰ ਜੁੱਗ ਤੋਂ ਬਾਅਦ ਧਾਤੂ-ਕਾਲ ਦਾ ਅਰੰਭ ਹੋਣ ਨਾਲ ਧਰਤ ਵਿਚ ਦੱਬੀਆਂ ਹੋਈਆਂ ਧਾਤਾਂ ਅਤੇ ਖਣਿਜ ਪਦਾਰਥਾਂ ਵਾਰੇ ਵੀ ਮਨੁੱਖ ਨੇ ਖੋਜ ਕੀਤੀ। ਉਸ ਸਮੇਂ 'ਚ ਹਰ ਤਰ੍ਹਾਂ ਦੇ ਬਰਤਨ ਅਤੇ ਹਥਿਆਰ ਧਾਤਾਂ ਦੇ ਬਣਾਏ ਗਏ। ਇਸ ਤਰ੍ਹਾਂ ਸੱਭਿਅਤਾ ਵਿਕਸਤ ਹੋਣ ਦੇ ਨਾਲ ਲੋੜਾਂ ਮੁਤਾਬਕ ਖੋਜਾਂ ਵੀ ਹੁੰਦੀਆਂ ਗਈਆਂ। ਮਨੁੱਖਤਾ ਜੰਗਲਾ 'ਚੋਂ ਨਿਕਲ ਕੇ ਪ੍ਰੀਵਾਰਾਂ ਸਮੇਤ ਕਬੀਲਿਆਂ ਦੇ ਸਮੂਹਾਂ 'ਚ ਰਹਿਣ ਲੱਗੀ। ਪਹਿਲਾਂ ਪਹਿਲ ਪਹਾੜਾਂ ਨੂੰ ਖੋਦ ਕੇ ਉਨ੍ਹਾਂ ਦੀਆਂ ਕੁੰਦਰਾਂ ਬਣਾ ਕੇ ਘਰ ਬਣਾਏ ਗਏ। ਫਿਰ ਘਾਹ-ਫੂਸ ਦੀਆਂ ਝੌਂਪੜੀਆਂ, ਛੱਪਰੀਆਂ ਅਥਵਾ ਕੁੱਲੀਆਂ ਬਣੀਆਂ।ਫਿਰ ਮਿੱਟੀ ਦੀਆਂ ਕੱਚੀਆਂ ਕੰਧਾਂ ਦੇ ਮਕਾਨਾਂ ਤੋਂ ਬਾਅਦ ਹੌਲ਼ੀ-ਹੌਲ਼ੀ ਹੋਰ ਜਾਗ੍ਰਿਤੀ ਆਉਣ ਨਾਲ ਪੱਥਰਾਂ ਨੂੰ ਘੜ ਕੇ ਪੱਥਰਾਂ ਦੀਆਂ ਕੰਧਾਂ ਵਾਲੇ ਘਰਾਂ ਨੇ ਜਨਮ ਲਿਆ।ਫਿਰ ਮਿੱਟੀ ਦੀਆਂ ਇੱਟਾਂ ਨੂੰ ਅੱਗ 'ਚ ਪਕਾ ਕੇ ਪੱਕੀਆਂ ਇੱਟਾਂ ਦੀਆਂ ਕੰਧਾਂ ਦੇ ਘਰ ਬਣਾਏ ਗਏ। ਇਸੇ ਤਰ੍ਹਾਂ ਤਨ ਢਕਣ ਲਈ ਪਹਿਲਾਂ ਪਹਿਲ ਦਰਖ਼ਤਾਂ ਦੇ ਪੱਤਿਆਂ ਨੂੰ ਫਿਰ ਉਨ੍ਹਾਂ ਦੀ ਛਿੱਲੜ ਨੂੰ ਉਸ ਤੋਂ ਬਾਅਦ ਜਾਨਵਰਾਂ ਦੀ ਖੱਲ (ਚਮੜੀ) ਨੂੰ ਤਨ ਢਕਣ ਲਈ ਵਰਤੋਂ 'ਚ ਲਿਆਂਦਾ ਗਿਆ। ਉਸ ਤੋਂ ਬਾਅਦ 'ਚ ਕਈ ਦਰਖ਼ਤਾਂ ਦੇ ਰੇਸ਼ਿਆਂ ਸਮੇਤ ਰੇਸ਼ਮ ਪੈਦਾ ਕਰਦੇ ਕੀੜਿਆਂ ਦੀ ਅਤੇ ਕਪਾਹ ਦੀ ਖੋਜ ਹੋਣ ਨਾਲ ਸੂਤੀ ਕਪੜੇ ਸਮੇਤ ਰੇਸ਼ਮੀ ਕਪੜੇ ਦਾ ਜਨਮ ਹੋਇਆ। ਇਸ ਬ੍ਰਹਿਮੰਡ ਵਿਚ ਧਰਤੀ ਅਤੇ ਪ੍ਰਕਿਰਤੀ ਉੱਤੇ ਹੋਈ ਬਹੁਤ ਵਾਰ ਉੱਥਲ-ਪੁੱਥਲ ਕਾਰਨ ਵਿਕਸਤ ਹੋ ਰਹੀ ਸੱਭਿਅਤਾ ਦਾ ਬਹੁਤ ਵਾਰ ਘਾਣ ਵੀ ਹੋਇਆ। ਉਸ ਉੱਥਲ-ਪੁੱਥਲ ਕਾਰਨ ਖੰਡਰਾਤ ਬਣੀ ਪੁਰਾਤਨ ਸੱਭਿਅਤਾ ਦੇ ਨਿਸ਼ਾਨ ਕਈ ਹੋਰ ਵੱਖੋ-ਵੱਖਰੇ ਦੇਸ਼ਾਂ ਵਾਂਗ ਆਪਣੇ ਦੇਸ਼ ਦੇ ਕਈ ਹੋਰ ਹਿੱਸਿਆਂ ਤੋਂ ਇਲਾਵਾ ਪੰਜਾਬ 'ਚ ਵੀ ਰੋਪੜ ਸ਼ਹਿਰ ਵਿਖੇ ਖੁਦਾਈ ਕਰਨ ਦੌਰਾਨ ਮਿਲੇ। ਜਿਸ ਤੋਂ ਪਤਾ ਚਲਦਾ ਹੈ ਕਿ ਅਜੋਕੀ ਸੱਭਿਅਤਾ ਤੋਂ ਹਜ਼ਾਰਾਂ ਸਾਲ ਪਹਿਲਾਂ ਵੀ ਮਨੁੱਖਤਾ ਬਹੁਤ ਵਧੀਆ ਢੰਗ ਤਰੀਕਿਆਂ ਨਾਲ ਸੱਭਿਅਕ ਸਮਾਜ 'ਚ ਰਹਿੰਦੀ ਸੀ। ਜਿਸ ਨੂੰ ਕੁਦਰਤੀ ਆਫਤਾਂ ਨੇ ਧਰਤੀ ਹੇਠ ਹੀ ਦੱਬ ਦਿੱਤਾ। ਪਰ ਫਿਰ ਵੀ ਸਮੇਂ ਦੇ ਵਕਫ਼ੇ ਨਾਲ ਔਕੜਾਂ ਦਾ ਮੁਕਾਬਲਾ ਕਰਦੀ ਹੋਈ ਵਰਤਮਾਨ ਸੰਸਾਰ ਦੇ ਮੌਜੂਦਾ ਸਮੇਂ ਦੇ ਰੂਪ 'ਚ ਬਾਕੀ ਗਰਿਆਂ ਦੀ ਖੋਜ ਕਰਦੀ ਹੋਈ ਚੰਦਰਮਾ ਤੱਕ ਪਹੁੰਚ ਚੁੱਕੀ ਹੈ। ਇਸ ਸੱਭਿਅਤਾ ਨੇ ਜਿੱਥੇ ਮਨੁੱਖਤਾ ਦੇ ਭਲੇ ਲਈ ਬਹੁਤ ਕੁੱਝ ਕੀਤਾ ਉੱਥੇ ਹੀ ਮਨੁੱਖਤਾ ਦੇ ਵਿਨਾਸ਼ ਲਈ ਵੀ ਬਹੁਤ ਕਰ ਦਿੱਤਾ ਹੈ। ਇਸ ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਵਿਚ ਮਨੁੱਖ ਨੇ ਆਪਣੇ ਸੁਖ ਆਰਾਮ ਲਈ ਅਤੇ ਜੀਵਨ ਨਿਰਬਾਹ ਨੂੰ ਵਧੀਆ ਬਣਾਉਣ ਲਈ ਦੂਜਿਆਂ ਨੂੰ ਆਪਣੇ ਹੇਠਾਂ ਰੱਖਣ ਦੀ ਕੋਸ਼ਿਸ਼ ਕੀਤੀ ਹੋਈ ਹੈ। ਇੱਥੋਂ ਤੱਕ ਕਿ ਜੜੀ-ਬੂਟੀਆਂ, ਦਰਖ਼ਤਾਂ, ਪਸ਼ੂ-ਪੰਛੀਆਂ, ਜੰਗਲੀ ਜੀਵ-ਜੰਤੂਆਂ ਨੂੰ ਵੀ ਆਪਣਾ ਜੀਵਨ ਜੀਊਣ ਦੀ ਕੋਈ ਅਜ਼ਾਦੀ ਨਹੀਂ ਹੈ। ਜਿਹੜੇ ਕਿ ਪਹਿਲਾਂ ਪਹਿਲ ਅਜ਼ਾਦ ਵਾਤਾਵਰਨ 'ਚ ਆਪਸੀ ਪਿਆਰ ਰੱਖਦੇ ਹੋਏ ਅਜ਼ਾਦੀ ਨਾਲ ਆਪਣੀ ਪੂਰੀ ਉਮਰ ਭੋਗਦੇ ਸਨ।

ਪਰ ਹੁਣ ਜੇ ਆਪਾਂ ਆਪਣੇ ਭਾਰਤ ਦੇਸ਼ ਸਮੇਤ ਆਪਣੇ ਗੁਆਂਢੀ ਦੇਸ਼ਾਂ ਦੀ ਹੀ ਗੱਲ ਕਰੀਏ ਸਰਕਾਰਾਂ ਅਤੇ ਆਮ ਜਨਤਾ ਕੁਦਰਤ ਨਾਲ ਛੇੜ-ਛਾੜ ਕਰਕੇ ਕੁਦਰਤ ਦੀ ਸਥਿਰਤਾ ਨੂੰ ਨੁਕਸਾਨ ਪਹੁੰਚਾ ਰਹੀਆਂ ਹਨ। ਜੜੀ-ਬੂਟੀਆਂ ਦਰਖ਼ਤਾਂ ਦੀ ਹੀ ਜੇ ਗੱਲ ਕਰੀਏ ਇਨ੍ਹਾਂ ਨੂੰ ਆਪਣੀ ਉਮਰ ਭੋਗਣ ਤੋਂ ਪਹਿਲਾਂ ਹੀ ਪ੍ਰਾਣੀਆਂ ਵਲੋਂ ਆਪਣੇ ਸੁਆਰਥਾਂ ਕਰਕੇ ਧੜਾ-ਧੜ ਕੱਟਿਆ ਜਾ ਰਿਹਾ ਹੈ ਅਤੇ ਪਹਾੜਾਂ ਨੂੰ ਢਾਹਿਆ ਜਾ ਰਿਹਾ ਹੈ। ਜਿਸ ਕਰਕੇ ਪ੍ਰਕਿਰਤੀ ਦੀ ਹੋ ਰਹੀ ਹਿੱਲਜੁਲ ਨਾਲ ਦੁਨੀਆਂ ਦੇ ਬਣੇ ਕੁਦਰਤੀ ਢਾਂਚੇ ਦਾ ਸੰਤੁਲਿਤ ਵਿਗੜ ਕੇ ਮੌਸਮਾਂ, ਰੁੱਤਾਂ ਅਤੇ ਦੁਨੀਆਂ ਦੇ ਵਾਤਾਵਰਨ 'ਚ ਬਹੁਤ ਬਦਲਾਓ ਆ ਰਿਹਾ ਹੈ। ਜਿਸ ਦਾ ਸਿੱਧਾ ਪ੍ਰਭਾਵ ਇਸ ਧਰਤੀ 'ਤੇ ਵਸਣ ਵਾਲੇ ਪ੍ਰਾਣੀਆਂ ਅਤੇ ਬਨਸਪਤੀ 'ਤੇ ਪਏਗਾ। ਜਿਸ ਕਰਕੇ ਨਵੀਆਂ ਨਵੀਆਂ ਬਿਮਾਰੀਆਂ ਅਤੇ ਕਈ ਤਰ੍ਹਾਂ ਦੀਆਂ ਔਕੜਾਂ ਵਧਣ ਨਾਲ ਬਨਸਪਤੀ ਦਾ ਅਸਲ ਰੂਪ ਵਿਗੜ ਕੇ ਪ੍ਰਕਿਰਤੀ ਦਾ ਸੰਤੁਲਿਤ ਵਿਗੜ ਜਾਵੇਗਾ। ਕਈ ਤਰ੍ਹਾਂ ਦੀਆਂ ਆਫਤਾਂ ਇਸ ਨੂੰ ਘੇਰਾ ਪਾ ਲੈਣਗੀਆਂ ਜਿਨ੍ਹਾਂ ਤੋਂ ਛੁਟਕਾਰਾ ਪਾਉਣਾ ਇਨਸਾਨ ਦੇ ਵੱਸ ਦੀ ਗੱਲ ਨਹੀਂ ਰਹੇਗੀ। ਇਸੇ ਹੀ ਤਰ੍ਹਾਂ ਇਨ੍ਹਾਂ ਦੇਸ਼ਾਂ ਦੇ ਪਸ਼ੂ-ਪੰਛੀ, ਜੀਵ ਜੰਤੂ ਅਤੇ ਜੰਗਲੀ ਜਾਨਵਰ ਵੀ ਪੂਰੀ ਤਰ੍ਹਾਂ ਅਜ਼ਾਦ ਨਹੀਂ ਹਨ। ਪ੍ਰਾਣੀਆਂ ਵਲੋਂ ਆਪਣੇ ਨਿੱਜੀ ਸੁਆਰਥਾਂ ਖਾਤਰ ਇਨ੍ਹਾਂ ਸਾਰਿਆਂ ਦੇ ਗ਼ਲ਼ਾਂ 'ਚ ਲੋਹੇ ਦੇ ਸੰਗ਼ਲ਼ 'ਤੇ ਜ਼ੰਜੀਰਾਂ ਪਾਕੇ ਕਿੱਲਿਆਂ ਨਾਲ ਬੰਨ੍ਹਿਆ ਹੋਇਆ ਹੈ ਜਾਂ ਪਿੰਜਰਿਆਂ ਵਿਚ ਕੈਦ ਕੀਤਾ ਹੋਇਆ ਹੈ। ਕਈਆਂ ਥਾਂਵਾਂ 'ਤੇ ਇਨ੍ਹਾਂ ਜੀਵਾਂ ਦਾ ਧੜਾ-ਧੜ ਸ਼ਿਕਾਰ ਵੀ ਕੀਤਾ ਜਾ ਰਿਹਾ ਹੈ। ਜਿਸ ਦੇ ਪ੍ਰਭਾਵ ਕਰਕੇ ਬਹੁਤ ਸਾਰੇ ਪੰਛੀਆਂ ਅਤੇ ਜਾਨਵਰਾਂ ਦੀਆਂ ਬਹੁਤ ਸਾਰੀਆਂ ਨਸਲਾਂ ਖਤਮ ਹੋ ਚੁੱਕੀਆਂ ਹਨ। ਇਨ੍ਹਾਂ ਦਾ ਵੀ ਪ੍ਰਕਿਰਤੀ ਦੇ ਸੰਤੁਲਨ ਨੂੰ ਵਿਗਾੜਨ ਦਾ ਪੂਰਾ ਪੂਰਾ ਯੋਗਦਾਨ ਹੈ ਜਿਹੜਾ ਕਿ ਬਹੁਤ ਘਾਤਕ 'ਤੇ ਖਤਰਨਾਕ ਹੈ। ਪ੍ਰਕਿਰਤੀ ਉੱਤੇ ਪੈਦਾ ਹੋਈ ਸਾਰੀ ਬਨਸਪਤੀ ਦੇ ਸੰਤੁਲਨ ਨੂੰ ਇਕਸਾਰ ਰੱਖਣ ਦੀ ਅਤੀ ਲੋੜ ਹੈ। ਜਿਸ ਵਿਚ ਦੁਨੀਆਂ ਦੇ ਦੇਸ਼ਾਂ ਦੀਆਂ ਸਰਕਾਰਾਂ ਸਮੇਤ ਆਮ ਜਨਤਾ ਦਾ ਮੁੱਖ ਰੋਲ ਹੁੰਦਾ ਹੈ। ਇਸ ਕਰਕੇ ਦੁਨੀਆਂ 'ਚ ਪੈਦਾ ਹੋਏ ਹਰ ਬੁੱਧੀਮਾਨ ਦਾ ਨੈਤਿਕ ਫਰਜ਼ ਅਤੇ ਜੁਮੇਂਵਾਰੀ ਬਣਦੀ ਹੈ ਕਿ ਆਪਣੀ ਸੂਝਬੂਝ ਰਾਹੀਂ ਪ੍ਰਕਿਰਤੀ ਦੁਆਰਾ ਸਾਜੀ ਬਨਸਪਤੀ ਦਾ ਸੰਤੁਲਨ ਘੱਟ ਵੱਧ ਨਾ ਹੋਣ ਦਿੱਤਾ ਜਾਵੇ। ਲੋਕਾਂ 'ਚ ਗਿਆਨ ਦੀ ਘਾਟ ਅਤੇ ਨਿੱਜੀ ਹਿੱਤਾਂ ਨਾਲ ਛੇਤੀ ਅਮੀਰ ਬਣਨ ਅਤੇ ਜਿਮੇਂਵਾਰ ਸਰਕਾਰਾਂ ਦੀ ਅਣਗਹਿਲੀ ਸਾਡੇ ਦੇਸ਼ਾਂ 'ਚ ਆਪਸੀ ਪਾੜਾ ਵਧਾਉਣ 'ਚ ਵਾਧਾ ਕਰ ਰਹੀਆਂ ਹਨ।

ਇਸ ਦੇ ਉਲਟ ਅਗਰ ਭਾਰਤ ਦੇ ਦੱਖਣ-ਉੱਤਰ ਦੀ ਗੁੱਠ ਵੱਲ ਵਸੇ ਹੋਏ ਦੇਸ਼ ਆਸਟ੍ਰੇਲੀਆ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਬੜੇ ਗਹੁ ਨਾਲ ਘੁੰਮ ਕੇ ਵੇਖਿਆ ਜਾਵੇ। ਜਿੱਥੇ ਗਾਵਾਂ ਮੱਝਾਂ ਭੇਡਾਂ ਬੱਕਰੀਆਂ ਘੋੜਿਆਂ ਹਿਰਨਾਂ ਬਾਰਾਂ-ਸਿੰਗਿਆਂ ਸਮੇਤ ਹਰ ਤਰ੍ਹਾਂ ਦੇ ਜੀਵਾਂ ਤੇ ਡੰਗਰਾਂ ਨੂੰ ਵੱਡੇ-ਵੱਡੇ ਫਾਰਮਾਂ 'ਚ ਖੁੱਲ੍ਹੇ ਆਮ ਅਜ਼ਾਦ ਛੱਡਿਆ ਹੋਇਆ ਹੈ। ਉਨ੍ਹਾਂ ਨੂੰ ਹਰ ਤਰ੍ਹਾਂ ਨਾਲ ਪੂਰਨ ਰੂਪ 'ਚ ਫਾਰਮ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਘੁੰਮਣ ਫਿਰਨ ਦੀ, ਘਾਹ ਚੁਗਣ ਦੀ ਪਾਣੀ ਪੀਣ ਦੀ ਜਦੋਂ ਜੀ ਚਾਹਿਆ ਬੈਠਣ ਦੀ, ਉੱਠਣ ਦੀ, ਸੌਣ ਦੀ ਤੇ ਜਾਗਣ ਦੀ ਪੂਰਨ ਅਜ਼ਾਦੀ ਹੈ। ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੇ ਪਿੰਜਰੇ ਜੰਜੀਰ ਜਾਂ ਸੰਗ਼ਲ਼ ਨਾਲ ਬੰਨ੍ਹ ਕੇ ਕੈਦ ਨਹੀਂ ਕੀਤਾ ਜਾਂਦਾ। ਇਸੇ ਹੀ ਤਰ੍ਹਾਂ ਹੋਰ ਪੰਛੀ ਜੀਵ ਜੰਤੂ ਅਤੇ ਜੰਗਲੀ ਜਾਨਵਰ ਵੀ ਇੱਥੇ ਪੂਰੀ ਤਰ੍ਹਾਂ ਅਜ਼ਾਦ ਹਨ। ਜੰਗਲਾਂ ਅਤੇ ਚਿੜੀਆ ਘਰਾਂ 'ਚ ਵੀ ਉਹ ਪੂਰੀ ਅਜ਼ਾਦੀ ਨਾਲ ਰਹਿ ਰਹੇ ਅਤੇ ਘੁੰਮ ਫਿਰ ਰਹੇ ਹਨ। ਉਨ੍ਹਾਂ ਨੂੰ ਸੰਗ਼ਲ਼ਾਂ ਜਾਂ ਜ਼ੰਜੀਰਾਂ ਨਾਲ ਜਾਂ ਪਿੰਜਰਿਆਂ ਵਿਚ ਕੈਦ ਨਹੀਂ ਕੀਤਾ ਹੋਇਆ। ਉਨ੍ਹਾਂ ਨੂੰ ਖੁੱਲ੍ਹੇ ਘੁੰਮਦੇ ਵੇਖਣ ਲਈ ਦਰਸ਼ਕਾਂ ਵਲੋਂ ਸੁਰਖਿਅਤ ਬੰਦ ਗੱਡੀਆਂ 'ਚ ਸਵਾਰ ਹੋਕੇ ਵੇਖਣ ਲਈ ਜਾਇਆ ਜਾ ਸਕਦਾ ਹੈ। ਆਮ ਜਨਤਾ ਦੀ ਸੁਰਖਿਆ ਲਈ ਬਹੁਤ ਖੁੱਲ੍ਹੇ ਏਰੀਏ ਦੇ ਚੁਫੇਰੇ ਜਾਲੀਦਾਰ ਕੰਡਿਆਲੀ ਤਾਰ ਲਾਕੇ ਉਸ ਏਰੀਏ ਦੇ ਅੰਦਰਵਾਰ ਇਨ੍ਹਾਂ ਜੰਗਲੀ ਜੀਵਾਂ ਨੂੰ ਪੂਰੀ ਅਜ਼ਾਦੀ ਹੈ। ਇਸੇ ਹੀ ਤਰ੍ਹਾਂ ਇੱਥੇ ਦਰਖ਼ਤ ਵੀ ਆਪਣੀ ਲੰਬੀ ਉਮਰ ਭੋਗਣ ਲਈ ਪੂਰੀ ਤਰ੍ਹਾਂ ਅਜ਼ਾਦ ਹਨ। ਇਸ ਦੇਸ਼ ਵਿਚ ਸੈਂਕੜਿਆਂ ਹੀ ਨਹੀਂ ਬਲਕਿ ਹਜ਼ਾਰਾਂ ਸਾਲਾਂ ਦੀ ਉਮਰ ਦੇ ਖੜ੍ਹੇ ਦਰਖ਼ਤ ਤੁਹਾਨੂੰ ਵੇਖਣ ਲਈ ਆਮ ਮਿਲਣਗੇ। ਇੱਥੋਂ ਦੇ ਤਸਮਾਨੀਆ ਰਾਜ ਵਿਚ ਤੁਹਾਨੂੰ 10518 ਸਾਲ ਤੱਕ ਪਹਿਲਾਂ ਉੱਗੇ ਹੋਏ ਦੇਵਦਾਰ ਦੇ ਦਰਖ਼ਤ ਵੇਖਣ ਲਈ ਅੱਜ ਵੀ ਮਿਲਣਗੇ ਜਿਸ ਨੂੰ ਤੁਸੀਂ ਉਪਰੋਕਤ ਤਸਵੀਰ ਰਾਹੀਂ ਵੀ ਵੇਖ ਸਕਦੇ ਹੋ। ਇਸ ਤੋਂ ਇਲਾਵਾ ਹੋਰ ਵੀ ਸੈਂਕੜੇ ਸਾਲ ਪੁਰਾਣੇ ਦਰਖ਼ਤ ਤੁਸੀਂ ਹਰ ਥਾਵੇਂ ਆਮ ਵੇਖ ਸਕਦੇ ਹੋ। ਆਪਣੇ ਫਾਰਮਾਂ ਅਤੇ ਘਰਾਂ ਵਿਚੋਂ ਕੋਈ ਵੀ ਮਾਲਕ ਉੱਥੇ ਉੱਗੇ ਹੋਏ ਦਰਖ਼ਤਾਂ ਨੂੰ ਸਰਕਾਰ ਦੀ ਮਨਜ਼ੂਰੀ ਤੋਂ ਬਿਨਾ ਕੱਟ ਨਹੀਂ ਸਕਦਾ। ਜਮੀਨ 'ਚ ਉੱਗੇ ਹੋਏ ਦਰਖ਼ਤ ਆਪਣੀ ਪੂਰੀ ਉਮਰ ਭੋਗਣ ਬਾਅਦ ਜਦੋਂ ਸੁੱਕ ਜਾਂਦੇ ਹਨ ਉਦੋਂ ਵੀ ਉਨ੍ਹਾਂ ਨੂੰ ਕੋਈ ਨਹੀਂ ਛੇੜਦਾ ਸਾਲਾਂ ਬੱਧੀ ਖੜ੍ਹੇ ਰਹਿੰਦੇ ਹਨ।ਅਖੀਰ ਜਦੋਂ ਜਮੀਨ 'ਤੇ ਗਿਰ ਜਾਂਦੇ ਹਨ ਬਹੁਤ ਸਾਲਾਂ ਬਾਅਦ ਗ਼ਲ਼-ਪਚ ਕੇ ਮਿੱਟੀ ਬਣ ਜਾਂਦੇ ਹਨ।ਇਸੇ ਤਰ੍ਹਾਂ ਸਵੇਰੇ ਸ਼ਾਮ ਹਰ ਤਰ੍ਹਾਂ ਦੇ ਪੰਛੀਆਂ ਦੀਆਂ ਮਨ-ਮੋਹਣੀਆਂ ਅਵਾਜ਼ਾਂ ਤੁਹਾਨੂੰ ਸੁਣਨ ਲਈ ਮਿਲਣਗੀਆਂ ਜਦ ਕਿ ਭਾਰਤ 'ਚ ਬਹੁਤ ਸਾਰੇ ਪੰਛੀਆਂ ਦੀਆਂ ਨਸਲਾਂ ਹੀ ਅਲੋਪ ਹੋ ਕੇ ਖਤਮ ਹੀ ਹੋ ਗਈਆਂ ਹਨ। ਆਸਟ੍ਰੇਲੀਆ ਦੇਸ਼ ਦੀ ਵਿਸ਼ੇਸ਼ ਖਾਸੀਅਤ ਇਹ ਹੈ ਕਿ ਇਸ ਦੇਸ਼ ਦੀ ਸਰਕਾਰ ਸਮੇਤ ਆਮ ਜਨਤਾ ਕੁਦਰਤ ਦੁਆਰਾ ਸਾਜੀ ਹੋਈ ਪ੍ਰਕਿਰਤੀ ਨਾਲ ਕਿਸੇ ਵੀ ਤਰ੍ਹਾਂ ਦੀ ਛੇੜ ਛਾੜ ਨਹੀਂ ਕਰਦੇ।ਉਸ ਦੇ ਵਾਧੇ ਲਈ ਯਤਨ ਤਾਂ ਜਰੂਰ ਕਰਨਗੇ। ਜੇ ਆਪਾਂ ਘਰਾਂ ਲਈ ਵਰਤੋਂ 'ਚ ਲਿਆਂਦੀ ਜਮੀਨ ਦੀ ਹੀ ਗੱਲ ਕਰੀਏ ਉਸ ਨੂੰ ਸਾਵੀਂ ਪੱਧਰੀ ਬਿਲਕੁਲ ਨਹੀਂ ਕਰਨਗੇ। ਜਿਹੋ ਜਹੀ ਉੱਚੀ ਨੀਵੀਂ ਜਮੀਨ ਹੋਵੇਗੀ ਉਸੇ ਤੇ ਹੀ ਘਰ ਬਣਾ ਲੈਣਗੇ। ਇੰਡੀਆ ਦੀ ਤਰ੍ਹਾਂ ਬਹੁਤ ਉੱਚਾ ਚੁੱਕ ਕੇ ਘਰ ਨਹੀਂ ਬਣਾਉਣਗੇ। ਕੁਦਰਤ ਵਲੋਂ ਬਖਸ਼ੇ ਹੋਏ ਰੂਪ ਅਨੁਸਾਰ ਹੀ ਘਰ ਬਣਾ ਦੇਣਗੇ। ਗੱਲ ਕੀ ਇਸ ਦੇਸ਼ ਦਾ ਅਸੂਲ ਹੈ ਕਿ ਕੁਦਰਤ ਵਲੋਂ ਬਣੀ ਹੋਈ ਕਿਸੇ ਵੀ ਚੀਜ਼ ਨਾਲ ਕਿਸੇ ਵੀ ਤਰ੍ਹਾਂ ਦੀ ਛੇੜ-ਛਾੜ ਨਹੀਂ ਕੀਤੀ ਜਾਂਦੀ। ਹਰ ਥਾਵੇਂ ਹਰ ਕਿਸੇ ਦੀ ਚਾਹੇ ਉਹ ਇਨਸਾਨ ਹੈ ਚਾਹੇ ਉਹ ਜਾਨਵਰ ਹੈ ਚਾਹੇ ਉਹ ਪਸ਼ੂ ਹੈ ਚਾਹੇ ਉਹ ਪੰਛੀ ਹੈ ਭਾਵੇਂ ਕੋਈ ਜੜੀ ਬੂਟੀਆਂ ਦਰਖ਼ਤਾਂ ਸਮੇਤ ਹਰ ਤਰ੍ਹਾਂ ਦੀ ਹੋਰ ਬਨਸਪਤੀ ਵੀ ਕਿਉਂ ਨਾ ਹੋਵੇ ਹਰ ਇੱਕ ਦੀ ਪੂਰਨ ਅਜ਼ਾਦੀ ਨਾਲ ਜੀਵਨ ਜੀਊਣ ਦਾ ਪੂਰਾ ਪੂਰਾ ਖਿਆਲ ਰੱਖਿਆ ਜਾਂਦਾ ਹੈ। ਇਸੇ ਹੀ ਤਰ੍ਹਾਂ ਇੱਥੇ ਹਰ ਬੱਚੇ ਤੋਂ ਬੁੱਢੇ ਇਨਸਾਨ ਤੱਕ ਭਾਵੇਂ ਉਹ ਕਿਸੇ ਵੀ ਦੇਸ਼ ਤੋਂ ਇੱਥੇ ਆਇਆ ਹੋਵੇ ਕਿਸੇ ਵੀ ਰੰਗ ਦਾ ਕਿਸੇ ਵੀ ਨਸਲ ਦਾ ਕਿਸੇ ਵੀ ਧਰਮ ਨੂੰ ਮੰਨਣ ਵਾਲਾ ਹੋਵੇ। ਇੱਥੋਂ ਦੇ ਸਿਸਟਮ ਅਨੁਸਾਰ ਉਸ ਨੂੰ ਹਰ ਤਰ੍ਹਾਂ ਦੀ ਅਜ਼ਾਦੀ ਮਾਨਣ ਦਾ ਪੂਰਾ ਅਧਿਕਾਰ ਹੈ।ਦੇਸ਼ ਦੀ ਹਰ ਤਰ੍ਹਾਂ ਦੀ ਕੌਮੀ ਮਲਕੀਅਤ ਤੇ ਵੀ ਉਸ ਦਾ ਪੂਰਾ ਪੂਰਾ ਹੱਕ ਹੈ। ਸਮਾਜ ਸੇਵੀ ਸੰਸਥਾਵਾਂ ਅਤੇ ਸਰਕਾਰਾਂ ਵਲੋਂ ਇਸ ਦੇਸ਼ 'ਚ 0 ਸਾਲ ਦੇ ਨਿੱਕੇ ਬੱਚੇ ਤੋਂ ਲੈ ਕੇ ਮੌਤ ਦੇ ਨਜ਼ਦੀਕ ਪਹੁੰਚੇ 100-150 ਸਾਲ ਦੀ ਅਖੀਰਲੀ ਉਮਰ ਤੱਕ ਦੇ ਬੁੱਢੇ ਦੀ ਹਰ ਲੋੜ ਦਾ ਖਿਆਲ ਰੱਖਿਆ ਜਾਂਦਾ ਹੈ। ਇਸ ਦੇਸ਼ ਨੂੰ ਜੇ ਧਰਤੀ ਦਾ ਸਵਰਗ ਵੀ ਕਹਿ ਦਿੱਤਾ ਜਾਵੇ ਤਾਂ ਕੋਈ ਅਤਿ ਕਥਨੀ ਨਹੀਂ ਹੋਏਗਾ। ਸਾਡੇ ਗੁਰੂਆਂ ਪੀਰਾਂ ਵਲੋਂ ਸਾਨੂੰ ਦਿੱਤੀਆਂ ਗਈਆਂ ਕਦਰਾਂ ਕੀਮਤਾਂ ਵਾਲੀਆਂ ਸਿਖਿਆਵਾਂ ਨੂੰ ਅਸੀਂ ਮੰਨਣ ਵਾਲੇ ਮੰਨਦੇ ਹੋਏ ਵੀ ਪੂਰੀ ਤਰ੍ਹਾਂ ਨਹੀਂ ਮੰਨ ਰਹੇ। ਪਰ ਇਸ ਦੇ ਉਲਟ ਜੋ ਇਸ ਦੇਸ਼ 'ਚ ਰਹਿ ਰਹੇ ਹਨ ਉਹ ਆਪਣੇ ਦਿਲੋਂ ਇਨ੍ਹਾਂ ਸਿਖਿਆਵਾਂ ਅਨੁਸਾਰ ਚਲ ਰਹੇ ਹਨ। ਕਈ ਵਾਰ ਇਹ ਭੁਲੇਖਾ ਪੈ ਰਿਹਾ ਹੈ ਕਿ ਸਾਡੇ ਗੁਰੂਆਂ ਪੀਰਾਂ ਵਲੋਂ ਦਿੱਤੀਆਂ ਸਿਖਿਆਵਾਂ ਮੰਨਣ ਵਾਲੇ ਅਸਲੀ ਚੇਲੇ ਇਹ ਲੋਕ ਹਨ। ਅਸੀਂ ਤਾਂ ਲੋਕਾਂ ਨੂੰ ਬੁੱਧੂ ਬਣਾਉਣ ਦਾ ਐਵੇਂ ਝੂਠਾ-ਮੂਠਾ ਅਡੰਬਰ ਹੀ ਰਚਾ ਰਹੇ ਹਾਂ। ਜਿਨ੍ਹਾਂ ਨੇ 1699 ਦੀ ਵਿਸਾਖੀ ਤੋਂ 326 ਸਾਲ ਬੀਤ ਜਾਣ ਬਾਅਦ ਵੀ ਜਾਤ-ਪਾਤ ਖਤਮ ਕਰਨ ਦੀ ਮਨੁੱਖਤਾ ਨੂੰ ਬਰਾਬਰ ਲਿਆਉਣ ਵਾਲੀ ਦਸਵੇਂ ਗੁਰੂ ਜੀ ਵਲੋਂ ਦਿੱਤੀ ਸਿਖਿਆਵਾਂ ਨੂੰ ਅੱਜ ਤੱਕ ਵੀ ਨਹੀਂ ਮੰਨਿਆ।

ਜਦ ਕਿ ਇਸ ਦੇ ਉਲਟ ਆਸਟ੍ਰੇਲੀਆ ਦੇਸ਼ 'ਚ ਕਿਸੇ ਕਿਸਮ ਦੀ ਕੋਈ ਜਾਤ-ਪਾਤ, ਨਸਲ ਆਦਿ ਦਾ ਭਿੰਨ-ਭੇਦ ਨਹੀਂ ਹੈ। ਸਭ ਨੂੰ ਬਰਾਬਰ ਦੇ ਇਨਸਾਨ ਸਮਝਿਆ ਜਾਂਦਾ ਹੈ। ਇਸੇ ਕਰਕੇ ਇਸ ਦੁਨੀਆਂ 'ਚ ਪੈਦਾ ਹੋਏ ਹਰ ਪ੍ਰਾਣੀ ਸਮੇਤ ਬਨਸਪਤੀ ਦਾ ਹੱਕ ਬਣਦਾ ਹੈ ਕਿ ਆਸਟ੍ਰੇਲੀਆ ਦੀ ਤਰ੍ਹਾਂ ਹੀ ਉਸ ਨਾਲ ਉਸ ਦੇ ਆਪਣੇ ਦੇਸ਼ 'ਚ ਵੀ ਵਰਤਾਓ ਹੋਵੇ। ਇਸ ਮਿਸ਼ਨ ਨੂੰ ਪੂਰਾ ਕਰਨ ਲਈ ਪੰਜਾਬ 'ਚ ਪੈਦਾ ਹੋਏ ਉਸਾਰੂ ਸੋਚ ਦੇ ਕੁੱਝ ਕੁ ਚਿੰਤਕ ਪ੍ਰਾਣੀਆਂ ਵਲੋਂ ਵੀ ਧਰਤੀ ਉੱਤੇ ਹੁੰਦੀ ਛੇੜ-ਛਾੜ ਨੂੰ ਰੋਕ ਕੇ ਹਰਿਆਵਲ ਲਿਆਉਣ ਅਤੇ ਵਾਤਾਵਰਨ ਅਤੇ ਪਾਣੀਆਂ ਦਾ ਗੰਧਲਾਪਨ ਦੂਰ ਕਰਨ ਅਤੇ ਉਸ ਨੂੰ ਸਾਫ ਰੱਖਣ ਦੇ ਯਤਨ ਕੀਤੇ ਜਾ ਰਹੇ ਹਨ। ਜਿਹੜਾ ਕਿ ਬਹੁਤ ਹੀ ਸੁਲਾਹਣਯੋਗ ਉੱਦਮ ਹੈ। ਉੱਥੇ ਹੀ ਗਰੀਬਦਾਸ ਭੁਰੀਵਾਲੇ ਸੰਸਥਾ ਦੇ ਗੱਦੀ ਨਸ਼ੀਨ ਮਹਾਰਾਜ ਸੰਤ ਚੇਤਨਾ ਨੰਦ ਜੀ ਭੁਰੀਵਾਲਿਆਂ ਵਲੋਂ ਵੀ ਜੰਗਲਾ ਅਥਵਾ ਪਹਾੜੀਆਂ ਨਾਲ ਲਗਦੇ ਭਾਰਤ ਦੇ ਕਈ ਰਾਜਾਂ ਜਿਨ੍ਹਾਂ 'ਚ ਹਿਮਾਚਲ ਪ੍ਰਦੇਸ਼, ਉਤਰ ਪ੍ਰਦੇਸ਼, ਹਰਿਆਣਾ, ਝਾਰਖੰਡ ਅਤੇ ਪੰਜਾਬ ਦੇ ਪਹਾੜੀ 'ਤੇ ਨੀਮ ਪਹਾੜੀ ਇਲਾਕਿਆਂ 'ਚ ਵਾਤਾਵਰਨ ਦੀ ਸੰਤੁਲਿਤਾ ਬਣਾਈ ਰੱਖਣ ਲਈ ਬਹੁਤ ਸਾਰੇ ਦਰਖ਼ਤ ਬੂਟੇ ਵੀ ਲਗਵਾਏ ਗਏ ਹਨ। ਪਸ਼ੂਆਂ ਪੰਛੀਆਂ 'ਤੇ ਜੰਗਲੀ ਜੀਵਾਂ ਦੀ ਭੁੱਖ ਅਤੇ ਪਿਆਸ ਬੁਝਾਉਂਣ ਲਈ ਸੀਮਿੰਟ ਇੱਟਾਂ ਦੀਆਂ ਪੱਕੀਆਂ ਹੌਦੀਆਂ (ਖੈਲ਼ਾਂ) ਬਣਾ ਕੇ ਉਨ੍ਹਾਂ 'ਚ ਹਰ ਰੋਜ ਟੈਂਕੀਆਂ ਰਾਹੀਂ ਪਾਣੀ ਪਾਇਆ ਜਾਂਦਾ ਹੈ।

ਪੰਛੀਆਂ ਦੇ ਆਲ੍ਹਣੇ ਬਣਾ ਕੇ ਹਰ ਇੱਕ ਨੂੰ ਖਾਣ ਲਈ ਖਾਣਯੋਗ ਹਰ ਤਰ੍ਹਾਂ ਦੀ ਖ਼ੁਰਾਕ ਵੀ ਰੱਖੀ ਜਾਂਦੀ ਹੈ। ਜਿਹੜਾ ਕਿ ਪ੍ਰਕਿਰਤੀ ਦੇ ਨਿਯਮਾਂ ਅਨੁਸਾਰ ਸਾਰੇ ਬ੍ਰਹਿਮੰਡ ਦੇ ਪ੍ਰਾਣੀਆਂ ਦਾ ਸੰਤੁਲਨ ਬਰਾਬਰ ਬਣਾਈ ਰੱਖਣ ਲਈ ਸਰਕਾਰਾਂ ਸਮੇਤ ਆਮ ਜਨਤਾ ਲਈ ਨੈਤਿਕਤਾ ਵੱਲ ਜਾਣ ਵਾਰੇ ਉਨ੍ਹਾਂ ਦੀ ਰੂਹ ਨੂੰ ਹਲੂਣਾ ਹੈ ਅਤੇ ਇਨਸਾਨੀ ਕਦਰਾ ਕੀਮਤਾਂ ਵੱਲ ਜਾਣ ਵਾਲਾ ਵਡਮੁਲਾ ਸੁਨੇਹਾ ਵੀ ਹੈ।

# ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਬਾਰੇ ਵਿਭਿੰਨ ਵਿਦਵਾਨਾਂ ਦੇ ਵਿਚਾਰ

**(ਸਫਾ 21 ਦੀ ਬਾਕੀ)**

ਖੁਸਰੋ ਨੂੰ ਗੁਰੂ ਜੀ ਵੱਲੋਂ ਆਸ਼ੀਰਵਾਦ ਦੇਣ ਦੀ। ਇਸ ਦੀ ਪੁਸ਼ਟੀ ਬਾਦਸ਼ਾਹ ਦੀ ਆਪਣੀ ਲਿਖਤ ਤੋਂ ਵੀ ਹੋ ਜਾਂਦੀ ਹੈ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਸਮਕਾਲੀ ਲੇਖਕ ਮੁਹਸਿਨ ਫਾਨੀ ਦੀ ਲਿਖਤ ਤੋਂ ਵੀ। ਮੁੱਢਲੀਆਂ ਸਿੱਖ ਲਿਖਤਾਂ ਵੀ ਇਸ ਗੱਲ ਦੀ ਪ੍ਰੋੜਤਾ ਕਰਦੀਆਂ ਹਨ।

ਤੀਜੀ ਗੱਲ ਹੈ ਕਿ ਗੁਰੂ ਜੀ ਨੂੰ ਭਾਰੀ ਜੁਰਮਾਨਾ ਕਰਨ ਦੀ। ਇਸ ਗੱਲ ਦੀ ਪੁਸ਼ਟੀ ਮੋਹਸਿਨਫਾਨੀ ਦੀ ਲਿਖਤ ਤੋਂ ਹੋ ਜਾਂਦੀ ਹੈ "ਜ਼ੁਰਮਾਨੇ ਦੀ ਇੱਕ ਭਾਰੀ ਰਕਮ ਗੁਰੂ ਉੱਤੇ ਥਾਪੀ ਗਈ ਅਤੇ ਗੁਰੂ ਇਸ ਨੂੰ ਅਦਾ ਕਰਨ ਤੋਂ ਅਸਮਰੱਥ ਸੀ"। ਚੌਥੀ ਗੱਲ ਹੈ ਕਿ ਇਹ ਅਮੀਰ ਹਿੰਦੂ (ਚੰਦੂ) ਗੁਰੂ ਜੀ ਦੀ ਸ਼ਹਾਦਤ ਪਿੱਛੋਂ ਭੱਜ ਕੇ ਬੱਚਣਾ ਚਾਹੁੰਦਾ ਸੀ। ਭੱਜਣ ਦੇ ਕਈ ਕਾਰਨ ਹੋ ਸਕਦੇ ਸਨ। ਇੱਕ ਤਾਂ ਇਹ ਹੋ ਸਕਦਾ ਸੀ ਕਿ ਜਿਹੜਾ ਜ਼ੁਰਮਾਨਾ ਤਾਰਨ ਦੀ ਜਾਮਨੀ ਅਮੀਰ ਹਿੰਦੂ ਨੇ ਬਾਦਸ਼ਾਹ ਨੂੰ ਦਿੱਤੀ ਸੀ ਉਹ ਗੁਰੂ ਜੀ ਦੇ ਸ਼ਹੀਦ ਹੋ ਜਾਣ ਕਰਕੇ ਉਸ ਨੂੰ ਆਪ ਤਾਰਨੀ ਪੈਣੀ ਸੀ। ਇਹ ਵੀ ਹੋ ਸਕਦਾ ਸੀ ਕਿ ਉਹ ਗੁਰੂ ਜੀ ਨੂੰ ਸ਼ਹੀਦ ਕਰਨ ਕਰਕੇ ਬਾਦਸ਼ਾਹ ਤੋਂ ਡਰ ਗਿਆ ਹੋਵੇ ਜਾਂ ਉਹ ਸਿੱਖਾਂ ਕੋਲੋਂ ਡਰ ਗਿਆ ਹੋਵੇ।

ਇਸ ਤਰ੍ਹਾਂ ਅਸੀਂ ਪੱਤਰ ਨੂੰ ਮੁੱਢਲੀ ਜਾਣਕਾਰੀ ਦੇਣ ਵਾਲਾ ਇੱਕ ਅਤੀ ਅਹਿਮ ਦਸਤਾਵੇਜ਼ ਜਾਂ ਗਵਾਹੀ ਕਹਿ ਸਕਦੇ ਹਾਂ। ਜਹਾਂਗੀਰ ਦੇ ਬਿਆਨ ਨਾਲੋਂ ਇਸ ਪੱਤਰ ਵਿੱਚ ਦਿੱਤੀ ਗਈ ਜਾਣਕਾਰੀ ਦਾ ਇਹ ਫਰਕ ਹੈ ਕਿ ਇਸ ਵਿੱਚ ਦੱਸਿਆ ਗਿਆ ਹੈ ਕਿ ਗੁਰੂ ਜੀ ਨੂੰ ਬਾਦਸ਼ਾਹ ਨੇ ਕਿਸੇ ਅਮੀਰ ਹਿੰਦੂ ਦੇ ਹਵਾਲੇ ਕਰ ਦਿੱਤਾ ਸੀ ਅਤੇ ਦੂਜਾ ਇਹ ਕਿ ਗੁਰੂ ਸਾਹਿਬ ਅਨੇਕਾਂ ਤਸੀਹੇ ਸਹਿੰਦੇ ਹੋਏ ਸ਼ਹੀਦ ਹੋ ਗਏ ਸਨ।

* ਹਵਾਲਾ ਪੁਸਤਕ: ਸੁਖਦਿਆਲ ਸਿੰਘ (ਡਾ.), ਪੰਜਾਬ ਦਾ ਇਤਿਹਾਸ (ਗੁਰੂ ਕਾਲ :1469-1708), (ਜਿਲਦ ਪੰਜਵੀਂ), ਪੰਜਾਬੀ ਯੂਨੀਵਰਸਿਟੀ ਪਟਿਆਲਾ 2012, ਪੰਨੇ 109-115

# ਕੌਣ ਹਨ ਆਸਟ੍ਰੇਲੀਆ 'ਚ ਇਤਿਹਾਸ ਰਚਣ ਵਾਲੇ ਡਾ. ਪਰਵਿੰਦਰ ਕੌਰ?



ਮਿੰਟੂ ਬਰਾੜ
+61 434 289 905

ਇਹ ਪੰਜਾਬਣ ਆਸਟ੍ਰੇਲੀਆ ਦੀ ਸਿਆਸਤ ਵਿੱਚ ਕਿਸੇ ਵੀ ਰਾਜ ਦੇ ਪਹਿਲੇ ਪੰਜਾਬੀ ਮਹਿਲਾ ਮੈਂਬਰ ਪਾਰਲੀਮੈਂਟ ਬਣੇ ਹਨ। ਇਸ ਤੋਂ ਪਹਿਲਾਂ ਗੁਰਮੇਸ਼ ਸਿੰਘ ਨਿਊ ਸਾਊਥ ਵੇਲਸ ਤੋਂ ਪਹਿਲੇ 'ਸਿੰਘ' ਮੈਂਬਰ ਪਾਰਲੀਮੈਂਟ ਬਣੇ ਸਨ। ਤੇ ਹੁਣ ਡਾ ਪਰਵਿੰਦਰ ਕੌਰ ਨੂੰ ਆਸਟ੍ਰੇਲੀਆ ਦੇ ਤਕਰੀਬਨ ਦੋ ਸੌ ਸਾਲ ਦੇ ਇਤਿਹਾਸ 'ਚ ਪਹਿਲੇ 'ਕੌਰ' ਮੈਂਬਰ ਪਾਰਲੀਮੈਂਟ ਬਣਨ ਦਾ ਸੁਭਾਗ ਮਿਲਿਆ ਹੈ। ਆ ਤੁਹਾਨੂੰ ਮਿਲਾਈਏ ਪੰਜਾਬ ਦੇ ਇਕ ਪਿੰਡ ਤੋਂ ਪੱਛਮੀ ਆਸਟ੍ਰੇਲੀਆ ਦੇ ਪਾਰਲੀਮੈਂਟ ਤੱਕ ਦਾ ਸਫ਼ਰ ਤਹਿ ਕਰਨ ਵਾਲੀ ਮਾਣਮੱਤੀ ਡਾ ਪਰਵਿੰਦਰ ਕੌਰ ਨਾਲ।

ਗੱਲ 2014 ਦੀ ਹੈ। ਸਿੱਖ ਖੇਡਾਂ ਦੇ ਸਿਲਸਿਲੇ 'ਚ ਅਸੀਂ ਪਰਥ ਵਿਚ ਸਾਂ। ਖੇਡਾਂ ਦੌਰਾਨ ਬਹੁਤ ਸਾਰੇ ਚਾਹੁਣ ਵਾਲੇ ਮਿਲੇ। ਇਸੇ ਦੌਰਾਨ ਬਹੁਤ ਹੀ ਖ਼ੂਬਸੂਰਤ, ਹੱਸੂ-ਹੱਸੂ ਕਰਦੇ ਚਿਹਰੇ ਦੀ ਮਾਲਕ ਇੱਕ ਕੁੜੀ ਨੇ ਭੀੜ ਵਿਚੋਂ ਦੀ ਅੱਗੇ ਹੁੰਦੀਆਂ ਸਤਿ ਸ੍ਰੀ ਅਕਾਲ ਬੁਲਾਉਂਦਿਆਂ ਕਿਹਾ, "ਮਿੰਟੂ ਭਾਜੀ ਕਾਫ਼ੀ ਚਿਰ ਤੋਂ ਸੁਣਦੇ ਅਤੇ ਪੜ੍ਹਦੇ ਆ ਰਹੇ ਹਾਂ, ਬੱਸ ਮਿਲਣ ਦਾ ਸਬੱਬ ਨਹੀਂ ਬਣਿਆ।" ਮੇਰੇ ਧੰਨਵਾਦ ਕਹਿਣ ਤੇ ਉਹਨਾਂ ਅੱਗੇ ਗੱਲ ਤੋਰਦਿਆਂ ਦੱਸਿਆ ਕਿ "ਮੇਰਾ ਨਾਮ ਪਰਵਿੰਦਰ ਹੈ ਤੇ ਮੈਨੂੰ ਵੀ ਰੇਡੀਓ ਮੇਜ਼ਬਾਨੀ ਦਾ ਬੜਾ ਸ਼ੌਕ ਹੈ।" ਪਹਿਲੀ ਸੱਟੇ ਮੈਂ ਅਸਲੀ ਪਰਵਿੰਦਰ ਦੇ ਦਰਸ਼ਨ ਨਹੀਂ ਸਾਂ ਕਰ ਸਕਿਆ। ਉਹਨਾਂ ਸਾਨੂੰ ਦੂਜੇ ਦਿਨ ਆਪਣੇ ਦਫ਼ਤਰ ਆਉਣ ਦਾ ਸੱਦਾ ਦੇ ਦਿੱਤਾ। ਇਸ ਦੌਰਾਨ ਮੈਨੂੰ ਏਧਰੋਂ ਉਧਰੋਂ ਪਤਾ ਚੱਲਿਆ ਕਿ ਉਹ ਇੱਕ ਵਿਗਿਆਨੀ ਹਨ। ਜਦੋਂ ਦੂਜੇ ਦਿਨ ਅਸੀਂ ਉਹਨਾਂ ਕੋਲ ਪੁੱਜੇ ਤਾਂ ਚਿੱਟੇ ਕੋਟ 'ਚ ਆਪਣੀ ਲੈਬ 'ਚ ਮਸਰੂਫ਼ ਡਾ ਪਰਵਿੰਦਰ ਨੇ ਸਾਡਾ ਖੁੱਲ੍ਹੇ ਦਿਲ ਨਾਲ ਸਵਾਗਤ ਕੀਤਾ ਅਤੇ ਸਾਰੀ ਯੂਨੀਵਰਸਿਟੀ ਦਾ ਗੇੜਾ ਲਵਾ ਕੇ ਆਪਣੇ ਚੱਲ ਰਹੇ ਕੰਮਾਂ-ਕਾਰਾਂ ਤੋਂ ਜਾਣੂ ਕਰਵਾਇਆ। ਨਵੇਂ ਸ਼ਹਿਰ ਜ਼ਿਲ੍ਹੇ ਦੇ ਪਿੰਡ ਹਿਆਤ ਪੁਰ ਰੁੜਕੀ ਦੇ ਸਰਦਾਰ ਕਸ਼ਮੀਰ ਸਿੰਘ ਜੋ ਕਿ ਭਾਰਤੀ ਫ਼ੌਜ ਵਿਚ ਸੇਵਾ ਨਿਵਿਰਤ ਸਨ ਅਤੇ ਬੀਬੀ ਜਰਨੈਲ ਕੌਰ ਦੇ ਘਰ ਪਰਵਿੰਦਰ ਦਾ ਜਨਮ ਹੋਇਆ। ਉਹ ਕੁਲ ਦੋ ਭੈਣ ਭਰਾ ਹਨ। ਉਹਨਾਂ ਦੀ ਸਕੂਲੀ ਵਿੱਦਿਆ ਵੱਖ-ਵੱਖ ਫ਼ੌਜੀ ਸਕੂਲਾਂ 'ਚ ਹੋਈ। ਜਿਨ੍ਹਾਂ 'ਚ ਜਲੰਧਰ ਕੈਂਟ ਅਤੇ ਅੰਬਾਲਾ ਕੈਂਟ ਜ਼ਿਕਰਯੋਗ ਹਨ। ਇਸ ਉਪਰੰਤ ਉਹਨਾਂ ਪਟਿਆਲੇ ਤੋਂ ਆਪਣੀ ਗਿਆਰ੍ਹਵੀਂ ਅਤੇ ਬਾਰ੍ਹਵੀਂ ਦੀ ਸਿੱਖਿਆ ਹਾਸਲ ਕੀਤੀ। ਭਾਵੇਂ ਫ਼ੌਜ ਦੀ ਨੌਕਰੀ ਕਾਰਨ ਪਰਵਿੰਦਰ ਨੂੰ ਵੱਖ-ਵੱਖ ਥਾਵਾਂ ਤੇ ਰਹਿਣਾ ਪਿਆ ਪਰ ਹਰ ਛੁੱਟੀਆਂ ਪਿੰਡ 'ਚ ਗੁਜ਼ਾਰਨ ਕਾਰਨ ਕਿਤੇ ਨਾ ਕਿਤੇ ਉਸ ਦੀ ਪਿੰਡ ਨਾਲ ਅਤੇ ਖੇਤੀ ਕਿੱਤੇ ਨਾਲ ਸਾਂਝ ਬਹੁਤ ਗੂੜ੍ਹੀ ਕਰ ਦਿੱਤੀ। ਉਹ ਦੱਸਦੇ ਹਨ ਕਿ ਗਿਆਰ੍ਹਵੀਂ 'ਚ ਉਹਨਾਂ ਨੂੰ ਕੁਝ ਨਹੀਂ ਪਤਾ ਸੀ ਕਿ ਮੇਰੀ ਮੰਜ਼ਿਲ ਕੀ ਹੈ! ਭਾਵੇਂ ਮੇਰੀ ਮੁੱਢ ਤੋਂ ਸਾਇੰਸ ਵਿਚ ਰੁਚੀ ਸੀ ਪਰ ਮੈਂ ਗਿਆਰ੍ਹਵੀਂ 'ਚ ਮਿਲੇ-ਜੁਲੇ ਜਿਹੇ ਵਿਸ਼ੇ ਚੁਣ ਲਏ। ਪਰ ਬਾਰ੍ਹਵੀਂ ਤੱਕ ਆਉਂਦੇ-ਆਉਂਦੇ ਮੈਨੂੰ ਏਨਾ ਕੁ ਅਹਿਸਾਸ ਹੋ ਗਿਆ ਸੀ ਕਿ ਬਿਨਾਂ ਟੀਚਾ ਮਿਥਿਆਂ ਕਾਮਯਾਬੀ ਹਾਸਲ ਨਹੀਂ ਹੋ ਸਕਦੀ। ਕੁਝ ਕੁ ਦਿਨਾਂ ਲਈ ਦੰਦਾਂ ਦੀ ਡਾਕਟਰੀ ਚੁਣ ਲਈ ਸੀ, ਭਾਵੇਂ ਮੇਰੀ ਪਸੰਦ ਦੇ ਵਿਸ਼ੇ ਜੀਵ ਵਿਗਿਆਨ (iBology) ਸੀ।





ਪਰ ਉਸੇ ਵਕਤ ਕਿਸਮਤ ਨਾਲ ਮੈਨੂੰ ਲੁਧਿਆਣੇ ਖੇਤੀਬਾੜੀ ਯੂਨੀਵਰਸਿਟੀ 'ਚ ਥਾਂ ਮਿਲ ਗਈ ਉਹ ਵੀ ਸਕਾਲਰਸ਼ਿਪ ਨਾਲ। ਕਿਉਂਕਿ ਮੈਂ ਪਹਿਲੇ ਪੰਜ ਵਿਦਿਆਰਥੀਆਂ 'ਚ ਆਪਣਾ ਨਾਮ ਦਰਜ ਕਰਵਾਉਣ 'ਚ ਕਾਮਯਾਬ ਹੋ ਗਈ ਸੀ। ਪਿੰਡ 'ਚ ਗੁਜ਼ਾਰੇ ਸਮੇਂ ਨੇ ਮੈਨੂੰ ਸਿਖਾ ਦਿੱਤਾ ਸੀ ਕਿ ਅੰਨਦਾਤਾ ਕਹਾਉਣਾ ਕਿੰਨਾ ਕੁ ਔਖਾ। ਸ਼ਾਇਦ ਇਸੇ ਕਰਕੇ ਇਹ ਮੇਰਾ ਜਨੂੰਨ ਬਣ ਗਿਆ।

ਗਰੈਜੂਏਸ਼ਨ ਦੌਰਾਨ ਕੀਤੀ ਮਿਹਨਤ ਦਾ ਫ਼ਲ ਮਾਸਟਰਜ਼ ਲਈ ਸਕਾਲਰਸ਼ਿਪ ਦੇ ਰੂਪ 'ਚ ਮਿਲਿਆ ਤੇ ਮਾਸਟਰਜ਼ 'ਚ ਕੀਤੀ ਮਿਹਨਤ ਦਾ ਫ਼ਲ ਆਸਟ੍ਰੇਲੀਆ ਦੇ ਸ਼ਹਿਰ ਪਰਥ ਦੀ ਮਸ਼ਹੂਰ ਯੂਨੀਵਰਸਿਟੀ ਆਫ਼ ਵੈਸਟਰਨ ਆਸਟ੍ਰੇਲੀਆ ਨੇ ਸਕਾਲਰਸ਼ਿਪ ਦੇ ਰੂਪ 'ਚ ਦਿੱਤਾ। ਜਦੋਂ ਮੈਂ ਆਪਣੇ ਰਿਟਾਇਰ ਹੋ ਚੁੱਕੇ ਪਿਤਾ ਜੀ ਨੂੰ ਦੱਸਿਆ ਕਿ ਮੈਂ ਵਿਦੇਸ਼ ਜਾਣਾ ਤਾਂ ਉਹ ਕਹਿੰਦੇ ਆਪਾ ਇਕ ਛੋਟੇ ਜ਼ਿਮੀਂਦਾਰ ਹਾਂ ਸੋ ਏਨਾ ਖ਼ਰਚ ਕਿਵੇਂ ਕਰਾਂਗੇ? ਜਦ ਮੈਂ ਉਹਨਾਂ ਨੂੰ ਦੱਸਿਆ ਕਿ ਯੂਨੀਵਰਸਿਟੀ ਮੇਰਾ ਸਾਰਾ ਖ਼ਰਚ ਚੁੱਕੇਗੀ। ਤਾਂ ਕਿਸੇ ਨੂੰ ਯਕੀਨ ਨਹੀਂ ਸੀ ਆਇਆ। ਪਰ ਸੱਚ ਦੱਸਾਂ ਮੇਰਾ ਇਕ ਪੈਸਾ ਵੀ ਨਹੀਂ ਲੱਗਿਆ ਇੱਥੇ ਆ ਕੇ ਪੜ੍ਹਨ ਲਿਖਣ ਅਤੇ ਰਹਿਣ ਸਹਿਣ 'ਤੇ।

ਪਰਵਿੰਦਰ ਤੋਂ ਰੁਜ਼ਗਾਰ ਬਾਰੇ ਪੁੱਛਣ ਤੇ ਉਹਨਾਂ ਦੱਸਿਆ ਕਿ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਸਮਝਣਾ ਬਹੁਤ ਜ਼ਰੂਰੀ ਹੁੰਦਾ। ਦੂਜਾ ਉਹ ਭਾਗਾਂ ਵਾਲਾ ਹੁੰਦਾ ਜਿਸ ਨੂੰ ਉਸ ਦੇ ਸ਼ੌਕ ਮੁਤਾਬਿਕ ਕਿੱਤਾ ਮਿਲ ਜਾਵੇ। ਡੀ।ਐਨ।ਏ। ਉੱਤੇ ਕੰਮ ਕਰਨਾ ਮੇਰਾ ਸ਼ੌਕ ਸੀ ਪਰ ਹੁਣ ਮੈਨੂੰ ਇਸ ਦੇ ਪੈਸੇ ਮਿਲਦੇ ਹਨ।

ਇੱਥੇ ਜ਼ਿਕਰਯੋਗ ਹੈ ਕਿ ਪਰਵਿੰਦਰ ਨੇ ਆਸਟ੍ਰੇਲੀਆ ਦੀ ਬਹੁਤ ਵੱਡੀ ਸਮੱਸਿਆ ਉੱਤੇ ਕੰਮ ਕੀਤਾ ਤੇ ਜਿਸ ਕਾਰਨ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਹੱਥੋਂ ਸਨਮਾਨ ਵੀ ਹਾਸਲ ਹੋਇਆ। ਉਹਨਾਂ ਦੇ ਦੱਸਣ ਮੁਤਾਬਕ ਆਸਟ੍ਰੇਲੀਆ ਦੇ ਪਸ਼ੂਆਂ ਦੇ ਚਾਰੇ ਵਿਚ ਕੁਝ ਅਜਿਹੇ ਤੱਤ ਸਨ ਜਿਨ੍ਹਾਂ ਕਾਰਨ ਬਹੁਤ ਜ਼ਿਆਦਾ ਮੀਥਨ ਗੈਸ ਬਣਦੀ ਹੈ ਜੋ ਕਿ ਓਜ਼ੋਨ 'ਚ ਹੋਏ ਸੁਰਾਖ਼ ਲਈ ਜਿਮੇਵਾਰ ਹੈ। ਆਸਟ੍ਰੇਲੀਆ 'ਚ ਬਣਦੀ ਕੁੱਲ ਮੀਥਨ ਗੈਸ ਦਾ ਚਾਲੀ ਪ੍ਰਤੀਸ਼ਤ ਹਿੱਸਾ ਇਸ ਚਾਰੇ ਨੂੰ ਖਾ ਕੇ ਇਹ ਜਾਨਵਰ ਬਣਾਉਂਦੇ ਸਨ। ਪਰ ਪਰਵਿੰਦਰ ਦੀ ਮਿਹਨਤ ਸਦਕਾ ਇਸ 'ਤੇ ਕਾਬੂ ਪੈਣਾ ਸ਼ੁਰੂ ਹੋ ਗਿਆ ਹੈ।

ਜਦੋਂ ਕਰੋਨਾ ਦਾ ਕਾਲ ਦੁਨੀਆ 'ਤੇ ਮੰਡਰਾਉਣਾ ਲੱਗਿਆ ਤਾਂ ਪਰਵਿੰਦਰ ਨੂੰ ਫੇਰ ਸੁਭਾਗ ਮਿਲਿਆ ਮਾਨਵਤਾ ਦੀ ਸੇਵਾ ਕਰਨ ਦਾ। ਜਿਸ ਨੂੰ ਉਸ ਨੇ ਖਿੜੇ ਮੱਥੇ ਲੈਂਦਿਆਂ ਦੱਸਿਆ ਕਿ ਕੋਰੋਨਾ ਦਾ ਡੀ।ਐਨ।ਏ। ਕੋਡ ਫ਼ਸਲਾਂ ਦੇ ਕੋਡ ਨਾਲੋਂ ਬਹੁਤ ਛੋਟਾ ਕੋਡ ਹੈ ਪਰ ਇਸ ਦਾ ਸਿੱਧਾ ਇਨਸਾਨ ਦੀ ਸਿਹਤ ਨਾਲ ਸੰਬੰਧ ਹੈ ਇਸ ਲਈ ਇਸ ਨੂੰ ਹਲਕੇ 'ਚ ਨਹੀਂ ਲਿਆ ਜਾ ਸਕਦਾ। ਉਸ ਨੇ ਸਖ਼ਤ ਮਿਹਨਤ ਕਰਕੇ ਕਰੋਨਾ ਦੇ ਕੋਡ ਨੂੰ ਡੀ ਕੋਡ ਕੀਤਾ।

ਪਰਵਾਰ ਬਾਰੇ ਪੁੱਛਣ ਤੇ ਪਰਵਿੰਦਰ ਦਾ ਕਹਿਣਾ ਹੈ ਕਿ ਮੇਰੀ ਮੰਮੀ ਜੀ ਪਰਵਾਰਿਕ ਮਜਬੂਰੀਆਂ ਕਾਰਨ ਬਚਪਨ 'ਚ ਆਪਣੀ ਪੜਾਈ ਪੂਰੀ ਨਹੀਂ ਸਨ ਕਰ ਸਕੇ ਤੇ ਉਹਨਾਂ ਉਸੇ ਵਕਤ ਹੀ ਆਪਣੇ ਆਪ ਨਾਲ ਵਾਅਦਾ ਕੀਤਾ ਸੀ ਕਿ ਮੈਂ ਆਪਣੇ ਸੁਫ਼ਨੇ ਆਪਣੇ ਬੱਚਿਆਂ ਦੇ ਜਰੀਏ ਪੂਰੇ ਕਰਾਂਗੀ।

ਹਰ ਮਾਂ ਬਾਪ ਵਾਂਗ ਮੇਰੇ ਮਾਂ ਬਾਪ ਦੇ ਸਾਹਮਣੇ ਵੀ ਇੱਕ ਵੱਡੀ ਸਮੱਸਿਆ ਸੀ ਕਿ ਉਹ ਆਪਣੀ ਜ਼ਿੰਦਗੀ ਭਰ ਦੀ ਕਮਾਈ ਆਪਣੇ ਪੁੱਤਰ ਉੱਤੇ ਲਾਉਣ ਜਾਂ ਧੀ ਉੱਤੇ। ਕਿਉਂਕਿ ਇਸ ਵਿੱਚ ਕੋਈ ਦੋ ਰਾਇ ਨਹੀਂ ਹੈ ਕਿ ਸਾਡੇ ਸਮਾਜ ਇਹ ਫ਼ਰਕ ਮੁੱਢ ਕਦੀਮ ਤੋਂ ਚੱਲਦਾ ਆਇਆ ਹੈ। ਪਰ ਮੈਂ ਇੱਥੇ ਵੀ ਖ਼ੁਸ਼ ਕਿਸਮਤ ਰਹੀ ਤੇ ਮੇਰੇ ਮਾਂ ਬਾਪ ਨੇ ਆਪਣੀ ਧੀ ਉੱਤੇ ਵਿਸ਼ਵਾਸ ਜਤਾਇਆ ਅਤੇ ਮੈਨੂੰ ਹਰ ਥਾਂ ਲੋੜ ਤੋਂ ਵੱਧ ਸਾਥ ਦਿੱਤਾ।

ਮੈਂ ਇੱਥੇ ਵੀ ਭਾਗਾਂ ਵਾਲੀ ਰਹੀ ਹਾਂ ਕੇ ਮੈਨੂੰ ਮੇਰੇ ਸਹਿਪਾਠੀ ਅਮਿਤ ਦਾ ਸਾਥ ਮਿਲਿਆ। ਮੇਰੇ ਮਾਂ ਬਾਪ ਭਾਵੇਂ ਵਿਗਿਆਨ ਦੀ ਭਾਸ਼ਾ ਸਮਝਦੇ ਨਹੀਂ ਪਰ ਫੇਰ ਵੀ ਉਹ ਜਦੋਂ ਮੇਰੀ ਹਰ ਗੱਲ 'ਚ ਹੁੰਗਾਰਾ ਭਰਦੇ ਹਨ ਤਾਂ ਮੇਰੀ ਅੱਧੀ ਜਿੱਤ ਤਹਿ ਹੋ ਜਾਂਦੀ ਹੈ। ਅਮਿਤ ਗਿਆਰ੍ਹਵੀਂ ਕਲਾਸ 'ਚ ਪੜ੍ਹਾਈ ਦੌਰਾਨ ਮੇਰਾ ਮੁਕਾਬਲੇਬਾਜ਼ ਸੀ। ਸੰਜੋਗ ਵੱਸ ਲੰਮੇ ਅੰਤਰਾਲ ਬਾਅਦ ਅਸੀਂ ਫੇਰ ਪਰਦੇਸ ਆ ਮਿਲੇ ਅਤੇ ਜੀਵਨ ਸਾਥੀ ਬਣ ਗਏ।

ਆਪਣੇ ਸ਼ੌਕ ਦਾ ਜਨੂੰਨ ਇਸ ਕਦਰ ਭਾਰੂ ਕਿ ਜਦੋਂ ਮੇਰੇ ਘਰ ਪੁੱਤਰ ਦਾ ਜਨਮ ਹੋਇਆ ਭਾਵੇਂ ਮੈਂ ਛੇ ਮਹੀਨਿਆਂ ਦੀ ਛੁੱਟੀ ਲੈ ਸਕਦੀ ਸੀ ਪਰ ਆਪਣੇ ਸ਼ੁਰੂ ਕੀਤੇ ਕਾਰਜ ਨੂੰ ਨਹੀਂ ਸੀ ਛੱਡ ਸਕਦੀ। ਮੇਰਾ ਮੰਨਣਾ ਹੈ ਕਿ ਤੁਸੀਂ ਆਪਣੇ ਹੱਥੀਂ ਲਾਏ ਬੂਟੇ ਨੂੰ ਉਦੋਂ ਨਹੀਂ ਛੱਡ ਸਕਦੇ ਜਦੋਂ ਉਸ ਨੂੰ ਤੁਹਾਡੀ ਬਹੁਤ ਜ਼ਿਆਦਾ ਲੋੜ ਹੈ। ਸੋ ਮੈਂ ਸਿਰਫ਼ ਪੰਦਰਾਂ ਦਿਨਾਂ ਬਾਅਦ ਆਪਣੀ ਲੈਬ 'ਚ ਸੀ ਤੇ ਤਿੰਨ ਮਹੀਨਿਆਂ ਦਾ ਆਪਣਾ ਬੱਚਾ ਛੱਡ ਵੱਖ-ਵੱਖ ਮੁਲਕਾਂ 'ਚ ਰਿਸਰਚ ਦੀ ਲੱਗੀ ਡਿਊਟੀ ਲਈ ਤੁਰ ਪਈ ਸਾਂ। ਇਹ ਇਕ ਵੱਡਾ ਫ਼ੈਸਲਾ ਸੀ ਜੋ ਮੈਂ ਇਕੱਲੀ ਨਹੀਂ ਲੈ ਸਕਦੀ ਸੀ ਅਮਿਤ ਅਤੇ ਮੇਰਾ ਸਹੁਰਾ ਪਰਵਾਰ ਮੇਰੇ ਪਿੱਛੇ ਆ ਖੜਿਆ ਸੀ। ਮੇਰੇ ਮੰਮੀ ਕਹਿੰਦੇ ਸਾਰੀ ਉਮਰ ਪਛਤਾਉਣ ਨਾਲੋਂ ਤੈਨੂੰ ਆਪਣੇ ਮਿਸ਼ਨ ਤੇ ਜਾਣਾ ਚਾਹੀਦਾ ਹੈ। ਮੇਰੇ ਮਨ ਵਿੱਚ ਇਹ ਸੀ ਕੀ ਮੇਰਾ ਪੁੱਤਰ ਵੱਡਾ ਹੋ ਕੇ ਕੀ ਸੋਚੇਗਾ ਕਿ ਮੇਰੀ ਮਾਂ ਮੈਨੂੰ ਏਨੇ ਛੋਟੇ ਨੂੰ ਛੱਡ ਪਰਦੇਸ ਆਪਣੇ ਮਿਸ਼ਨ ਤੇ ਚਲੀ ਗਈ। ਪਰ ਉਸ ਵਕਤ ਮੇਰੇ ਮਾਂ ਬਾਪ ਨੇ ਸਮਝਾਇਆ ਕਿ ਉਹ ਵੱਡਾ ਹੋ ਕੇ ਤੇਰੇ ਤੇ ਮਾਨ ਕਰੇਗਾ। ਇਹ ਸੱਚ ਵੀ ਹੋ ਰਿਹਾ ਮੇਰੇ ਸਾਰੇ ਵੱਡੇ ਮਾਰ੍ਹਕੇ ਉਸੇ ਵਕਤ ਮੈਨੂੰ ਮਿਲੇ। ਜੇਕਰ ਮੇਰਾ ਪਰਵਾਰ ਮੈਨੂੰ ਹੱਲਾਸ਼ੇਰੀ ਨਾ ਦਿੰਦਾ ਸ਼ਾਇਦ ਮੈਂ ਹਾਸਲ ਨਾ ਕਰ ਪਾਉਂਦੀ। ਤਿੰਨ ਮਹੀਨੇ ਬਾਅਦ ਜਦ ਮੈਂ ਘਰ ਵਾਪਸ ਆਈ ਤਾਂ ਮੇਰੇ ਪੁੱਤਰ 'ਅਕਸ਼ਰ' ਨੇ ਮੈਨੂੰ ਪਛਾਣਿਆ ਤੱਕ ਨਹੀਂ ਸੀ। ਇੱਕ ਮਾਂ ਲਈ ਇਹ ਪਲ ਬਹੁਤ ਔਖੇ ਹੁੰਦੇ ਹਨ। ਪਰ ਕੁਝ ਪਾਉਣ ਲਈ ਗੁਆਉਣ ਤਾਂ ਪੈਂਦਾ ਹੀ ਹੈ। ਪਰ ਉਸ ਤੋਂ ਬਾਅਦ ਮੈਂ ਆਪਣੇ ਪੁੱਤਰ ਨੂੰ ਹਰ ਥਾਂ ਨਾਲ ਰੱਖਿਆ। ਜਦੋਂ ਉਹ ਹਾਲੇ ਏ ਬੀ ਸੀ ਵੀ ਨਹੀਂ ਸੀ ਜਾਣਦਾ ਪਰ ਮੇਰੇ ਨਾਲ ਲੈਕਚਰ ਸੁਣਦਾ ਕਾਨਫਰੈਂਸ ਤੇ ਜਾਂਦਾ, ਕਲਾਸਾਂ ਲਾਉਂਦਾ। ਇਹ ਤਾਂ ਸ਼ੁਕਰ ਹੈ ਇਸ ਮੁਲਕ ਦਾ ਜੋ ਇੱਕ ਮਾਂ ਦੀ ਇਸ ਜੱਦੋ ਜਹਿਦ ਨੂੰ ਸਮਝਦੇ ਹੋਏ ਹਰ ਹਾਲਾਤ ਵਿੱਚ ਸਹਿਯੋਗ ਦਿੰਦਾ ਹੈ। ਅੱਜ ਗਿਆਰਾਂ ਵਰ੍ਹਿਆਂ ਦਾ ਮੇਰੇ ਪੁੱਤਰ ਚੋਂ ਮੈਨੂੰ ਜਦੋਂ ਪਰਪੱਕਤਾ ਦਿਸਦੀ ਹੈ ਤਾਂ ਮਹਿਸੂਸ ਹੁੰਦਾ ਹੈ ਕਿ ਮਿਹਨਤ ਅਜਾਈਂ ਨਹੀਂ ਗਈ।

ਪਰਵਿੰਦਰ ਦਾ ਭਰਾ ਵੀ ਭੈਣ ਦੀਆਂ ਪੈੜਾਂ ਨੱਪਦਾ, ਵਜ਼ੀਫ਼ੇ ਲੈਂਦਾ ਆਸਟ੍ਰੇਲੀਆ ਆ ਪੁੱਜਿਆ। ਉਹ ਵੀ ਅੱਜਕੱਲ੍ਹ ਪੱਛਮੀ ਆਸਟ੍ਰੇਲੀਆ ਵਿੱਚ ਇੱਕ ਕੌਂਸਲਰ ਵਜੋਂ ਆਪਣੀਆਂ ਸੇਵਾਵਾਂ ਨਿਭਾ ਰਿਹਾ ਹੈ। ਅੱਜ ਦੋਨੋਂ ਪਰਵਾਰ ਪਰਥ ਵਿਖੇ ਨਾਲ-ਨਾਲ ਘਰ ਪਾ ਕੇ ਇਕ ਸਾਂਝੇ ਪਰਵਰ ਵਾਂਗ ਵਿਚਰ ਰਹੇ ਹਨ।

ਪਰਵਿੰਦਰ ਇਕ ਬਹੁਤ ਹੀ ਖ਼ੂਬ-ਸੂਰਤ ਅਤੇ ਖ਼ੂਬ-ਸੀਰਤ ਵਾਲੀ ਕੁੜੀ ਹੈ। ਇਹ ਵੀ ਨਹੀਂ ਕਹਿ ਸਕਦੇ ਕਿ ਉਹ ਆਧੁਨਿਕ ਨਹੀਂ ਹੈ, ਉਹ ਨਵੇਂ ਖ਼ਿਆਲਾਂ ਦੀ ਹੈ, ਮਰਜ਼ੀ ਨਾਲ ਬਣਦੀ ਸੰਵਰਦੀ ਹੈ, ਮਰਜ਼ੀ ਦੇ ਕੱਪੜੇ ਪਾਉਂਦੀ ਹੈ, ਉਸ ਨੂੰ ਪੇਕਿਆਂ ਨੇ ਆਜ਼ਾਦੀ ਦਿੱਤੀ, ਉਸ ਦੇ ਸਹੁਰਿਆਂ ਨੇ ਉਸ ਦੀ ਆਜ਼ਾਦੀ ਬਰਕਰਾਰ ਰੱਖੀ ਪਰ ਉਸ ਨੇ ਉਸ ਆਜ਼ਾਦੀ ਨੂੰ ਮਾਣਿਆ ਨਾ ਕਿ ਉਸ ਦਾ ਨਾਜਾਇਜ਼ ਫ਼ਾਇਦਾ ਚੁੱਕਿਆ। ਪਰ ਉਸ ਨੇ ਕਦੇ ਸਸਤੀ ਸ਼ੁਹਰਤ ਦਾ ਰਾਹ ਨਹੀਂ ਚੁਣਿਆ। ਉਹ ਇਕ ਪਹਿਲੇ ਸਫ਼ਿਆਂ ਦੀ ਵਿਗਿਆਨੀ ਬਣੀ ਪਰ ਨਾ ਤਾਂ ਉਹ ਰੱਬ ਨੂੰ ਭੁੱਲੀ ਹੈ ਨਾ ਵਿਰਸੇ ਨੂੰ। ਵਿਗਿਆਨ ਦੇ ਨਾਂ ਤੇ ਰੱਬ ਤੋਂ ਮੁਨਕਰ ਹੋਣਾ ਸਹੀ ਰਾਹ ਨਹੀਂ ਹੈ। ਸਗੋਂ ਜੋ ਸਾਡੇ ਗ੍ਰੰਥਾਂ 'ਚ ਪਹਿਲਾਂ ਤੋਂ ਹੀ ਦਰਜ ਹੈ ਵਿਗਿਆਨ ਉਸੇ ਨੂੰ ਹੀ ਆਪਣਾ ਅਧਾਰ ਬਣਾ ਕੇ ਚੱਲ ਰਿਹਾ ਹੈ। ਸਾਨੂੰ ਮੰਨਣਾ ਪੈਣਾ ਹੈ ਕਿ ਦੁਨੀਆ 'ਤੇ ਕੋਈ ਤਾਂ ਸਿਰਮੌਰ ਤਾਕਤ ਹੈ ਜੋ ਇਹ ਸਭ ਚਲਾ ਰਹੀ ਹੈ। ਵਿਰਸੇ ਨੂੰ ਸਾਂਭਣ ਲਈ ਪਰਵਿੰਦਰ ਤੁਹਾਨੂੰ ਕਦੇ ਪਰਥ 'ਚ ਹੁੰਦੇ ਸਭਿਆਚਾਰਕ ਪ੍ਰੋਗਰਾਮ 'ਚ ਹਿੱਸਾ ਲੈਂਦੀ ਦਿਖਾਈ ਦੇਵੇਗੀ ਕਦੇ ਰੇਡੀਓ 'ਤੇ ਮੇਜ਼ਬਾਨੀ ਕਰਦੀ ਸੁਣਾਈ ਦੇਵੇਗੀ।

ਯੂਨੀਵਰਸਿਟੀ ਵਿੱਚ ਇੱਕ ਸਹਾਇਕ ਪ੍ਰੋਫੈਸਰ ਵਜੋਂ ਕੰਮ ਕਰਦਿਆਂ ਉਸ ਨੇ ਨਾਲ-ਨਾਲ ਸਰਕਾਰੇ ਦਰਬਾਰੇ ਵੀ ਆਪਣੀ ਹਾਜ਼ਰੀ ਲਗਵਾਉਣੀ ਸ਼ੁਰੂ ਕੀਤੀ। ਜਿਸ ਦੌਰਾਨ ਉਸ ਨੂੰ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਤੋਂ ਲੈ ਕੇ ਬਹੁਤ ਸਾਰੇ ਮੰਤਰੀਆਂ ਅਤੇ ਵੱਡੇ ਮਹਿਕਮਿਆਂ 'ਚ ਕੰਮ ਕਰਨ ਦਾ ਮੌਕਾ ਮਿਲਿਆ। ਉਹਨਾਂ ਦੀਆਂ ਇਹਨਾਂ ਰੁਚੀਆਂ ਨੂੰ ਦੇਖਦੇ ਹੋਏ ਪੱਛਮੀ ਆਸਟ੍ਰੇਲੀਆ ਦੀ ਲੇਬਰ ਪਾਰਟੀ ਨੇ ਉਹਨਾਂ ਨੂੰ ਉਤਲੇ ਸਦਨ ਲਈ ਆਪਣਾ ਨੁਮਾਇੰਦਾ ਬਣਾਉਂਦੇ ਹੋਏ ਟਿਕਟ ਦਿੱਤੀ। ਜਿਸ ਨੂੰ ਉਹ ਅਸਾਨੀ ਨਾਲ ਜਿੱਤਣ 'ਚ ਕਾਮਯਾਬ ਹੋਏ। ਸੌਂਹ ਚੁੱਕਣ ਤੋਂ ਪਹਿਲਾਂ ਹੀ ਉਹਨਾਂ ਨੇ ਇੱਕ ਮਨਸ਼ਾ ਜ਼ਾਹਿਰ ਕਰਦੇ ਹੋਏ ਕਿਹਾ ਕਿ ਉਹ ਇੱਕ ਸਿਆਸਤਦਾਨ ਨਾਲੋਂ ਦੁਨੀਆ ਦਾ ਸਭ ਤੋਂ ਚੰਗਾ ਸਾਂਸਦ ਬਣਨ 'ਚ ਵਿਸ਼ਵਾਸ ਰੱਖਦੇ ਹਨ।

ਅਖੀਰ 'ਚ ਪਰਵਿੰਦਰ ਕੌਰ ਨੇ ਜੋ ਸੁਨੇਹਾ ਦਿੱਤਾ ਉਹ ਇਹ ਸੀ ਕਿ ਆਪਣਾ ਇਕ ਨਿਸ਼ਾਨਾ ਮਿਥੋ, ਉਸ ਤੇ ਧਿਆਨ ਕੇਂਦਰਿਤ ਕਰ ਲਵੋ ਤੇ ਜਦੋਂ ਤੁਸੀਂ ਉਸ ਨੂੰ ਹਾਸਲ ਕਰ ਲਵੋ ਤਾਂ ਹੋਰ ਵੀ ਨਿਮਰ ਹੋ ਜਾ । ਕਿਉਂਕਿ ਇਹੋ ਜਿਹੀ ਕਾਮਯਾਬੀ ਕਦੇ ਵੀ ਆਲ਼ੇ ਦੁਆਲ਼ੇ ਦੇ ਸਹਿਯੋਗ ਬਿਨਾ ਨਹੀਂ ਮਿਲ ਸਕਦੀ। ਸੋ ਵਾਹਿਗੁਰੂ ਸਮੇਤ ਸਭ ਦਾ ਸ਼ੁਕਰਗੁਜ਼ਾਰ ਹੋਣਾ ਹੀ ਕਾਮਯਾਬੀ ਦਾ ਅਸਲ ਸ਼ਿਖਰ ਹੈ। ਸੋ ਇਹ ਸੀ ਪ੍ਰੋ ਪਰਵਿੰਦਰ ਕੌਰ (ਡਾ.) ਦੀ ਵੱਡੀ ਕਾਮਯਾਬੀ ਦਾ ਸੰਖੇਪ ਵਰਣਨ।

## ਹਾਸ ਵਿਅੰਗ

# ਸ਼ਗਨ ਵਾਲਾ ਲਿਫਾਫਾ

ਸੁਖਬੀਰ ਸਿੰਘ ਖੁਰਮਣੀਆਂ

ਨਿਮਾਣਾ ਸਿਹੁੰ ਦੇ ਇਕ ਸਾਥੀ ਦੇ ਲੜਕੇ ਦਾ ਵਿਆਹ ਸੀ। ਨਿਮਾਣਾ ਸਿਹੁੰ ਨੂੰ ਵੀ ਸੱਦਾ ਪੱਤਰ ਆਇਆ। ਵਿਆਹ ਤੋਂ ਦੋ ਚਾਰ ਦਿਨ ਬਾਅਦ ਨਿਮਾਣਾ ਪਰਿਵਾਰ ਸਮੇਤ ਉਨ੍ਹਾਂ ਦੇ ਘਰ ਮਿਲਣ ਗਿਆ। ਰਸਮੀ ਤੌਰ ਤੇ ਮਿਲਣ ਤੋਂ ਬਾਅਦ ਕਿਹਾ, ਭਾਅ ਜੀ, ਤੁਹਾਡੇ ਬੇਟੇ ਦਾ ਵਿਆਹ ਬਹੁਤ ਵਧੀਆ ਹੋਇਆ, ਬਹੁਤ ਵਧੀਆ ਪ੍ਰਬੰਧ ਸੀ। ਤੁਹਾਨੂੰ ਰਿਸ਼ਤੇਦਾਰ ਵੀ ਬੜੇ ਚੰਗੇ ਮਿਲੇ। ਵਿਆਹ ਵੇਖ ਮਨ ਖ਼ੁਸ਼ ਹੋ ਗਿਆ। ਨਿਮਾਣੇ ਦੇ ਸਾਥੀ ਦੀ ਸ਼੍ਰੀਮਤੀ ਜੀ ਬੋਲ਼ੇ, ਗੱਲਾਂ ਬਾਤਾਂ ਤਾਂ ਫਿਰ ਹੁੰਦੀਆਂ ਰਹਿਣਗੀਆਂ। ਭਾਅ-ਜੀ ਆਏ ਹਨ ਇਨ੍ਹਾਂ ਨੂੰ ਨਾਲ ਲੈ ਕੇ ਸ਼ਗਨ ਵਾਲੇ ਲਿਫ਼ਾਫ਼ੇ ਵੇਖ ਲਓ। ਜਿਹਨਾਂ ਕੋਲੋਂ ਤੁਸੀਂ ਪੈਸੇ ਉਧਾਰ ਫੜ੍ਹੇ ਸੀ, ਇਹ ਪੈਸੇ ਉਹਨਾਂ ਨੂੰ ਵਾਪਸ ਕਰ ਆਇਓ। ਫਿਰ ਵੀ ਕਿਤੇ ਜ਼ਿੰਦਗੀ ਵਿਚ ਬੰਦੇ ਦੀ ਲੋੜ ਹੁੰਦੀ ਆ।

ਰੱਬ ਦਾ ਨਾਂਅ ਧਿਆ ਕੇ ਸ਼ਗਨ ਵਾਲੇ ਲਿਫ਼ਾਫਿਆਂ ਵਿੱਚ ਸਭ ਤੋਂ ਪਹਿਲਾਂ ਇਕ ਸਵਾ ਫੁਟ ਤੋਂ ਵੱਡਾ ਲਿਫ਼ਾਫਾ ਖੋਲ੍ਹਿਆ। ਲੰਮੀ ਬਾਂਹ ਕਰਕੇ ਉਸ ਵਿੱਚੋਂ ਇੱਕੀ ਸੌ ਰੁਪਈਆ ਨਿਕਲਿਆ। ਸਾਰੇ ਬੜਾ ਖ਼ੁਸ਼ ਹੋਏ ਕਿ ਵੇਖੋ! ਸ਼ੁਰੂਆਤ ਕਿੰਨੀ ਵਧੀਆ ਹੋਈ ਜੇ! ਘਰ ਵਾਲਿਆਂ ਦੇ ਚਿਹਰੇ ਤੇ ਵੱਖਰਾ ਨੂਰ ਛਲਕਣ ਲੱਗਾ। ਸ਼੍ਰੀਮਤੀ ਜੀ ਚਾਹ ਬਣਾ ਕੇ ਲਿਆਏ। ਉਹਨਾਂ ਜਦ ਇੱਕੀ ਸੌ ਵਾਲ਼ਾ ਲਿਫ਼ਾਫ਼ਾ ਵੇਖਿਆ ਤਾਂ ਉਸ ਉਪਰ। ''ਸ਼ੁਭ ਇੱਛਾਵਾਂ'' ਲਿਖਿਆ ਹੋਇਆ ਸੀ।

ਲਿਫ਼ਾਫ਼ੇ ਦੇ ਅੰਦਰੋਂ ਨਾਂਵਾਂ ਦੀ ਇੱਕ ਲੰਮੀ ਲਿਸਟ ਨਿਕਲੀ। ਸ਼੍ਰੀਮਤੀ ਜੀ ਇੱਕੀ ਸੌ ਨੂੰ ਤੇਰ੍ਹਾਂ ਤੇ ਭਾਗ ਦਿੰਦੀ ਚਾਹ ਵਾਂਗ ਉਬਾਲੇ ਖਾਣ ਲੱਗੀ। ਉਸ ਦੇ ਮੂੰਹ ਵਿੱਚੋਂ ਤਿੱਖੇ ਬੋਲ ਨਿਕਲਣ ਲੱਗੇ ਜਿਵੇਂ ਪੈਂਤੀ ਦੀ ਸਪੀਡ ਵਾਲਾ ਰਿਕਾਰਡ ਗਲਤੀ ਨਾ਼ਲ ਪੰਜ਼ਤਾਲੀ ਦੀ ਸਪੀਡ ਤੇ ਲੱਗ ਗਿਆ ਹੋਵੇ। ਤੇਜ਼ ਬੋਲਣ ਕਰਕੇ ਉਸਦੇ ਵਿਅੰਗਮਈ ਤੇ ਗਰਮ ਬੋਲ ਪੂਰੀ ਤਰ੍ਹਾਂ ਸਮਝ ਨਹੀਂ ਆ ਰਹੇ ਸਨ। ਹਾਂ, ਕੁੱਝ ਬੋਲ ਪੱਲੇ ਪਏ ਜਿਵੇਂ ਕਹਿ ਰਹੀ ਹੋਵੇ ਦੋ ਹਜ਼ਾਰ ਦੀ ਪਲੇਟ ਤੇ ਚਾਰ ਸੌ ਦਾ ਡੱਬਾ--। ਉਹ ਲਗਾਤਾਰ ਬੋਲਦੀ ਜਾ ਰਹੀ ਸੀ, ਹੋਰ ਤੇ ਹੋਰ ਕਈ ਤੁਹਾਡੇ ਸਾਥੀ ਤਾਂ ਦੋ-ਦੋ ਚਾਰ- ਚਾਰ ਜਣੇ ਨਾਲ ਹੋਰ ਲੈ ਕੇ ਆਏ ਸੀ, ਜਿਵੇਂ ਇਥੇ --।

ਭੈਣ ਜੀ ਚੁੱਪ ਕਰੋ, ਇਹ ਅੱਗੇ ਹੀ ਦਿਲ ਦੇ ਮਰੀਜ਼ ਨੇ। ਇਹ ਟੈਨਸ਼ਨ ਬੜੀ ਛੇਤੀ ਲੈ ਜਾਂਦੇ ਜੇ। ਛੱਡੋ, ਜੋ ਹੋ ਗਿਆ ਸੋ ਹੋ ਗਿਆ। ਕੀ ਫ਼ਾਇਦਾ ਲਕੀਰ ਕੁਟਣ ਦਾ? ਸ਼ੁਕਰ ਕਰੋ ਭੈਣ ਜੀ ਅਗਲੇ ਆਪਣਾ ਕੀਮਤੀ ਸਮਾਂ ਕੱਢ ਕੇ ਆਏ। ਨਿਮਾਣੇ ਨੇ ਰਿਸ਼ਤੇਦਾਰ ਦੀ ਪਤਨੀ ਨੂੰ ਸਮਝਾ ਕੇ ਸ਼ਾਂਤ ਕੀਤਾ। ਏਨੀ ਦੇਰ ੱਚ ਸ਼੍ਰੀਮਤੀ ਜੀ ਦਾ ਫ਼ੂਨ ਵੱਜਿਆ।

ਫ਼ੂਨ ਚੁੱਕਦਿਆਂ ਅੱਗੋਂ ਆਵਾਜ਼ ਆਈ ਭੈਣ ਜੀ ਕੀ ਹਾਲ ਏ?, ਭੈਣ ਜੀ ਵਿਆਹ ਵੇਖ ਕੇ ਸਾਨੂੰ ਬਹੁਤ ਆਨੰਦ ਆਇਆ, ਮਨ ਖੁਸ਼ ਹੋ ਗਿਆ। ਹਾਂ ਜਿਹੜੇ ਤੁਸੀਂ ਮੇਰੀ ਵੱਡੀ ਬੇਟੀ ਦੇ ਕੱਪੜੇ ਬਣਾਉਣੇ ਹਨ ਨਾ, ਉਹ ਸਿਲਕ ਦਾ ਸੂਟ ਪਾਉਂਦੀ ਜੇ, ਜ਼ਰਾ ਧਿਆਨ ਰੱਖਣਾ। ਸਾਡਾ ਪ੍ਰਾਹੁਣਾ ਵੀ ਫੁੱਲ ਵੈਲ ਦੀ ਸਾਢੇ ਸੱਤ ਮੀਟਰ ਤੋਂ ਘੱਟ ਪੱਗ ਨਹੀਂ ਜੇ ਬੰਨ ਦਾ--। ਉਨ੍ਹਾਂ ਦੀ ਤਿੰਨ ਸਾਲ ਦੀ ਬੇਟੀ ਲਈ ਭਾਵੇਂ ਗਰਮੀਂ ੱਚ ਪਾਉਣ ਵਾਲੇ ਰੈਡੀਮੇਟ ਹੀ ਕੱਪੜੇ ਲੈ ਆਇਓ--।

ਸ਼੍ਰੀਮਤੀ ਜੀ ਨੇ ਗੱਲ ਪੂਰੀ ਸੁਣਨ ਤੋਂ ਪਹਿਲਾਂ ਹੀ ਫ਼ੂਨ ਕੱਟ ਦਿੱਤਾ। ਅਖੇ ਦੇ ਕੇ ਦੋ ਸੌ ਰੁਪਈਆ ਗਏ। ਤਿੰਨ ਜਣੇ ਵਿਆਹ ਖਾਅ ਗਏ। ਸਾਡੇ ਕੋਲੋਂ ਚਾਰ ਹਜ਼ਾਰ ਦੇ ਕੱਪੜੇ ਭਾਲਦੇ ਆ---। ਫ਼ੂਨ ਅਜੇ ਸ਼੍ਰੀਮਤੀ ਜੀ ਦੇ ਹੱਥ ੱਚ ਹੀ ਸੀ ਕਿ ਫਿਰ ਘੰਟੀ ਵੱਜੀ। ਅੱਗਿਓਂ ਕੋਈ ਹਿੰਦੀ ੱਚ ਬੋਲਿਆ। ਇਹ ਫ਼ੂਨ ਤੁਸੀਂ ਸੁਣੋ ਸਪੀਕਰ ਲਾ ਕੇ, ਕੋਈ ਤੁਹਾਡਾ ਈ ਸਾਥੀ ਲੱਗਦਾ ਜੇ। ਮੈਂ ਰਸੋਈ ਸੰਭਾਲਾਂ ਤੇ ਰੋਟੀ ਪਾਣੀ ਦਾ ਇੰਤਜ਼ਾਮ ਕਰਾਂ।

ਨਿਮਾਣੇ ਦੇ ਸਾਥੀ ਨੇ ਹੈਲੋ ਕਿਹਾ ਤਾਂ ਅੱਗਿਓਂ ਆਵਾਜ਼ ਆਈ, ਨਮਸਤੇ ਜੀ, ਮੈਂ -- ਬੋਲ ਰਹਾਂ ਹੂੰ, ਮੈਂ ਸ਼ਾਦੀ ਮੇਂ ਨਹੀਂ ਆ ਸਕਾ, ਉਸ ਦਿਨ ਮੈਂ ਕੁੱਝ ਜਿਆਦਾ ਢੀਲਾ ਹੋ ਗਿਆ ਥਾ। ਬਾਤ ਯਹ ਹੁਈ ਕਿ ਆਪਕੇ ਬੇਟੇ ਕੀ ਸ਼ਾਦੀ ਸੇ ਦੋ ਦਿਨ ਪਹਿਲੇ ਏਕ ਔਰ ਸ਼ਾਦੀ ਥੀ, ਉਸ ਸ਼ਾਦੀ ਮੇਂ ਕੁੱਝ ਜਿਆਦਾ ਹੀ ਖਾਇਆ ਪੀਆ ਗਿਆ। ਮਜ਼ੇ ਕੀ ਬਾਤ ਬਤਾਊਂ ਕਿ ਨਸ਼ਾ ਇਤਨਾ ਜਿਆਦਾ ਚੜ੍ਹ ਗਿਆ ਥਾ ਕਿ ਮੈ ਵਹਾਂ ਸ਼ਗਨ ਵਾ਼ਲਾ ਲਿਫ਼ਾਫ਼ਾ ਦੇਣਾ ਹੀ ਭੂਲ ਗਿਆ। ਉਹ ਤਾਂ ਅੱਛਾ ਹੁਆ ਕਿ ਉਸ ਦਿਨ ਛੁੱਟੀ ਥੀ। ਹਮ ਘਰ ਕੇ ਸਭੀ ਮੈਂਬਰ ਸ਼ਾਦੀ ਮੇਂ ਗਏ ਥੇ। ਮੇਰੇ ਕੋ ਘਰਵਾਲੇ ਚੁੱਕ ਚੁੱਕਾ ਸੰਭਾਲ ਕੇ ਘਰ ਲੇ-ਆਏ। ਕੋਈ ਬਾਤ ਨਹੀਂ ਚਿੰਤਾ ਮਤ ਕਰਨਾ ਹਮ ਪਰਿਵਾਰ ਸਮੇਤ ਆਪ ਕੇ ਦਰਸ਼ਨ ਕਰਨੇ ਆਏਂਗੇ।

ਉਹ ਬੋਲੀ ਜਾ ਰਿਹਾ ਸੀ ਕਿ ਸ਼੍ਰੀਮਤੀ ਜੀ ਨੇ ਆਣ ਕੇ ਫ਼ੂਨ ਦਾ ਸਵਿੱਚ ਆਫ ਕਰ ਦਿੱਤਾ ਤੇ ਘਰਵਾਲੇ ਵੱਲ ਘੂਰੀ ਵੱਟਦਿਆਂ ਦੰਦ ਕਰੀਚਦੀ ਦਾਲ ਨੂੰ ਲੱਗਣ ਵਾਲੇ ਤੜਕੇ ਲਈ ਰੱਖੇ ਪਿਆਜ਼ ਅਦਰਕ ਆਦਿ ਨੂੰ ਮਿਕਸੀ ੱਚ ਪਾ ਮਿਕਸੀ ਦੀ ਘਾਂਅ ਘਾਂਅ ਕਰਾਉਣ ਲੱਗੀ।

ਇਨੇ ਚਿਰ ਨੂੰ ਬਿਨਾਂ ਨਾਮ ਲਿਖੇ ਅੱਠ-ਦਸ ਲਿਫ਼ਾਫ਼ੇ ਨਿਕਲ ਆਏ। ਉਨ੍ਹਾਂ ਵਿਚੋਂ ਸੌ-ਸੌ ਰੁਪਈਆ ਹੀ ਨਿਕਲਿਆ। ਸ਼੍ਰੀਮਤੀ ਜੀ ਕੱਝ ਬੋਲਦੇ, ਉਸ ਤੋਂ ਪਹਿਲਾਂ ਹੀ ਨਿਮਾਣਾ ਬੋਲ ਪਿਆ, ਭੈਣ ਜੀ ਇਹ ਉਹ ਲਿਫ਼ਾਫ਼ੇ ਹੁੰਦੈ ਜਿਹੜੇ ਫੋਟੋ ਖਿਚਾਉਣ ਲਈ ਸਟੇਜ਼ ਦੇ ਉਪਰ ਨਵੀਂ ਵਿਆਹੀ ਜੋੜੀ ਨੂੰ ਸ਼ਗਨ ਦਿੱਤਾ ਜਾਂਦੈ। ਇਹ ਤਾਂ ਫਾਰਮੈਲਟੀ ਕੀਤੀ ਜਾਂਦੀ ਹੈ।

ਇਕ ਨੇ ਤਾਂ ਸ਼ਗਨ ਵਾਲੇ ਲਿਫ਼ਾਫ਼ੇ 'ਤੇ ਗੈਸ ਸਿਲੰਡਰ ਦੀ ਸੀਲ ਤੋਂ ਵੀ ਵੱਧ ਪੰਜ ਸੱਤ ਵਲ ਮਾਰੇ ਹੋਏ ਸਨ। ਧਾਗੇ ਨੂੰ ਪੀਚਵੀਆਂ ਗੰਢਾਂ ਦਿੱਤੀਆਂ ਸਨ। ਸਾਰੇ ਬੜੀ ਉਤਸੁਕਤਾ ਨਾਲ ਲਿਫ਼ਾਫ਼ੇ ਵੱਲ ਵੇਖਣ ਲੱਗੇ ਜਿਵੇਂ ਬੋਰਡ ਦਾ ਨਤੀਜਾ ਵੇਖੀ-ਦਾ। ਜਦੋਂ ਗੰਢਾਂ ਨਹੁੰਆਂ ਨਾਲ ਵੀ ਨਾ ਖੁੱਲ੍ਹੀਆਂ ਤਾਂ ਧਾਗੇ ਨੂੰ ਕੈਂਚੀ ਨਾ਼ਲ ਕੱਟਣ ਉਪਰੰਤ ਉਸ ਲਿਫ਼ਾਫ਼ੇ ਵਿਚੋਂ ਸੈਲੋ ਟੇਪ ਨਾਲ ਕਈ ਥਾਵਾਂ ਤੋਂ ਜੁੜਿਆ ਸੌ ਦਾ ਨੋਟ ਨਿਕਲਿਆ। ਸ਼੍ਰੀਮਤੀ ਜੀ ਨੇ ਬੁੜ-ਬੁੜ ਕਰਦਿਆਂ ਨਿਮਾਣੇ ਦੇ ਸਾਥੀ ਵੱਲ ਇਸ ਤਰ੍ਹਾਂ ਵੇਖਿਆ ਜਿਵੇਂ ਪੁਲਸ ਮੁਜ਼ਰਮ ਵੱਲ ਵੇਖਦੀ।

ਨਿਮਾਣੇ ਦਾ ਰਿਸ਼ਤੇਦਾਰ ਨੀਵੀਂ ਪਾਈ ਹੋਰ ਲਿਫ਼ਾਫ਼ੇ ਫਰੋਲਣ ਲੱਗ ਪਿਆ। ਉਸਦੇ ਚਿਹਰੇ ਤੋਂ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਉਹ ਅੰਦਰ ਹੀ ਅੰਦਰ ਵਿਸ ਘੋ਼ਲਦਾ ਮਨ ੱਚ ਸੋਚਦਾ ਹੋਵੇ ਕਿ ਉਹ ਸਮੇਂ ਕਿੰਨੇ ਚੰਗੇ ਸੀ, ਜਦੋਂ ਸਾਦੇ ਵਿਆਹ, ਸਾਦੇ ਭੋਗ। ਨਾ ਕੋਈ ਚਿੰਤਾ, ਤੇ ਨਾ ਕੋਈ ਰੋਗ--ਹੁੰਦੇ ਸਨ।

# ਪੰਜਾਬ ਦੀਆਂ ਸੜਕਾਂ ’ਤੇ ਲਟਕਦੇ ਫੰਦੇ

ਪੰਜਾਬ ਭਰ ਦੀਆਂ ਸੜਕਾਂ ‘ਤੇ ਦੌੜਦੇ ਵੱਖ-ਵੱਖ ਕਿਸਮ ਦੇ ਵਾਹਨਾਂ ਦੀ ਹਾਦਸਿਆਂ ਨਾਲ ਭਰੀ ਇੱਕ ਡਰਾਵਨੀ ਲੰਬੀ ਲਿਸਟ ਹੈ। ਪਰ ਇਸ ਲਿਸਟ ਵਿੱਚ ਇੱਕ ਅਜਿਹਾ ਖਾਮੋਸ਼ ਪਰ ਘਾਤਕ ਪਹਿਲੂ ਇਹ ਵੀ ਹੈ, ਜਿਸ ਵੱਲ ਅਕਸਰ ਧਿਆਨ ਨਹੀਂ ਦਿੱਤਾ ਜਾਂਦਾ- ਉਹ ਹਨ ਰਿਕਸ਼ੇ, ਰੇਹੜੇ ਘੋੜੇ, ਛੋਟੇ ਹਾਥੀ, ਟਰੈਕਟਰ-ਟਰਾਲੀਆਂ, ਜੀਪਾਂ, ਟਰੱਕ ਆਦਿ, ਜਿਨ੍ਹਾਂ ਉੱਤੇ ਲੋਡ ਕਰਦੇ ਸਮੇਂ ਕਦੇ ਵੀ ਸੁਰੱਖਿਆ ਦੇ ਨਿਯਮਾਂ ਦੀ ਪਰਵਾਹ ਨਹੀਂ ਕੀਤੀ ਜਾਂਦੀ।

ਕਈ ਵਾਰੀ ਇਨ੍ਹਾਂ ਵਾਹਨਾਂ ਉੱਤੇ ਲੱਧੀਆਂ ਹੋਈਆਂ ਵਸਤਾਂ—ਚਾਹੇ ਉਹ ਲੋਹੇ ਦੇ ਸਰੀਏ ਹੋਣ, ਲੱਕੜ ਦੀਆਂ ਬੱਲੀਆਂ, ਪਾਈਪ ਆਦਿ ਉਹ ਵਾਹਨ ਦੀ ਲੰਬਾਈ ਤੋਂ ਕਈ ਕਈ ਫੁੱਟ ਬਾਹਰ ਨਿਕਲੀਆਂ ਹੋਈਆਂ ਹੁੰਦੀਆਂ ਹਨ,ਇਥੋਂ ਤੱਕ ਕਿ ਕਈ ਥ੍ਰੀ-ਵ੍ਹੀਲਰ ਚਾਲਕ ਤਾਂ ਸਾਰੇ ਕਾਨੂੰਨਾਂ ਨੂੰ ਛਿੱਕੇ ਟੰਗ ਕੇ ਐਸਾ ਕਮਾਲ ਕਰਦੇ ਹਨ ਕਿ ਉਨ੍ਹਾਂ ਦੇ ਥ੍ਰੀ-ਵ੍ਹੀਲਰ ਇੱਕ




ਮਿੰਨੀ ਰੇਲ ਗੱਡੀ ਵਿੱਚ ਤਬਦੀਲ ਹੋ ਜਾਂਦੇ ਹਨ ਜਦੋਂ ਉਹਨਾਂ ਦੇ ਅੱਗੇ ਅਤੇ ਪਿੱਛੇ ਨਿਕਲਿਆ ਸ਼ਰੀਆ ਮੌਤ ਦਾ ਨਾਚ ਕਰਦਾ ਹੈ ਜ਼ੋ ਦ੍ਰਿਸ਼ ਸੜਕ ਸੁਰੱਖਿਆ ਲਈ ਇੱਕ ਜਿੰਦਾ-ਜਾਗਦਾ ਤਾਨਾਸ਼ਾਹੀ ਐਲਾਨ ਹੁੰਦਾ ਹੈ।

ਅਜਿਹੇ ਢੰਗ ਤਰੀਕੇ ਜੋ ਰਾਤ ਦੇ ਹਨੇਰੇ ਜਾਂ ਧੁੰਦ ਭਰੀ ਸਵੇਰ ਵਿੱਚ ਕਿਸੇ ਅਣਜਾਣੇ ਰਾਹਗੀਰ ਜਾਂ ਦੂਜੇ ਵਾਹਨ ਸਵਾਰ ਨੂੰ ਅਚਾਨਕ ਆਪਣੀ ਲਪੇਟ ‘ਚ ਲੈ ਲੈਂਦੇ ਹਨ। ਜਿਸ ਦੇ ਫਲਸਰੂਪ ਦੁਰਘਟਨਾ ਨਾਲ ਇਨਸਾਨ ਦੀ ਮੌਤ ਐਸੇ ਖ਼ਾਮੋਸ਼ ਫੰਦੇ ਵਾਂਗ ਹੁੰਦੀ ਹੈ, ਜੋ ਨਾਂ ਹੀ ਕੋਈ ਸਾਵਧਾਨੀ ਦੇਣ ਦਾ ਮੌਕਾ ਦਿੰਦੇ ਹਨ, ਨਾਂ ਹੀ ਕੋਈ ਬਚਾਅ ਦੀ ਗੁੰਜਾਇਸ਼ ਤੇ ਪਲਕਾਂ ਚਮਕਦਿਆਂ ਹੀ ਜ਼ਿੰਦਗੀ ਦੀ ਰੋਸ਼ਨੀ ਸਦਾ ਲਈ ਬੁਝ ਜਾਂਦੀ ਹੈ।

ਸੋਚੋ! ਜੇ ਇੱਕ ਨੌਜਵਾਨ ਪਿਤਾ, ਜੋ ਆਪਣੀ ਧੀ ਦੀ ਫੀਸ ਜਾਂ ਮਾਂ ਦੀ ਦਵਾਈ ਲੈਣ ਲਈ ਰੋਜ਼ੀ ਦੀ ਤਲਾਸ਼ ‘ਚ ਨਿਕਲਿਆ ਹੋਵੇ, ਜਾਂ ਕੋਈ ਵਿਦਿਆਰਥੀ ਆਪਣੇ ਸੁਪਨਿਆਂ ਦੀ ਗੰਢ ਲੈ ਕੇ ਸਕੂਲ ਜਾਂ ਕਾਲਜ ਵੱਲ ਵਧ ਰਿਹਾ ਹੋਵੇ, ਜਾ ਦਫਤਰੀ ਸਮਿਆਂ ਵਿੱਚ ਮੁਲਾਜ਼ਮਾਂ ਦਾ ਆਉਣਾ ਜਾਣਾ—ਉਹਨਾਂ ਦੀ ਜ਼ਿੰਦਗੀ ਅਜਿਹੇ ਅਣਜਾਣੇ, ਲਾਪਰਵਾਹੀ ਨਾਲ ਲੱਧੇ ਹੋਏ ਵਾਹਨ ਵਿਚੋਂ ਨਿਕਲੇ ਸਰੀਏ ਨਾਲ ਹੋਈ ਦੁਰਘਟਨਾ ‘ਚ ਖ਼ਤਮ ਹੋ ਜਾਵੇ, ਤਾਂ ਉਸ ਪਰਿਵਾਰ ਦੇ ਦਿਲਾਂ ‘ਤੇ ਕੀ ਕੁਝ ਬੀਤਦੀ ਹੋਏਗੀ ? ਇਹ ਇੱਕ ਅਜਿਹਾ ਦੁੱਖ ਹੈ, ਜੋ ਸਿਰਫ਼ ਲਫ਼ਜ਼ਾਂ ਵਿੱਚ ਨਹੀਂ, ਹਿਰਦੇ ਦੀ ਗਹਿਰਾਈ ਵਿੱਚ ਮਹਿਸੂਸ ਹੁੰਦਾ ਹੈ।

ਪੰਜਾਬ ਦੀਆਂ ਸੜਕਾਂ ਉੱਤੇ ਵਾਪਰ ਰਹੀਆਂ ਅਚਨਚੇਤ ਮੌਤਾਂ ਹੁਣ ਸਿਰਫ਼ ਅੰਕੜਿਆਂ ਦੀ ਗਿਣਤੀ ਨਹੀਂ ਰਹੀਆਂ, ਸਗੋਂ ਇਹ ਉਨ੍ਹਾਂ ਪਰਿਵਾਰਾਂ ਲਈ ਕਿਸੇ ਨ ਕਿਸੇ ਰੂਪ ਵਿੱਚ ਹਾਰ ਦਾ ਸਾਹਮਣਾ ਬਣ ਚੁੱਕੀਆਂ ਹਨ। ਮਾਂ ਦੀਆਂ ਅੱਖਾਂ ਵਿਚਲੇ ਸੁਪਨੇ, ਪਿਉ ਦੇ ਹੱਥਾਂ ਦੀ ਮੇਹਨਤ, ਭੈਣ-ਭਰਾਵਾਂ ਦੀਆਂ ਹੌਂਸਲਾ ਅਫ਼ਜ਼ਾਈ ਗੱਲਾਂ—ਇਹ ਸਭ ਕੁਝ ਇੱਕ ਪਲ ਵਿੱਚ ਹੀ ਲਹੂ ਨਾਲ ਰੰਗੀ ਸੜਕ ‘ਤੇ ਝੂਠਾ ਪਿਆ ਜਾਪਦਾ ਹੈ। ਅੱਜ ਸੜਕਾਂ ਉੱਤੇ ਟਰੈਫਿਕ ਦੇ ਨਿਯਮ ਸਿਰਫ਼ ਸੈਮੀਨਾਰ ਤੇ ਕਿਤਾਬਾਂ ਦੀ ਸ਼ੋਭਾ ਬਣੇ ਹੋਏ ਹਨ। ਕਿਸੇ ਵੀ ਵਾਹਨ ਦੇ ਪਿੱਛਲੇ ਹਿੱਸੇ ਵਿੱਚੋਂ ਬਾਹਰ ਨਿਕਲਦੇ ਲੋਹੇ ਦੇ ਸਰੀਏ ਜਾਂ ਨੋਕਦਾਰ ਬਾਂਸ ਤੇ ਨਾ ਹੀ ਕੋਈ ਰਿਫਲੈਕਟਰ ਟਾਈਪ ਇਸ਼ਾਰਾ ਹੁੰਦਾ ਹੈ, ਜਿਸ ਨਾਲ ਕਿ ਪਤਾ ਲੱਗ ਜਾਵੇ ਕਿ ਟਰੱਕ ਦੀ ਹੱਦ ਤੋਂ ਬਾਹਰ ਇਹ ਵਸਤਾਂ ਵਧੀਆਂ ਹੋਈਆਂ ਹਨ, ਸਾਵਧਾਨ ! ਪਰ ਇਹ ਚੀਜ਼ਾਂ ਨਾ ਸਿਰਫ਼ ਕਾਨੂੰਨ ਦੀ ਉਲੰਘਣਾ ਹਨ, ਬਲਕਿ ਮਨੁੱਖਤਾ ਦੇ ਮੂੰਹ ‘ਤੇ ਇਕ ਥੱਪੜ ਵੀ ਹਨ।

ਸਵਾਲ ਇਹ ਨਹੀਂ ਕਿ ਇਨ੍ਹਾਂ ਹਾਦਸਿਆਂ ਲਈ ਜ਼ਿੰਮੇਵਾਰ ਕੌਣ ਹੈ। ਸਵਾਲ ਇਹ ਹੈ ਕਿ ਅਸੀਂ ਸਭ ਮਿਲ ਕੇ ਇਹ ਲਹੂ ਦੇ ਥੱਬੇ ਕਿਉਂ ਰੋਕ ਨਹੀਂ ਰਹੇ ? ਸੜਕਾਂ ਉੱਤੇ ਚਲ ਰਹੇ ਇਹ ‘ਮੌਤ ਦੇ ਰਾਖਵੇ’ ਕਿਉਂ ਸਾਡੀ ਨਿਗਾਹ ਤੋਂ ਬਚ ਜਾਂਦੇ ਹਨ? ਕਿਉਂ ਨਾ ਸੜਕਾਂ ਦੀ ਸਫ਼ਾਈ, ਨਿਯਮਾਂ ਦੀ ਪਾਲਣਾ ਅਤੇ ਵਾਹਨ ਚਲਾਉਣ ਵਾਲਿਆਂ ਦੀ ਤਰਬੀਅਤ ਨੂੰ ਤਰਜੀਹ ਦਿੱਤੀ ਜਾਵੇ? ਸੋਚਣ ਵਾਲੀ ਗੱਲ ਇਹ ਹੈ ਕਿ ਸਰਕਾਰਾਂ ਦੇ ਬਦਲਣ ਨਾਲ ਨਹੀਂ, ਪਰ ਨੀਤੀਆਂ ਦੇ ਲਾਗੂ ਹੋਣ ਨਾਲ ਹਾਲਾਤ ਬਦਲਦੇ ਹਨ। ਜਦ ਤੱਕ ਹਰੇਕ ਵਾਹਨ-ਮਾਲਕ ਨੂੰ ਇਹ ਅਹਿਸਾਸ ਨਹੀਂ ਹੋ ਜਾਂਦਾ ਕਿ ਉਹ ਆਪਣੇ ਨਾਲ ਨਾਲ ਦੂਜਿਆਂ ਦੀ ਜ਼ਿੰਦਗੀ ਲਈ ਵੀ ਜ਼ਿੰਮੇਵਾਰ ਹੈ, ਤਦ ਤੱਕ ਇਹ ਹਾਦਸੇ ਸਾਡੀ ਦਿਲੀ ਰੂਹ ਨੂੰ ਰੋਜ਼ ਝੰਝੋੜਦੇ ਰਹਿਣਗੇ।



ਇਹ ਵੀ ਵਿਚਾਰਣਯੋਗ ਗੱਲ ਹੈ ਕਿ ਅਸੀਂ ਅਣਰਜਿਸਟ੍ਰਡ, ਬੇਲਗਾਮ ਅਤੇ ਆਪਣੇ ਆਪ ਨੂੰ ਸਰਕਾਰ ਸਮਝ ਕੇ ਵਾਹਨਾਂ ਨੂੰ ਨਾ ਸਿਰਫ਼ ਸੜਕਾਂ ਉੱਤੇ ਉਤਾਰ ਦਿੱਤਾ ਹੈ, ਸਗੋਂ ਉਨ੍ਹਾਂ ਦੀ ਲਾਪਰਵਾਹੀ ਨੂੰ ਆਮ ਰੀਤ ਵਾਂਗ ਸਵੀਕਾਰ ਵੀ ਕਰ ਲਿਆ ਹੈ। ਹਰ ਦੂਜੇ ਕੌਣੇ ‘ਤੇ ਖ਼ਤਰਨਾਕ ਤਰੀਕੇ ਨਾਲ ਲੋਡ ਕੀਤੇ ਟਰੈਕਟਰ-ਟਰਾਲੀਆਂ, ਤੂੜੀ ਨਾਲ ਭਰਿਆ ਟਰੱਕ ਜਾਂ ਲੰਬੇ ਸਰੀਏ ਲਟਕਾਉਂਦੇ ਟਰੱਕ ਸਾਡੀ ਆਦਤ ਬਣ ਚੁੱਕੇ ਹਨ। ਇਹ ਸਿਰਫ਼ ਨਿਯਮ ਦੀ ਉਲੰਘਣਾ ਨਹੀਂ—ਇਹ ਇਕ ਸਮਾਜਿਕ ਅਪਰਾਧ ਹੈ। ਜਦੋਂ ਸੜਕਾਂ ਉੱਤੇ ਦਿਨ ਦਿਹਾੜੇ ਆਤਮ ਹੱਤਿਆ ਵਰਗੀ ਸਥਿਤੀ ਬਣੀ ਹੋਈ ਹੋਵੇ, ਤਾਂ ਚੁੱਪ ਰਹਿਣਾ ਵੀ ਸਾਥ ਦੇਣ ਵਾਂਗ ਹੋ ਜਾਂਦਾ ਹੈ।

ਸਰਕਾਰ ਦੀ ਜ਼ਿੰਮੇਵਾਰੀ ਆਪਣੀ ਥਾਂ ਅਹਿਮ ਹੈ। ਨਵੇਂ ਨਿਯਮ ਬਣਾਉਣ ਦੀ ਲੋੜ ਨਹੀਂ, ਪੁਰਾਣਿਆਂ ਦੀ ਸਖ਼ਤੀ ਨਾਲ ਲਾਗੂ ਕਰਨਾ ਸਭ ਤੋਂ ਵੱਡੀ ਲੋੜ ਹੈ। ਵਾਹਨਾਂ ਦੀ ਪੂਰੀ ਜਾਂਚ, ਟਰਾਂਸਪੋਰਟ ਅਫਸਰਾਂ ਦੀ ਨਿਰੰਤਰ ਮੌਜੂਦਗੀ ਅਤੇ ਉਨ੍ਹਾਂ ਵਲੋਂ ਇਨਸਾਫ਼ ਨਾਲ ਭਰਪੂਰ ਕਾਰਵਾਈ—ਇਹ ਅਜਿਹੇ ਕਦਮ ਹਨ ਜੋ ਸੜਕਾਂ ਉੱਤੇ ਮੌਤਾਂ ਦੀ ਗਿਣਤੀ ਘਟਾ ਸਕਦੇ ਹਨ। ਪਰ ਸਿਰਫ਼ ਸਰਕਾਰ ਨੂੰ ਹੀ ਨਹੀਂ, ਸਾਨੂੰ ਵੀ ਆਪਣੀ ਜ਼ਿੰਮੇਵਾਰੀ ਨਿਭਾਉਣੀ ਪਵੇਗੀ। ਇੱਕ ਚੇਤਨ ਨਾਗਰਿਕ ਵਜੋਂ ਅਸੀਂ ਅਜਿਹੀਆਂ ਗਤੀਵਿਧੀਆਂ ਦੀ ਸੂਚਨਾ ਦੇਣ, ਉਨ੍ਹਾਂ ਦੀ ਵਿਰੋਧੀ ਆਵਾਜ਼ ਬਣਨ ਅਤੇ ਖੁਦ ਵੀ ਨਿਯਮ ਪਾਲਣਾ ਦੀ ਸ਼ੁਰੂਆਤ ਕਰ ਸਕਦੇ ਹਾਂ। ਸਮਾਜਿਕ ਜ਼ਿੰਮੇਵਾਰੀ ਵੀ ਇੱਕ ਅਜਿਹਾ ਅਹੰਕਾਰਹੀਣ ਪੱਖ ਹੈ, ਜਿਸ ਦੇ ਬਿਨਾਂ ਕੋਈ ਵੀ ਸਾਵਧਾਨੀ ਅਧੂਰੀ ਹੈ। ਜਦੋਂ ਇਕ ਆਮ ਵਾਹਨ ਚਲਾਉਣ ਵਾਲਾ ਇਹ ਸਮਝ ਲਵੇ ਕਿ ਉਸ ਦੇ ਵਾਹਨ ਦੀ ਸੁਰੱਖਿਆ ਸਿਰਫ਼ ਉਸ ਦੀ ਨਿਜੀ ਜ਼ਿੰਦਗੀ ਲਈ ਨਹੀਂ, ਸਗੋਂ ਹਰ ਰੋਜ਼ ਸੜਕ ‘ਤੇ ਲੰਘ ਰਹੇ ਅਣਜਾਣ ਲੋਕਾਂ ਦੀ ਜਾਨ ਲਈ ਵੀ ਜ਼ਰੂਰੀ ਹੈ—ਤਦੋਂ ਅਸੀਂ ਇਕ ਬੇਹਤਰ ਸੜਕ ਸੰਸਕਾਰ ਦੀ ਨੀਂਹ ਰੱਖ ਸਕਦੇ ਹਾਂ। ਅਸੀਂ ਜੇ ਹੁਣ ਵੀ ਨਹੀਂ ਜਾਗੇ, ਤਾਂ ਕੱਲ੍ਹ ਨੂੰ ਹਮਦਰਦੀ ਦੇ ਅਸ਼ਕ, ਦੁੱਖ ਭਰੇ ਫੋਟੋਆਂ ਅਤੇ ਮੋਮਬੱਤੀਆਂ ਵਾਲੀ ਸ਼ਾਂਤੀ ਯਾਤਰਾ ਤੋਂ ਇਲਾਵਾ ਸਾਡੇ ਹੱਥ ਵਿੱਚ ਕੁਝ ਨਹੀਂ ਰਹਿ ਜਾਣਾ। ਪਰ ਜੇ ਅਸੀਂ ਅੱਜ ਹੀ ਇਹ ਸੋਚ ਲੈਈਏ ਕਿ ਸਾਡੀ ਹਰ ਇੱਕ ਚੁੱਕੀ ਗਤੀਵਿਧੀ ਕਿਸੇ ਦੀ ਜ਼ਿੰਦਗੀ ਬਚਾ ਸਕਦੀ ਹੈ, ਤਾਂ ਇਹ ਲਿਖਤ ਸਿਰਫ਼ ਇਕ ਚੇਤਾਵਨੀ ਨਹੀਂ ਰਹਿ ਜਾਵੇਗੀ—ਇਹ ਇਕ ਇਨਕਲਾਬੀ ਰੂਪ ਲੈ ਸਕੇਗੀ।

ਆਓ, ਅਸੀਂ ਹਰੇਕ ਵਾਹਨ ਚਲਾਉਣ ਵਾਲੇ ਲਈ ਇਹ ਸੁਨੇਹਾ ਬਣੀਏ—

ਸੜਕ ਸਿਰਫ਼ ਰਸਤੇ ਨਹੀਂ, ਸਗੋਂ ਜ਼ਿੰਦਗੀਆਂ ਦੇ ਪੱਲੇ ਹਨ।

ਇਨ੍ਹਾਂ ‘ਤੇ ਲੰਘਦਿਆਂ ਆਪਣਾ ਨਹੀਂ, ਦੂਜਿਆਂ ਦਾ ਭਲਾ ਵੀ ਸੋਚੀਏ।

ਜੀਵਨ ਦੀ ਇਹ ਲੜੀ ਉਨ੍ਹਾਂ ਨਜਾਕਤਾਂ ਨਾਲ ਜੋੜੀ ਹੋਈ ਹੈ, ਜਿਨ੍ਹਾਂ ਨੂੰ ਸਿਰਫ਼ ਸੰਵੇਦਨਸ਼ੀਲਤਾ, ਨਿਯਮਾਂ ਦੀ ਪਾਲਣਾ ਅਤੇ ਸਮਾਜਿਕ ਜ਼ਿੰਮੇਵਾਰੀ ਰਾਹੀਂ ਹੀ ਸੁਰੱਖਿਅਤ ਰੱਖਿਆ ਜਾ ਸਕਦਾ ਹੈ।

**-ਰਾਜਿੰਦਰ ਸਿੰਘ ਰਾਜਨ**
**ਪਠਾਨਕੋਟ**
**9417427656।**

## ਲੋਕਾਂ ਦੇ ਸਹਿਯੋਗ ਨਾਲ ਪੰਜਾਬ ਨੂੰ ਬਣਾਵਾਗੇ ਨਸ਼ਾ ਮੁਕਤ ਪੰਜਾਬ -ਸ੍ਰੀ ਲਾਲ ਚੰਦ ਕਟਾਰੂਚੱਕ

**ਪਠਾਨਕੋਟ-** ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੇ ਉਪਰਾਲਿਆਂ ਸਦਕਾ ਪਿਛਲੇ ਸਮੇਂ ਤੋਂ ਪੂਰੇ ਪੰਜਾਬ ਅੰਦਰ ਯੁੱਧ ਨਸ਼ਿਆਂ ਵਿਰੁੱਧ ਮੂਹਿੰਮ ਚਲਾਈ ਜਾ ਰਹੀ ਹੈ ਜਿਸ ਅਧੀਨ ਨੋਜਵਾਨਾਂ ਨੂੰ ਨਸ਼ੇ ਤੋਂ ਦੂਰ ਰਹਿਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਨਸ਼ੇ ਦਾ ਕਾਰੋਬਾਰ ਕਰਨ ਵਾਲੇ ਲੋਕਾਂ ਤੇ ਵੀ ਵਿਸੇਸ ਕਾਰਵਾਈ ਕੀਤੀ ਜਾ



ਰਹੀ ਹੈ ਅਤੇ ਹੁਣ ਯੁੱਧ ਨਸ਼ਿਆਂ ਵਿਰੁੱਧ ਚਲਾਈ ਮੂਹਿੰਮ ਦੇ ਦੂਸਰੇ ਪੜਾਓ ਅੰਦਰ ਵੱਖ ਵੱਖ ਪਿੰਡਾਂ ਅੰਦਰ ਨਸ਼ਾ ਮੁਕਤੀ ਯਾਤਰਾ ਕੱਢੀ ਜਾ ਰਹੀ ਹੈ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਅੱਜ ਪਿੰਡ ਭਗਵਾਨਸਰ, ਭੋਆ ਅਤੇ ਤਰਗੜ ਦੇ ਅੰਦਰ ਨਸ਼ਾ ਮੁਕਤੀ ਯਾਤਰਾ ਕੱਢਣ ਮਗਰੋਂ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਠਾਕੁਰ ਮਨੋਹਰ ਸਿੰਘ ਚੇਅਰਮੈਨ ਮਾਰਕਿੱਟ ਕਮੇਟੀ ਨਰੋਟ ਜੈਮਲ ਸਿੰਘ, ਬੱਬਲੀ ਕੁਮਾਰ ਬੱਬੀ ਪ੍ਰਧਾਨ ਨਗਰ ਪੰਚਾਇਤ ਨਰੋਟ ਜੈਮਲ ਸਿੰਘ, ਨਰੇਸ ਕੁਮਾਰ ਸੈਣੀ ਜਿਲ੍ਹਾ ਪ੍ਰਧਾਨ ਬੀ।ਸੀ। ਸੈਲ ਪਠਾਨਕੋਟ, ਭੁਪਿੰਦਰ ਸਿੰਘ ਮੂੰਨਾ ਅਤੇ ਆਮ ਆਦਮੀ ਪਾਰਟੀ ਦੇ ਹੋਰ ਕਾਰਜਕਰਤਾ ਵੀ ਹਾਜ਼ਰ ਸਨ।

ਇਸ ਮੋਕੇ ਤੇ ਸੰਬੋਧਨ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਚਲਾਈ ਮੂਹਿੰਮ ਅਧੀਨ ਹੀ ਨਸ਼ਾ ਮੁਕਤੀ ਯਾਤਰਾ ਕੱਢੀ ਜਾ ਰਹੀ ਹੈ ਅਤੇ ਵੱਖ ਵੱਖ ਪਿੰਡਾਂ ਅੰਦਰ ਲੋਕਾਂ ਤੱਕ ਪਹੁੰਚ ਕਰਕੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਅੱਜ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਭਗਵਾਨਸਰ, ਭੋਆ ਅਤੇ ਤਰਗੜ ਦੇ ਅੰਦਰ ਲੋਕਾਂ ਦੇ ਸਹਿਯੋਗ ਨਾਲ ਨਸ਼ਾ ਮੁਕਤ ਯਾਤਰਾ ਕੱਢੀਆਂ ਗਈਆਂ ਹਨ।

ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਅਗਰ ਉਨ੍ਹਾਂ ਦੇ ਧਿਆਨ ਅੰਦਰ ਕੋਈ ਅਜਿਹਾ ਕੋਈ ਵਿਅਕਤੀ ਜੋ ਨਸ਼ੇ ਦਾ ਕਾਰੋਬਾਰ ਕਰਦਾ ਹੈ ਉਸ ਦੀ ਸੂਚਨਾਂ ਪੁਲਿਸ ਨੂੰ ਦਿੱਤੀ ਜਾਵੈ ਤਾਂ ਜੋ ਨਸ਼ੇ ਦੇ ਸੋਦਾਗਰਾਂ ਤੇ ਕਾਰਵਾਈ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਭਵਿੱਖ ਅੰਦਰ ਅਸੀਂ ਪੰਜਾਬ ਨੂੰ ਰੰਗਲਾ ਪੰਜਾਬ ਤੱਦ ਹੀ ਬਣਾ ਸਕਦੇ ਹਾਂ ਅਗਰ ਅਸੀਂ ਪੰਜਾਬ ਵਿੱਚੋਂ ਨਸ਼ੇ ਦਾ ਕਾਰੋਬਾਰ ਖਤਮ ਕਰ ਦਿਆਂਗੇ।

ਉਨ੍ਹਾਂ ਕਿਹਾ ਕਿ ਅੱਜ ਤੋਂ ਪਹਿਲਾ ਸਰਕਾਰਾਂ ਵੱਲੋਂ ਕੋਈ ਵੀ ਅਜਿਹਾ ਉਪਰਾਲਾ ਨਹੀਂ ਕੀਤਾ ਗਿਆ, ਪੰਜਾਬ ਦੇ ਨੋਜਵਾਨਾਂ ਨੂੰ ਨਸ਼ੇ ਦੇ ਨਾਲ ਜੋੜਿਆ ਗਿਆ ਅਤੇ ਹੁਣ ਪੰਜਾਬ ਦੇ ਮੁੱਖ ਮੰਤਰੀ ਸ। ਭਗਵੰਤ ਸਿੰਘ ਮਾਨ ਵੱਲੋਂ ਉਪਰਾਲਾ ਕੀਤਾ ਗਿਆ ਹੈ ਕਿ ਇਸ ਨਸ਼ੇ ਦੇ ਕਾਰੋਬਾਰ ਨੂੰ ਜੜ ਤੋਂ ਖਤਮ ਕਰਨ ਦੇ ਲਈ ਮੂਹਿੰਮ ਚਲਾਈ ਹੈ।

ਉਨ੍ਹਾਂ ਕਿਹਾ ਕਿ ਪਹਿਲੀਆਂ ਸਰਕਾਰਾਂ ਨੇ ਨਸ਼ੇ ਨੂੰ ਵਧਾਇਆ ਸੀ ਅਤੇ ਪੰਜਾਬ ਦੀ ਜਵਾਨੀ ਇਸ ਨਸ਼ੇ ਦੀ ਬਲੀ ਚੜ ਗਈ, ਹੁਣ ਇੱਕ ਮੂਹਿੰਮ ਦੇ ਨਾਲ ਨਸ਼ੇ ਦੇ ਖਿਲਾਫ ਅਭਿਆਨ ਚਲਾਇਆ ਹੈ। ਪਿਛਲੇ ਕਰੀਬ ਦੋ ਮਹੀਨਿਆ ਦੋਰਾਨ ਹੁਣ ਤੱਕ ਕਰੀਬ 6 ਹਜਾਰ ਤੋਂ ਜਿਆਦਾ ਨਸ਼ੇ ਦੇ ਸੋਦਾਗਰਾਂ ਤੇ ਮਾਮਲੇ ਦਰਜ ਕੀਤੇ ਗਏ ਹਨ ਅਤੇ ਪੰਜਾਬ ਵਿੱਚੋਂ ਨਸ਼ਾ ਖਤਮ ਕਰਨ ਲਈ ਭਵਿੱਖ ਵਿੱਚ ਵੀ ਇਹ ਕਾਰਵਾਈ ਜਾਰੀ ਰਹੇਗੀ ਤਾਂ ਜੋ ਰੰਗਲੇ ਪੰਜਾਬ ਦੀ ਸਿਰਜਨਾ ਕੀਤੀ ਜਾ ਸਕੇ।

## ਅਗਨੀਵੀਰ ਭਰਤੀ ਲਈ ਚਾਹਵਾਨ ਰਜਿਸਟਰਡ ਪ੍ਰਾਰਥੀਆਂ ਲਈ ਜ਼ਿਲ੍ਹਾ ਪ੍ਰਸ਼ਾਸ਼ਨ ਪਠਾਨਕੋਟ ਵੱਲੋਂ ਮੁਫ਼ਤ ਕੋਚਿੰਗ ਦੀ ਕੀਤੀ ਸ਼ੁਰੂਆਤ



**ਪਠਾਨਕੋਟ-** ਭਾਰਤੀ ਫੌਜ ਵਿੱਚ ਅਗਨੀਵੀਰ (2025-26) ਭਰਤੀ ਲਈ ਚਾਹਵਾਨ ਰਜਿਸਟਰਡ ਪ੍ਰਾਰਥੀਆਂ ਲਈ ਜ਼ਿਲ੍ਹਾ ਪ੍ਰਸ਼ਾਸ਼ਨ ਪਠਾਨਕੋਟ ਵੱਲੋਂ ਮੁਫ਼ਤ ਕੋਚਿੰਗ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਸ. ਤੇਜਵਿੰਦਰ ਸਿੰਘ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ. ਸਿੱ) ਸ਼੍ਰੀ ਰਾਜੇਸ਼ ਮਹਾਜਨ ਨੇ ਦੱਸਿਆ ਕਿ ਜ਼ਿਲ੍ਹਾ ਪਠਾਨਕੋਟ ਵਿੱਚ ਇਸ ਮੰਤਵ ਲਈ ਸਕੂਲ ਆਫ ਐਮੀਨੈਂਸ ਪਠਾਨਕੋਟ ਅਤੇ ਸਕੂਲ ਆਫ ਐਮੀਨੈਂਸ ਭੋਆ ਵਿਖੇ 2 ਸੈਂਟਰ ਕੋਚਿੰਗ ਲਈ ਚਲਾਏ ਗਏ ਹਨ। ਇਨ੍ਹਾਂ ਸੈਂਟਰਾਂ ਵਿੱਚ ਪ੍ਰਾਰਥੀਆਂ ਦੀ ਟ੍ਰੇਨਿੰਗ ਦੇ ਮੱਦੇਨਜ਼ਰ ਉੱ ਸੁਬੇਦਾਰ ਮੇਜਰ ਸੰਜੇ ਪਰਿਟ ਅੰਮ੍ਰਿਤਸਰ ਵੱਲੋਂ ਮੁਫਤ ਕਿਤਾਬਾਂ ਦਿੱਤੀਆਂ ਗਈਆਂ। ਇਸ ਮੌਕੇ ਤੇ ਜ਼ਿਲ੍ਹਾ ਗਾਈਡੈਂਸ ਕੌਸਲਰ ਸ਼੍ਰੀ ਪਰਵਿੰਦਰ ਸੈਣੀ ਅਤੇ ਜ਼ਿਲ੍ਹਾ ਰੋਜ਼ਗਾਰ ਦਫ਼ਤਰ ਦੇ ਸੀਨੀਅਰ ਅਸਿਸਟੈਂਟ ਸ਼੍ਰੀਮਤੀ ਸੱਤਿਆ ਦੇਵੀ ਹਾਜ਼ਰ ਸਨ। ਜ਼ਿਲ੍ਹਾ ਰੋਜ਼ਗਾਰ ਅਫ਼ਸਰ ਪਠਾਨਕੋਟ ਨੇ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਵੱਧ ਤੋਂ ਵੱਧ ਰਜਿਸਟਰਡ ਨੌਜਵਾਨ ਇਸ ਮੁਫ਼ਤ ਕੋਚਿੰਗ ਦਾ ਫਾਇਦਾ ਲੈਣ। ਕਿਸੇ ਵੀ ਸਹਾਇਤਾ ਲਈ ਪ੍ਰਾਰਥੀ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਪਠਾਨਕੋਟ ਨਾਲ 7657825214 ਤੇ ਸੰਪਰਕ ਕਰ ਸਕਦੇ ਹਨ।

## 13ਵਾਂ ਮੇਲਾ ਪੰਜਾਬੀਆਂ ਦਾ ਐਡਮਿੰਟਨ ਵਿੱਚ ਲੱਗੇਗਾ 23 ਅਗਸਤ ਨੂੰ-ਓਪਿੰਦਰ ਮਠਾਰੂ

**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)-**ਤੇਰ੍ਹਵਾਂ ਮੇਲਾ ਪੰਜਾਬੀਆਂ ਦਾ ਐਡਮਿੰਟਨ ਕਨੇਡਾ ਵਿੱਚ ਹਰ ਸਾਲ ਦੀ ਤਰ੍ਹਾਂ ਧੂਮ ਧਾਮ ਨਾਲ 23 ਅਗਸਤ ਨੂੰ ਕਰਵਾਇਆ ਜਾ ਰਿਹਾ ਹੈ। ਐਡਮਿੰਟਨ ਕਨੇਡਾ ਵਿੱਚ ਫਰੀ ਮੇਲਾ ਹਰ ਵਰ੍ਹੇ ਦੀ ਤਰ੍ਹਾਂ ਕਰਵਾਉਣ ਦੀਆਂ ਤਿਆਰੀਆਂ ਸਾਰੇ ਪ੍ਰਬੰਧਕਾਂ ਵਲੋਂ ਜੰਗੀ ਪੱਧਰ ਤੇ ਚੱਲ ਰਹੀਆਂ ਹਨ। ਐਡ-ਮਿੰਟਨ ਵਾਸੀਆਂ ਨੂੰ ਇਸ ਮੇਲੇ ਵਿੱਚ ਹਰ ਸਾਲ ਦੀ ਤਰ੍ਹਾਂ ਖੁੱਲਾ ਸੱਦਾ ਹੈ ਅਤੇ ਪਰਿਵਾਰਾਂ ਸਮੇਤ ਇਸ ਮੇਲੇ ਦੀ ਰੌਣਕ ਨੂੰ ਵਧਾਉਣ ਦੀ ਬੇਨਤੀ ਪ੍ਰਬੰਧਕ ਵੀਰਾਂ ਨੇ ਸਭ ਸ਼ਹਿਰੀਆਂ ਨੂੰ ਕੀਤੀ ਹੈ ।

ਕਨੇਡੀਅਨ ਮਿਊਜਿਕ ਆਰਟਿਸਟ ਐਸੋਸੀਏਸ਼ਨ, ਐਡਮਿੰਟਨ ਪੰਜਾਬ ਯੂਨਾਈਟਡ ਸਪੋਰਟਸ ਅਤੇ ਹੈਰੀਟੇਜ ਐਸੋਸੀਏਸ਼ਨ ਐਂਡ ਪਲ ਟਰੱਕਿੰਗ ਲਿਮਿਟਡ ਇਸ ਮੇਲੇ ਦੇ ਪੇਸ਼ਕਾਰ ਹਨ। ਮੇਲੇ ਵਿੱਚ ਇਸ ਵਾਰ ਵਿਸ਼ੇਸ਼ ਤੌਰ ਤੇ ਸਿੰਘ ਹਰਜੋਤ, ਉਪਿੰਦਰ ਮਠਾਰੂ, ਬਲਕਾਰ ਸਿੱਧੂ, ਜੱਸੀ ਸੋਹਲ, ਜੈਸਮੀਨ ਅਖ਼ਤਰ, ਸਿਮਰਨ ਸਹੋਤਾ ਸਮੇਤ ਕਈ ਹੋਰ ਫਨਕਾਰਾਂ ਨਾਲ ਰਾਬਤਾ ਕਾਇਮ ਕੀਤਾ ਗਿਆ ਹੈ, ਜੋ ਇਸ ਮੇਲੇ ਦੀ ਸ਼ਾਨ ਨੂੰ ਹੋਰ ਵੀ ਦੂਣ ਸਵਾਇਆ ਕਰਨਗੇ ਅਤੇ ਆਪਣੇ ਸੱਭਿਆਚਾਰਕ ਗੀਤਾਂ ਦੀ ਪੇਸ਼ਕਾਰੀ ਕਰਕੇ ਸਰੋਤਿਆਂ ਦਾ ਮਨੋਰੰਜਨ ਕਰਨਗੇ। ਪੂਸ਼ਾ ਗਰਾਊਂਡ ਵਿੱਚ ਹਰ ਸਾਲ ਦੀ ਤਰ੍ਹਾਂ ਇਹ ਮੇਲਾ ਮਨਾਇਆ ਜਾਵੇਗਾ।

ਇਸ ਮੇਲੇ ਲਈ ਸਮੁੱਚੇ ਪ੍ਰਬੰਧਕਾਂ ਦੀ ਟੀਮ ਉਪਿੰਦਰ ਮਠਾਰੂ, ਬਿੰਦਰ ਵਿਰਕ, ਲਾਡੀ ਸੂਸਾਂ ਵਾਲਾ, ਕੁਲਬੀਰ ਉੱਪਲ , ਹਰਜਿੰਦਰ ਸਿੰਘ ਢੇਸੀ, ਬਲਜੀਤ ਕਲਸੀ, ਹਰਦੀਪ ਲੱਲ, ਪੰਕਜ ਦੁਆ, ਸੰਦੀਪ ਪੰਧੇਰ , ਮਹਿੰਦਰ ਟੂਰ, ਮਨਜੀਤ ਸਿੰਘ ਫੇਰੂਮਾਨ ਆਪਣੀ ਮਿਹਨਤ ਨਾਲ ਮੇਲੇ ਦੀ ਸਫਲਤਾ ਲਈ ਦਿਨ ਰਾਤ ਇੱਕ ਕਰ ਰਹੇ ਹਨ।

# ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਚਮਤਕਾਰ



1987 ਚ ਬਰਨਾਲਾ ਸਰਕਾਰ ਬਰਖ਼ਾਸਤ ਕਰ ਦਿੱਤੀ ਗਈ ਸੀ ਉਸ ਤੋਂ ਬਾਅਦ ਲੰਮੇ ਅਰਸੇ ਤੋਂ ਗਵਰਨਰੀ ਰਾਜ ਦਾ ਸੰਤਾਪ ਹੰਢਾਉਂਦੇ ਪੰਜਾਬ ਅੰਦਰ ਵੀ ਆਮ ਸੰਸਦੀ ਚੋਣਾਂ ਦੇ ਨਾਲ ਹੀ 22 ਜੂਨ 1991 ਨੂੰ ਪੰਜਾਬ ਅਸੰਬਲੀ ਤੇ ਸੰਸਦੀ ਚੋਣਾਂ ਕਰਵਾਉਣ ਦਾ ਭਾਰਤ ਦੇ ਚੋਣ ਕਮਿਸ਼ਨ ਵਲੋਂ ਐਲਾਨ ਹੋ ਗਿਆ ਸੀ।

ਮੈਨੂੰ ਬਹੁਜਨ ਸਮਾਜ ਪਾਰਟੀ ਦੇ ਸੁਪਰੀਮੋ ਸਾਹਿਬ ਕਾਂਸ਼ੀ ਰਾਮ ਜੀ ਵਲੋਂ ਫਿਰੋਜ਼ਪੁਰ ਛਾਉਣੀ ਜਨਰਲ ਹਲਕੇ ਤੋਂ ਪਾਰਟੀ ਉਮੀਦਵਾਰ ਨਾਮਜ਼ਦ ਕਰ ਦਿੱਤਾ ਗਿਆ ਅਤੇ ਮੇਰੀ ਸਿਫਾਰਸ਼ ਤੇ ਪੜ੍ਹੇ ਲਿਖੇ, ਬਾਰਸੂਖ ਤੇ ਉੱਘੇ ਕੰਬੋਜ ਆਗੂ ਮੁਖਤਿਆਰ ਸਿੰਘ ਮੁੱਤੀ ਨੂੰ ਫਿਰੋਜ਼ਪੁਰ ਸ਼ਹਿਰ ਤੋਂ ਉਮੀਦਵਾਰ ਘੋਸ਼ਿਤ ਕਰ ਦਿੱਤਾ ਗਿਆ। ਭਾਵੇਂ ਬਸਪਾ 'ਚ ਹੋਰ ਕਈ ਕੰਬੋਜ ਕਾਰਜ ਕਰਤਾ ਮੌਜੂਦ ਸਨ ਜਿਹਨਾਂ ਵਿਚ ਸਿਰਕੱਢ ਨਾਮ ਜਸਵੰਤ ਸਿੰਘ,ਅਵਤਾਰ ਸਿੰਘ ਕੰਬੋਜ, ਸੁਰਜੀਤ ਸਿੰਘ ਥਿੰਦ, ਪੂਰਨ ਸਿੰਘ ਬਾਰੇ ਕੇ, ਨਰੰਜਣ ਸਿੰਘ ਤੇ ਹੋਰ। ਪਰ ਮੁੱਤੀ ਦੀ ਸ਼ਮੂਲੀਅਤ ਨਾਲ ਕੰਬੋਜ ਭਾਈਚਾਰੇ ਵਿਚ ਇਕ ਖੁਸ਼ੀ ਦੀ ਲਹਿਰ ਦੌੜ ਗਈ। ਬੇਸ਼ੱਕ ਇਹਨਾਂ ਦੋਵਾਂ ਹਲਕਿਆਂ ਵਿਚ ਕੰਬੋਜ ਬਰਾਦਰੀ ਦੀ ਚੋਖੀ ਤੇ ਚੋਣ ਨੂੰ ਪ੍ਰਭਾਵਤ ਕਰਨ ਜੋਗੀ ਵੋਟ ਮੌਜੂਦ ਸੀ ਪਰ ਫਿਰ ਵੀ ਕਿਸੇ ਮਾਨਤਾ ਪ੍ਰਾਪਤ ਪਾਰਟੀ ਵਲੋਂ ਕੋਈ ਕੰਬੋਜ ਪਹਿਲੀ ਵਾਰ ਇਸ ਹਲਕੇ ਤੋਂ ਚੋਣ ਮੈਦਾਨ ਵਿਚ ਉਤਾਰਿਆ ਗਿਆ ਸੀ ਜਿਸ ਕਾਰਨ ਕੰਬੋਜ ਭਾਈਚਾਰੇ ਅੰਦਰ ਇਕ ਖਾਸ ਉਤਸ਼ਾਹ ਉਮੜ ਪਿਆ ਸੀ।ਮੁਖਤਿਆਰ ਸਿੰਘ ਮੁੱਤੀ ਨੇ ਸਾਹਿਬ ਕਾਂਸ਼ੀ ਰਾਮ ਨੂੰ ਵਿਸਵਾਸ਼ ਦਿਵਾਇਆ ਸੀ ਕਿ ਕੰਬੋਜ ਭਾਈਚਾਰੇ ਦੀ ਭਾਰੀ ਹਮਾਇਤ ਸਦਕਾ ਫਿਰੋਜ਼ਪੁਰ ਛਾਉਣੀ ਤੇ ਸ਼ਹਿਰ ਹਲਕੇ ਨਾਲ ਨਾਲ ਲੱਗਦੇ ਹਨ ਅਸੀਂ ਰਲ ਮਿਲ ਕੇ ਚੋਣ ਮੁਹਿੰਮ ਚਲਾਵਾਂਗੇ ਤੇ ਦੋਵੇਂ ਸੀਟਾਂ ਤਾਂ ਜਿੱਤਾਂਗੇ ਹੀ ਇਸ ਦੇ ਨਾਲ ਹੀ ਲੋਕ ਸਭਾ ਵਿਚ ਵੀ ਬਸਪਾ ਨੂੰ ਭਾਰੀ ਲਾਭ ਹੋਵੇਗਾ। ਭਾਵੇਂ ਬਸਪਾ ਪੰਜਾਬ ਦਾ ਪ੍ਰਧਾਨ ਮੋਹਣ ਸਿੰਘ ਫਲੀਆਂ ਵਾਲਾ ਖੁਦ ਲੋਕ ਸਭਾ ਚੋਣ ਲੜ ਰਿਹਾ ਸੀ ਪਰ ਫਿਰ ਵੀ ਉਹਦੇ ਖੇਮੇ ਅੰਦਰ ਇਹ ਖਬਰ ਬੰਬ ਡਿੱਗਣ ਵਾਂਗ ਵੇਖੀ ਗਈ। ਹਾਲਾਂਕ ਉਹ ਲੋਕ ਸਭਾ ਦੀ ਚੋਣ ਲੜ ਰਿਹਾ ਸੀ ਤੇ ਉਸਨੂੰ ਇਸਦਾ ਵਧੇਰੇ ਲਾਭ ਸੀ। ਉਹ ਦਿੱਲੀ ਜਾਕੇ ਬਾਮਸੇਫ ਦੇ ਇਕ ਗੁੱਟ ਨੂੰ ਨਾਲ ਲੈਕੇ ਮੁਖਤਿਆਰ ਸਿੰਘ ਮੁੱਤੀ ਦੀ ਟਿਕਟ ਬਦਲਾਉਣ ਲਈ ਆਖਰੀ ਦਿਨ ਤੱਕ ਜੁਟਿਆ ਰਿਹਾ। ਪਰ ਜਦੋਂ ਸਾਹਿਬ ਕਾਂਸ਼ੀ ਰਾਮ ਜੀ ਵਲੋਂ ਅਜਿਹਾ ਨਾ ਕੀਤਾ ਗਿਆ ਤਾਂ ਉਹਦੇ ਖੇਮੇ ਵਲੋਂ ਇਸ ਗੱਲ ਨੂੰ ਆਪਣੇ ਵਕਾਰ ਦਾ ਸੁਆਲ ਬਣਾ ਲਿਆ ਗਿਆ ਤੇ ਮੇਰੇ ਵਿਰੁੱਧ ਇਕ ਪੱਲੇਦਾਰ ਨੂੰ ਆਪਣੇ ਪੱਲਿ ' ਪੈਸਾ ਖਰਚ ਕਰਕੇ ਖੜ੍ਹਾ ਕਰ ਦਿਤਾ ਗਿਆ। ਉਸਨੂੰ ਵੋਟ ਭਾਵੇਂ ਪਵੇ ਜਾਂ ਨਾ ਪਰ ਇਸ ਗੁੱਟ ਦਾ ਮਕਸਦ ਮੇਰੇ ਵਿਰੁੱਧ ਭੰਡੀ ਪਰਚਾਰ ਕਰਕੇ ਮੇਰੀ ਸ਼ਵੀ ਖਰਾਬ ਕਰਨਾ ਅਤੇ ਮੈਨੂੰ ਜਿਚ ਤੇ ਪਰੇਸ਼ਾਨ ਕਰਨ ਦਾ ਬਣ ਗਿਆ ਸੀ।



ਲਾਲ ਸਿੰਘ ਸੁਲਹਾਣੀ
91-98721-55120

ਮੁੱਤੀ ਵਿਰੁੱਧ ਭਾਵੇਂ ਉਮੀਦਵਾਰ ਤਾਂ ਨਾ ਖੜ੍ਹਾ ਕੀਤਾ ਗਿਆ ਪਰ ਉਸ ਦਾ ਅੰਦਰੋ ਅੰਦਰੀ ਵਿਰੋਧ ਜਾਰੀ ਰੱਖਿਆ ਗਿਆ ਅਤੇ ਬਾਮਸੇਫ ਦੇ ਕੁਝ ਸਰਗਰਮ ਕਾਰਕੁੰਨਾ ਵਲੋਂ ਕਾਂਗਰਸੀ ਉਮੀਦਵਾਰ ਦੀ ਡਟਵੀਂ ਹਮਾਇਤ ਕੀਤੀ ਗਈ।

ਉਧਰ ਫ਼ਿਰੋਜ਼ਪੁਰ ਛਾਉਣੀ ਹਲਕੇ ਦੇ ਕੰਬੋਜ ਬਰਾਦਰੀ ਦੇ ਜਿਹੜੇ ਚੌਧਰੀ, ਸਰਪੰਚ ਤੇ ਬਾਰਸੂਖ ਮੁਖੀ ਮੁੱਤੀ ਨੂੰ ਜਿਤਾਉਣ ਲਈ ਪੱਬਾਂ ਭਾਰ ਹੋਏ ਫਿਰਦੇ ਸਨ ਉਹ ਫਿਰੋਜ਼ਪੁਰ ਛਾਉਣੀ ਹਲਕੇ 'ਚ ਮੇਰੇ ਨਾਲ ਤੁਰਨ ਦੀ ਬਜਾਏ ਦੂਜੀਆਂ ਵਿਰੋਧੀ ਪਾਰਟੀਆਂ ਦੀ ਇਮਦਾਦ ਕਰਦੇ ਉਹਨਾਂ ਨੂੰ ਜਿਤਾਉਣ ਲਈ ਸਰਗਰਮ ਭੂਮਿਕਾ ਨਿਭਾਉਂਦੇ ਰਹੇ।

ਬਾਮਸੇਫ ਦੇ ਵੱਡੇ ਨਾਮ ਜਿਹਨਾਂ ਨਾਲ ਮਿਲਕੇ ਹਰ ਮੁਹਿੰਮ ਵਿਚ ਹਰ ਮੋਰਚੇ ਤੇ ਮੂਹਰਲੀਆਂ ਸਫਾਂ 'ਚ ਮੈਂ ਆਪਣੀ ਜਾਨ ਹੂਲਕੇ ਖੜ੍ਹਦਾ ਰਿਹਾ ਸਾਂ ਤੇ ਕਦੇ ਮਿਸ਼ਨ ਨੂੰ ਆਂਚ ਨਹੀਂ ਆਉਣ ਦਿੱਤੀ ਸੀ ਉਹ ਵੀ ਮੇਰੇ ਬਸਪਾ ਵਿਚ ਸ਼ਮੂਲੀਅਤ ਕਰਦਿਆਂ ਹੀ ਅੱਖਾਂ ਫੇਰ ਗਏ ਜਾਪਦੇ ਸਨ। ਜਾਤੀ ਰੰਜਸ਼ਾਂ, ਨਿਜੀ ਕਿੜ੍ਹਾਂ ਤੇ ਈਰਖਾਲੂ ਰਵੱਈਆ ਮਿਸ਼ਨ ਤੇ ਭਾਰੂ ਹੋ ਗਿਆ ਸੀ।

26 ਅਪ੍ਰੈਲ 1991 ਨੂੰ ਮੈਂ ਆਪਣੇ ਸੈਂਕੜੇ ਉਤਸ਼ਾਹ ਸਾਥੀਆਂ ਨੂੰ ਨਾਲ ਲੈਕੇ ਆਪਣਾ ਨਾਮਜ਼ਦਗੀ ਪੱਤਰ ਦਾਖਲ ਕਰਵਾਇਆ। ਘਾਗ ਸਿਆਸਤਦਾਨਾਂ, ਧਨਾਢ ਪਾਰਟੀਆਂ ਤੇ ਲੱਠ ਮਾਰ ਗੁੰਡਾ ਗ੍ਰੋਹਾਂ ਵਿਰੁੱਧ ਮੈਂ ਪੂਰੇ ਦ੍ਰਿੜ ਇਰਾਦੇ ਨਾਲ ਡਟ ਗਿਆ ਸੀ। ਮੇਰੇ ਨਾਲ ਕਿਰਤੀ- ਕਾਮਿਆਂ, ਭਾਈ ਲਾਲੋ ਦੇ ਵਾਰਸਾਂ ਤੇ ਸਿਰਲੱਥ ਯੋਧਿਆਂ ਦੀ ਅਣਥੱਕ ਧਿਰ ਖੜ੍ਹੀ ਸੀ ਜੋ ਮੈਨੂੰ ਕਦੇ ਡੋਲਣ ਨਾ ਦਿੰਦੀ।

ਜਗਰੂਪ ਨੇ ਮੁੱਦਕੀ, ਤਲਵੰਡੀ ਵੱਲ ਮੋਰਚਾ ਮੱਲ ਲਿਆ ਸੀ। ਮੇਰਾ ਇਕ ਲੇਖਕ ਮਿੱਤਰ ਹਰਮੀਤ ਵਿਦਿਆਰਥੀ ਪਰਛਾਵੇਂ ਵਾਂਗ ਮੇਰੇ ਨਾਲ ਡਟ ਗਿਆ ਸੀ। ਉਹ ਇਕ ਹੱਥ 'ਚ ਬੰਦੂਕ ਫੜੀ ਪਹਿਰੇਦਾਰੀ ਕਰਦਾ, ਦੂਜੇ ਹੱਥ ਮਾਇਕ ਫੜ ਕੇ ਭਾਸ਼ਨ ਕਰਦਾ, ਸਲਾਹ ਮਸ਼ਵਰਾ ਕਰਦਾ ਨਜ਼ਰ ਆਉਂਦਾ। ਪਿੰਡ ਪਿੰਡ ਗਰੀਬ ਗੁਰਬੇ ਆਪ ਮੁਹਾਰੇ ਉਠ ਰਹੇ ਸਨ। ਮੈਂ ਆਪਣੇ ਛੋਟੇ ਛੋਟੇ ਸਾਧਨ ਲੈਕੇ ਬੁਲੰਦ ਹੌਸਲੇ ਨਾਲ ਮੁਹਿੰਮ ਪੂਰੀ ਤਰ੍ਹਾਂ ਭਖਾ ਦਿੱਤੀ ਸੀ। ਬਸਪਾ ਦੇ ਨਾਅਰੇ ਤੇ ਚੋਣ ਨਿਸ਼ਾਨ ਹਾਥੀ (ਆਂ) ਦੇ ਝੁੰਡ ਕੰਧਾਂ ਤੇ ਉਲੀਕੇ ਗਏ, ਸਾਈਕਲ ਰੈਲੀਆਂ ਕਰਕੇ ਕਾਰਜਕਰਤਾਵਾਂ ਨੇ ਇਲਾਕੇ ਭਰ ਵਿਚ ਇਕ ਨਵੀਂ ਚਰਚਾ ਛੇੜ ਦਿੱਤੀ। ਬਸਪਾ ਦਾ ਹਾਥੀ ਪਿੰਡਾਂ ਦੀਆਂ ਸੱਥਾਂ ਵਿਚ ਚਰਚਾ ਦਾ ਵਿਸ਼ਾ ਬਣ ਚੁੱਕਿਆ ਸੀ ਹੁਣ ਬਸਪਾ ਦਾ ਹਾਥੀ ਅਣਗੌਲਿਆ ਨਹੀਂ ਰਿਹਾ ਸੀ। ਲੋਕਲ ਪ੍ਰੈਸ ਮੈਨੂੰ ਭਰਵਾਂ ਸਹਿਯੋਗ ਦੇ ਰਹੀ ਸੀ। ਧਨਾਢ ਉਮੀਦਵਾਰਾਂ ਦੇ ਬਰਾਬਰ ਮੇਰੀਆਂ ਖਬਰਾਂ ਛਪ ਰਹੀਆਂ ਸਨ।

ਇਸ ਚੋਣ ਵਿਚ ਕਾਂਗਰਸ ਪਾਰਟੀ ਨੇ ਮੁਕੰਮਲ ਬਾਈਕਾਟ ਕੀਤਾ ਹੋਇਆ ਸੀ ਤੇ ਉਹ ਚੋਣ ਪ੍ਰਕਿਰਿਆ ਚੋਂ ਬਾਹਰ ਸੀ। ਖੁੰਬਾਂ ਵਾਂਗ ਉੱਗੇ ਅਕਾਲੀ ਦਲਾਂ ਤੇ ਸਿੱਖ ਸਟੂਡੈਂਟਸ ਫੈਡਰੇਸ਼ਨਾਂ ਦੇ ਕਈ ਧੜੇ ਚੋਣ ਮੈਦਾਨ ਵਿੱਚ ਕੁੱਦੇ ਹੋਏ ਸਨ। ਪਰ ਬਹੁਜਨ ਸਮਾਜ ਪਾਰਟੀ ਆਪਣੇ ਦਮ ਖ਼ਮ ਨਾਲ ਇਕੱਲਿਆਂ ਬੁਲੰਦ ਹੌਸਲੇ ਨਾਲ ਬੇਖੌਫ ਚੋਣ ਮੈਦਾਨ ਵਿਚ ਜੂਝ ਰਹੀ ਸੀ। ਪੰਜਾਬ ਦਾ ਮਹੌਲ ਬਹੁਤ ਹੀ ਦਹਿਸ਼ਤਜਦਾ ਸੀ। ਭਾਵੇਂ ਦੋ ਦਰਜਨ ਤੋਂ ਵਧ ਉਮੀਦਵਾਰ ਅਣਪਛਾਤੇ ਦਹਿਸ਼ਤ ਗਰਦਾਂ ਦੀ ਗੋਲੀ ਦਾ ਸ਼ਿਕਾਰ ਹੋ ਚੁੱਕੇ ਸਨ। ਧਰਮਕੋਟ ਰਿਜ਼ਰਵ ਹਲਕੇ ਤੋਂ ਇਕ ਅਕਾਲੀ ਗੁੱਟ ਵਲੋਂ ਚੋਣ ਲੜ ਰਿਹਾ ਮੇਰਾ ਮਿੱਤਰ ਜਥੇਦਾਰ ਪ੍ਰੀਤਮ ਸਿੰਘ ਚੀਮਾ ਵੀ ਅਣਪਛਾਤਿਆਂ ਦੀ ਗੋਲੀ ਦਾ ਸ਼ਿਕਾਰ ਹੋ ਚੁੱਕਾ ਸੀ। ਫਿਰ ਵੀ ਪਿੰਡਾਂ ਦੀਆਂ ਸੱਥਾਂ ਵਿਚ ਮੈਂ ਬੇਖੌਫ਼ ਬੋਲਦਾ ਬਸਪਾ ਦਾ ਪ੍ਰਚਾਰ ਕਰਦਾ ਸੀ। ਦਲਿਤ ਵਿਹੜਿਆਂ ਵਿਚ ਵੋਟਾਂ ਮੰਗਣ ਦੀ ਬਜਾਏ ਉਹਨਾਂ ਦੀ ਅਣਖ ਟੁੰਬਣ ਵਾਲੀ ਭਾਸ਼ਾ ਵਰਤਦਿਆਂ ਮੈਂ ਉਹਨਾਂ ਨੂੰ ਸਵੈਮਾਣ ਨਾਲ ਸਿਰ ਚੁੱਕ ਕੇ ਜ਼ਿੰਦਗੀ ਜਿਉਣ ਲਈ ਪ੍ਰੇਰਦਾ। ਦਲਿਤਾਂ ਦੀਆਂ ਭੀੜਾਂ ਮੰਤਰ- ਮੁਗਧ ਹੋ ਮੇਰਾ ਦਰਦੀਲਾ ਭਾਸ਼ਨ ਸੁਣ ਕੇ ਉਤਸ਼ਾਹਿਤ ਹੋ ਉਠਦੀਆਂ।

ਬਸਪਾ ਸੁਪਰੀਮੋ ਸਾਹਿਬ ਕਾਂਸ਼ੀ ਰਾਮ ਜੀ ਮੇਰੀ ਚੋਣ ਮੁਹਿੰਮ ਨੂੰ ਹੋਰ ਰਵਾਨਗੀ ਦੇਣ ਲਈ ਪੁੱਜੇ। ਜ਼ਿਲ੍ਹਾ ਪ੍ਰੀਸ਼ਦ ਰੈਸਟ ਹਾਊਸ ਵਿਚ ਪੰਜਾਬ ਬਸਪਾ ਦਾ ਪ੍ਰਧਾਨ ਤੇ ਲੋਕ ਸਭਾ ਹਲਕਾ ਫਿਰੋਜ਼ਪੁਰ ਦੇ ਉਮੀਦਵਾਰ ਮੋਹਣ ਸਿੰਘ ਫਲੀਆਂ ਵਾਲੇ ਸਮੇਤ ਸੈਂਕੜੇ ਬਸਪਾ ਤੇ ਬਾਮਸੇਫ ਆਗੂ ਮੌਜੂਦ ਸਨ। ਮੇਰੇ ਵਿਰੁੱਧ ਖੜ੍ਹਾ ਕੀਤਾ ਗਿਆ ਉਮੀਦਵਾਰ ਵੀ ਉਹਨਾਂ ਵਲੋਂ ਬੁਲਾਇਆ ਗਿਆ ਸੀ ਜੋ ਆਪਣੇ ਆਪ ਨੂੰ ਬਸਪਾ ਦਾ ਉਮੀਦਵਾਰ ਦੱਸਦਾ ਫਿਰਦਾ ਸੀ। ਸਾਹਿਬ ਕਾਂਸ਼ੀ ਰਾਮ ਮੇਰੇ ਵੱਲ ਇਸ਼ਾਰਾ ਕਰਦਿਆਂ ਉਹਨੂੰ ਕਹਿਣ ਲੱਗੇ-- "ਭਾਈ ਬਸਪਾ ਦਾ ਉਮੀਦਵਾਰ ਤਾਂ ਇਹ ਲਾਲ ਸਿੰਘ ਸੁਲਹਾਣੀ ਹੈ ਜਿਸ ਨੂੰ ਮੈਂ ਪਾਰਟੀ ਦੀ ਟਿਕਟ ਦਿੱਤੀ ਹੈ। ਤੂੰ ਆਪਣੇ ਆਪ ਨੂੰ ਬਸਪਾ ਦਾ ਕਾਰਕੁਨ ਆਖਦਾ ਹੈਂ, ਫਿਰ ਬਸਪਾ ਵਿਰੁੱਧ ਚੋਣ ਕਿਉਂ ਲੜ ਰਿਹਾ ਹੈਂ?"

ਉਹ ਝਟਪਟ ਤੇ ਬੇਝਿਜਕ ਕਹਿਣ ਲੱਗਾ ਕਿ "ਸਾਹਿਬ ਮੈਨੂੰ ਤਾਂ ਮੋਹਣ ਸਿੰਘ ਫਲੀਆਂ ਵਾਲਾ ਨੇ ਖੜ੍ਹਾ ਕੀਤਾ ਹੈ।" ਅਗਲੇ ਪਲ ਸਾਹਿਬ ਨੂੰ ਉਥੇ ਈ ਛੱਡ ਕੇ ਫਲੀਆਂ ਵਾਲਾ ਰੈਸਟ ਹਾਊਸ ਵਿਚੋਂ ਗਧੇ ਦੇ ਸਿੰਗਾਂ ਵਾਂਗ ਗਾਇਬ ਹੋ ਗਿਆ। ਸਾਹਿਬ ਕਾਂਸ਼ੀ ਰਾਮ ਜੀ ਸਾਰੇ ਮਾਮਲੇ ਨੂੰ ਸਮਝ ਚੁਕੇ ਸਨ।

"ਕੀ ਸਥਿਤੀ ਚੱਲ ਰਹੀ ਹੈ?"- ਸਾਹਿਬ ਮੈਨੂੰ ਪੁੱਛਣ ਲੱਗੇ।

"ਹਾਲਾਤ ਬਹੁਤ ਹੀ ਸਾਜ਼ਗਾਰ ਹਨ, ਸਰ!

ਕੁਝ ਵੀ ਹੋ ਸਕਦਾ ਹੈ"- ਮੈਂ ਬੁਲੰਦ ਹੌਸਲੇ ਨਾਲ ਦੱਸਿਆ।

"ਹਾਲਾਤ ਤਾਂ ਮੈਨੂੰ ਸਾਰੇ ਪੰਜਾਬ ਵਿਚ ਈ ਬੜੇ ਸਾਜ਼ਗਾਰ ਨਜ਼ਰ ਆਉਂਦੇ ਹਨ। ਕਿਤੇ ਸਰਕਾਰ ਬਣਾਉਣ ਵਾਲਾ ਪੰਗਾ ਜਿਹਾ ਬਸਪਾ ਨੂੰ ਨਾ ਲੈਣਾ ਪੈਜੇ-- ਉਹ ਖੁਸ਼ ਮਿਜਾਜ਼ ਲਹਿਜੇ ਆਖਣ ਲੱਗੇ।

22 ਜੂਨ ਨੂੰ ਵੋਟਾਂ ਪੈਣੀਆਂ ਸਨ। ਚੋਣ ਪਰਚਾਰ ਬੰਦ ਹੋ ਗਿਆ ਸੀ। ਮੈਂ ਕੁਝ ਸਾਥੀਆਂ ਨਾਲ ਫਿਰੋਜ਼ਪੁਰ ਛਾਉਣੀ ਦੇ ਮੁਹੱਲਿਆਂ ਵਿੱਚ ਘਰ ਘਰ ਜਾਕੇ ਵੋਟਾਂ ਦੀ ਅਪੀਲ ਕਰ ਰਿਹਾ ਸਾਂ। ਪਰਚਾਰ ਸਮੱਗਰੀ ਦੇ ਕੇ ਪੀ.ਐਂਡ ਟੀ. ਕਲੋਨੀ ਦੇ ਇਕ ਕੁਆਟਰ ਚੋਂ ਅਸੀਂ ਅਜੇ ਚਾਰ ਕੁ ਕੁਆਟਰਾਂ 'ਚ ਹੀ ਗਏ ਸਾਂ ਕਿ ਇਕ ਆਦਮੀ ਛੋਹਲੇ ਕਦਮੀਂ ਸਾਡੇ ਕੋਲ ਆਕੇ ਕਾਗਜ਼ ਦਿਖਾਉਂਦਿਆਂ ਕਹਿਣ ਲੱਗਾ ਕਿ "ਹਾਥੀ ਵਾਲੇ ਤੁਸੀਂ ਈ ਓ?"

"ਹਾਂ" --ਮੈਂ ਦੱਸਿਆ।

"ਸੁਣਿਐ ਹਾਥੀ ਵਾਲੇ ਉਮੀਦਵਾਰ (ਲਾਲ ਸਿੰਘ ਸੁਲਹਾਣੀ) ਨੂੰ ਗੋਲੀ ਮਾਰ ਦਿੱਤੀ ਗਈ ਹੈ, ਸਾਰੇ ਬਜ਼ਾਰ ਵਿਚ ਇਸ ਗੱਲ ਦੀ ਭਾਰੀ ਚਰਚਾ ਐ, ਤੁਹਾਨੂੰ ਖ਼ਬਰ ਨਹੀਂ ਮਿਲੀ ਅਜੇ"-- ਉਹਨੇ ਘਬਰਾਹਟ ਨਾਲ ਆਖਿਆ।

"ਬਸਪਾ ਉਮੀਦਵਾਰ ਲਾਲ ਸਿੰਘ ਸੁਲਹਾਣੀ ਮੈਂ ਹਾਂ ਤੇ ਤੁਹਾਡੇ ਸਾਹਮਣੇ ਸਾਮਰਤਖ ਖੜ੍ਹਾ ਹਾਂ"-- ਮੈਂ ਹੱਸਦਿਆਂ ਆਖਿਆ। ਇਉਂ ਬਸਪਾ ਵਿਰੁੱਧ ਅਫਵਾਹਾਂ ਦਾ ਬਜ਼ਾਰ ਗਰਮ ਸੀ।

ਚੋਣ ਸਮੱਗਰੀ ਲੈਕੇ ਚੋਣ ਅਮਲਾ ਆਪਣੀ ਆਪਣੀ ਡਿਊਟੀ ਵਾਲੇ ਪੋਲਿੰਗ ਬੂਥਾਂ ਤੇ ਪੁੱਜ ਚੁੱਕਾ ਸੀ। ਚੋਣ ਪ੍ਰਕਿਰਿਆ ਪੂਰੀ ਕਰਨ ਲਈ ਸਾਰੇ ਪ੍ਰਬੰਧ ਮੁਕੰਮਲ ਹੋ ਚੁਕੇ ਸਨ। ਪੰਜਾਬ ਅੰਦਰ ਬਸਪਾ ਦੀ ਸਰਕਾਰ ਬਣਨ ਦੇ ਭਾਰੀ ਆਸਾਰ ਨਜ਼ਰ ਆ ਰਹੇ ਸਨ। ਪਰ ਕੇਂਦਰ ਵਿਚ ਕਾਂਗਰਸ ਪਾਰਟੀ ਦੀ ਚਿੱਤ ਪਵਨ ਬ੍ਰਾਹਮਣ ਨਰ ਸਿਮਹਾ ਰਾ ਦੀ ਅਗਵਾਈ ਵਿਚ ਕੇਂਦਰ ਸਰਕਾਰ ਬਣਨੀ ਤੈਅ ਸੀ ਜਿਸ ਨੂੰ ਭਾਂਪ ਕੇ ਕਾਂਗਰਸ ਆਗੂਆਂ ਦੇ ਇਸ਼ਾਰੇ ਤੇ ਭਾਰਤ ਦੇ ਚੋਣ ਕਮਿਸ਼ਨ ਵਲੋਂ ਐਲਾਨ ਕਰ ਦਿਤਾ ਗਿਆ ਕਿ ਪੰਜਾਬ ਦੀ ਚੋਣ ਅਣਮਿਥੇ ਸਮੇਂ ਲਈ ਰੱਦ ਕਰ ਦਿੱਤੀ ਗਈ ਹੈ। ਇਸ ਅਚਾਨਕ ਪਈ ਬਿੱਜ ਨਾਲ ਪੰਜਾਬ ਵਾਸੀ ਭੌਚਕੇ ਰਹਿ ਗਏ।

ਭਾਰਤ ਦੇ ਚੋਣ ਕਮਿਸ਼ਨ ਵੱਲੋਂ 19 ਫਰਵਰੀ 1992 ਦਾ ਦਿਨ ਪੰਜਾਬ ਅੰਦਰ ਵਿਧਾਨ ਸਭਾ ਤੇ ਸੰਸਦੀ ਚੋਣਾਂ ਲਈ ਮੁੜ ਨਿਸਚਿਤ ਕੀਤਾ ਗਿਆ। ਪਰ 1991 ਦੀ ਚੋਣ ਦੇ ਉਲਟ ਇਸ ਵਾਰ ਵੱਖ ਵੱਖ ਸਾਰੇ ਅਕਾਲੀ ਧੜਿਆਂ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਗੁੱਟਾਂ ਵੱਲੋਂ ਚੋਣਾਂ ਦਾ ਮੁਕੰਮਲ ਬਾਈਕਾਟ ਕਰਨ ਦਾ ਫੈਸਲਾ ਲਿਆ ਗਿਆ। ਚਰਚਾ ਸੀ ਕਿ ਸਰਕਾਰੀ ਏਜੰਸੀਆਂ ਦੇ ਦਬਾਅ ਕਾਰਨ ਅਜਿਹਾ ਕੀਤਾ ਗਿਆ ਹੈ। ਸ਼ਰੇਆਮ ਪ੍ਰਚਾਰ ਕੀਤਾ ਜਾ ਰਿਹਾ ਸੀ ਕਿ ਜੇ ਕੋਈ ਵੋਟ ਪਾਉਣ ਜਾਵੇਗਾ ਤਾਂ ਉਹ ਆਪਣਾ ਕੱਫਣ ਤਿਆਰ ਕਰਕੇ ਜਾਵੇ। ਪੰਜਾਬ ਦਾ ਮਾਹੌਲ ਪੂਰਾ ਦਹਿਸ਼ਤਜ਼ਦਾ ਅਤੇ ਤਣਾਅ ਪੂਰਨ ਸੀ। ਪਰ ਹੁਣ ਪ੍ਰਧਾਨ ਮੰਤਰੀ ਪੀ। ਵੀ। ਨਰ ਸਿਮਹਾ ਰਾ ਦੀ ਕਾਂਗਰਸੀ ਸਰਕਾਰ ਹਰ ਹਾਲਤ ਵਿਚ ਚੋਣਾਂ ਕਰਵਾਉਣ ਲਈ ਬਜ਼ਿਦ ਸੀ। ਇਸ ਵਾਰ ਕਾਂਗਰਸ ਪਾਰਟੀ ਦੇ ਮੁਕਾਬਲੇ ਬਹੁਜਨ ਸਮਾਜ ਪਾਰਟੀ ਆਪਣੇ ਦਮ ਖ਼ਮ 'ਤੇ ਚੋਣ ਮੈਦਾਨ ਵਿੱਚ ਡਟ ਕੇ ਖੜ੍ਹੀ ਹੋਈ ਸੀ। ਉਮੀਦਵਾਰ ਭਾਰੀ ਸੁਰੱਖਿਆ ਹੇਠ ਚੋਣ ਪਰਚਾਰ ਵਿੱਚ ਰੁੱਝ ਗਏ। ਪਰ ਪਿੰਡਾਂ ਤੇ ਕਸਬਿਆਂ ਵਿੱਚ ਡਰ ਅਤੇ ਸਹਿਮ ਦਾ ਮਹੌਲ ਸੀ। ਲੋਕਾਂ ਵਿਚ ਚੋਣਾਂ ਦੌਰਾਨ ਪਾਈ ਜਾਂਦੀ ਗਰਮਜੋਸ਼ੀ ਲੱਗਭਗ ਗਾਇਬ ਸੀ।

ਅਜਿਹੇ ਮਾੜੇ ਮਾਹੌਲ ਵਿੱਚ ਵੀ ਮੈਂ ਬੁਲੰਦ ਹੌਸਲੇ ਨਾਲ ਫਿਰੋਜ਼ਪੁਰ ਛਾਉਣੀ ਜਨਰਲ ਹਲਕੇ ਤੋਂ ਸਾਹਿਬ ਕਾਂਸ਼ੀ ਰਾਮ ਜੀ ਦੇ ਦਿਸ਼ਾ ਨਿਰਦੇਸ਼ ਹੇਠ ਚੋਣ ਮੈਦਾਨ ਵਿੱਚ ਡਟ ਗਿਆ ਸੀ। ਨਾਸਾਜ਼ਗਾਰ ਹਾਲਾਤਾਂ ਦੇ ਬਾਵਜੂਦ ਵੀ ਬਸਪਾ ਕਾਰਜਕਰਤਾਵਾਂ ਵਿਚ ਭਾਰੀ ਉਤਸ਼ਾਹ ਸੀ। ਮੁਕਾਬਲੇ ਤੇ ਕਾਂਗਰਸ ਪਾਰਟੀ ਦਾ ਧਨਾਢ ਉਮੀਦਵਾਰ ਐਡਵੋਕੇਟ ਗੁਰਨੈਬ ਸਿੰਘ ਬਰਾੜ ਤੇ ਕਾਂਗਰਸ ਦਾ ਬਾਗੀ ਯੂਥ ਆਗੂ ਰਵਿੰਦਰ ਸਿੰਘ ਸੰਧੂ (ਬੱਬਲ) ਰਜਵਾੜਾਨੁਮਾ ਜਗੀਰਦਾਰ ਚੋਣ ਲੜ ਰਹੇ ਸਨ। ਅਸੀਂ ਛੋਟੇ ਛੋਟੇ ਸਾਧਨਾਂ ਨਾਲ ਨੰਗੇ ਧੜ ਲੜਦਿਆਂ ਉਹਨਾਂ ਲਈ ਵੰਗਾਰ ਬਣ ਰਹੇ ਸੀ। ਕਿਧਰੇ ਗ਼ਰੀਬ ਪਰਵਾਰ ਵਿਚੋਂ ਉਠਿਆ ਬਸਪਾ ਉਮੀਦਵਾਰ ਈ ਜਿੱਤ ਨਾ ਜਾਵੇ ਇਸ ਲਈ ਬਾਈਕਾਟ ਦੇ ਬਾਵਜੂਦ ਅਕਾਲੀ ਧਿਰਾਂ ਰਵਿੰਦਰ ਸੰਧੂ ਦੀ ਧਿਰ ਬਣ ਖੜੋਤੀਆਂ।

ਇਕ ਸਹਾਇਕ ਥਾਣੇਦਾਰ ਦੀ ਅਗਵਾਈ 'ਚ ਛੇ ਪੰਜਾਬ ਪੁਲਿਸ ਦੇ ਮੁਲਾਜ਼ਮ ਤੇ ਇਕ ਸਬ ਇੰਸਪੈਕਟਰ ਦੀ ਕਮਾਂਡ ਹੇਠ ਵੱਡੀ ਗਿਣਤੀ ਵਿੱਚ ਸੀਮਾ ਸੁਰੱਖਿਆ ਬਲ ਦੇ ਜੁਆਨ ਮੇਰੀ ਸੁਰੱਖਿਆ ਲਈ ਤੈਨਾਤ ਕੀਤੇ ਗਏ ਸਨ। ਮੈਂ ਸੈਂਟਰਲ ਜ਼ੇਲ੍ਹ ਫਿਰੋਜ਼ ਪੁਰ ਦੇ ਸਾਹਮਣੇ ਰਾਜਾ ਟਾਕੀਜ਼ ਵਿਚ ਇਕ ਵੱਡਾ ਹਾਲ ਤੇ ਕੁਝ ਕਮਰੇ ਬੁੱਕ ਕਰਵਾ ਲਏ। ਫਿਰ ਕੁਝ ਦਿਨਾਂ ਬਾਅਦ ਮੈਂ 151- ਸੰਤ ਲਾਲ ਰੋਡ ਫਿਰੋਜ਼ਪੁਰ ਛਾਉਣੀ ਵਿਖੇ ਜਾ ਡੇਰਾ ਲਾਇਆ। ਜਿੱਥੇ ਪਹਿਲਾਂ ਖੁਰਾਕ ਤੇ ਸਪਲਾਈਜ਼ ਵਿਭਾਗ ਦਾ ਦਫ਼ਤਰ ਹੋਇਆ ਕਰਦਾ ਸੀ। ਕਿਉਂਕਿ ਐਨੇ ਵੱਡੇ ਦਲ ਬਲ ਨੂੰ ਮੁਹੱਲੇ ਵਿਚ ਸੰਭਾਲਣਾ ਮੁਸ਼ਕਿਲ ਸੀ। ਉਸ ਕਾਲੇ ਦੌਰ ਵਿਚ ਹੋ ਰਹੀ ਇਸ ਚੋਣ ਵਿਚ ਦਰਜਨਾਂ ਉਮੀਦਵਾਰ ਕਤਲ ਕੀਤੇ ਜਾ ਚੁੱਕੇ ਸਨ।

ਮੈਂ ਇਕ ਜੁਗਾੜੂ ਜੀਪ ਦਾ ਪ੍ਰਬੰਧ ਕਰ ਲਿਆ ਸੀ। ਜਿਸਨੇ ਬੇਸ਼ੱਕ ਇਲਾਕੇ 'ਚ ਧੁੰਮ ਮਚਾ ਰੱਖੀ ਸੀ ਪਰ ਜਗੀਰਦਾਰਾਂ ਤੇ ਧਨਾਢਾਂ ਦੇ ਸਾਧਨਾਂ ਦੇ ਮੁਕਾਬਲੇ ਦੋ ਕਸਬਿਆਂ, ਇਕ ਸ਼ਹਿਰ ਅਤੇ ਸੌ ਤੋਂ ਵੱਧ ਪਿੰਡਾਂ ਵਿਚ ਪਹੁੰਚ ਕਰਨਾ ਜ਼ੋਖਮ ਭਰਿਆ ਤੇ ਕਠਿਨ ਕਾਰਜ ਸੀ। ਭੋਲੇ ਭਾਲੇ, ਅਣਥੱਕ ਤੇ ਨਿਡਰ ਬਸਪਾ ਕਾਰਜਕਰਤਾ ਜੋ ਰਾਜਨੀਤਕ ਚਾਲਾਂ ਤੋਂ ਅਣਜਾਣ ਸਨ, ਮੇਰੀ ਧਰੋਹਰ ਸਨ। ਆਮ ਦਲਿਤ ਲੋਕ ਕਾਂਗਰਸ ਨੂੰ ਆਪਣੀ ਮਾਂ ਸਮਝਦੇ ਸਨ ਤੇ ਕਾਂਗਰਸ ਨਾਲੋਂ ਟੁੱਟਣਾ ਉਹਨਾਂ ਨੂੰ ਧਰਮ ਬਦਲੀ ਵਾਂਗ ਲੱਗਦਾ ਸੀ। 1985 ਦੀ ਚੋਣ ਦੌਰਾਨ ਤਾਂ ਹਲਕੇ ਦੇ ਆਖਰੀ ਪਿੰਡ ਗਿੱਲ ਦੇ ਦਲਿਤ ਸਾਡੀ ਗੱਲ ਸੁਣਨ ਲਈ ਵੀ ਤਿਆਰ ਨਹੀਂ ਸਨ ਸਗੋਂ ਬਸਪਾ ਕਾਰਜਕਰਤਾਵਾਂ ਨੂੰ ਉਹਨਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ। ਇਸ ਤਰ੍ਹਾਂ ਦੇ ਹਾਲਤ ਬਹੁਤ ਸਾਰੇ ਪਿੰਡਾਂ ਵਿਚ ਸਨ। ਸ਼ਹਿਰੀ ਵੋਟਰ ਤਾਂ ਬਸਪਾ ਤੋਂ ਦੂਰੀ ਬਣਾ ਕੇ ਰੱਖਦਾ ਸੀ ਪਰ ਫਿਰ ਵੀ ਟਾਂਵੇਂ ਟਾਂਵੇਂ ਵਰਕਰ ਮੈਦਾਨ ਵਿੱਚ ਨਿੱਤਰ ਪਏ ਸਨ। ਏਸੇ ਤਰ੍ਹਾਂ ਮਾਸਟਰ ਮ ਪਰਕਾਸ਼ ਦੀ ਪ੍ਰੇਰਨਾ ਸਦਕਾ ਗਿੱਲ ਪਿੰਡ ਦੇ ਇਕ ਅਧਿਆਪਕ ਠਾਣਾ ਸਿੰਘ ਤੇ ਖੁਰਾਕ ਅਤੇ ਸਪਲਾਈ ਵਿਭਾਗ ਦੇ ਇਕ ਮੁਲਾਜ਼ਮ ਮੁਖਤਿਆਰ ਸਿੰਘ ਫੌਜੀ 1987 ਵਿਚ ਮੇਰੇ ਸੰਪਰਕ 'ਚ ਆਉਣ ਕਰਕੇ ਉਹ ਸਾਹਿਬ ਕਾਂਸ਼ੀ ਰਾਮ ਜੀ ਦੇ ਸਮਾਜਕ ਪਰਿਵਰਤਨ ਤੇ ਆਰਥਿਕ ਮੁਕਤੀ ਅੰਦੋਲਨ ਦੇ ਸਮਰੱਥਕ ਬਣ ਗਏ ਸਨ। ਇਉਂ ਇਹ ਗਿੱਲ ਪਿੰਡ ਹੁਣ ਬਸਪਾ ਸਰਗਰਮੀਆਂ ਦਾ ਕੇਂਦਰ ਬਣ ਚੁੱਕਿਆ ਸੀ। ਇਸ ਪਿੰਡ ਦਾ ਇਕ ਨੌਜੁਆਨ ਗੁਰਨਾਮ ਸਿੰਘ ਭੱਟੀ ਬਹੁਜਨ ਲਹਿਰ ਲਈ ਗੀਤ ਲਿਖਣ ਲੱਗ ਪਿਆ ਤੇ ਉਸੇ ਪਿੰਡ ਦਾ ਇਕ ਹੋਰ ਉਤਸ਼ਾਹੀ ਸਾਥੀ ਹਾਕਮ ਸਿੰਘ ਪੰਛੀ ਤੂੰਬੀ ਤੇ ਗੀਤ ਗਾ ਕੇ ਪਿੰਡ ਪਿੰਡ ਪਰਚਾਰ ਕਰਨ ਲੱਗ ਪਿਆ ਸੀ। ਇਸ ਚੋਣ ਦੌਰਾਨ ਗੁਰਨਾਮ ਸਿੰਘ ਭੱਟੀ ਨੇ ਇਕ ਗੀਤ ਲਿਖਿਆ--

ਕਾਂਗਰਸੇ ਤੈਨੂੰ ਰਹਿਣ ਦੇਣਾ
ਤੂੰ ਐਵੇਂ ਨਾ ਜਾਣੀ।
ਪੂਛ ਚੁਕਾ ਦੇਊਗਾ
ਲਾਲ ਸਿੰਘ ਸੁਲਹਾਣੀ।

ਜੋ ਬਹੁਤ ਚਰਚਿਤ ਹੋਇਆ ਤੇ ਹਾਕਮ ਸਿੰਘ ਪੰਛੀ ਤੋਂ ਸਾਰੇ ਪਿੰਡਾਂ 'ਚ ਹਰ ਸਟੇਜ ਤੇ ਸੁਣਨ ਦੀ ਫਰਮਾਇਸ਼ ਕੀਤੀ ਜਾਂਦੀ। ਕਾਂਗਰਸੀ ਉਮੀਦਵਾਰ 1985 ਦੀ ਚੋਣ ਬਸਪਾ ਕਾਰਨ ਹਾਰ ਚੁੱਕਾ ਸੀ ਇਸ ਲਈ ਉਹ ਇਸ ਵਾਰ ਵੀ ਅੰਦਰੋ ਅੰਦਰੀ ਬਹੁਤ ਭੈ ਭੀਤ ਸੀ। ਫਿਰ ਵੀ ਉਹ ਸਰਕਾਰੀ ਤੰਤਰ ਸਹਾਰੇ ਜਿੱਤ ਲਈ ਆਸਵੰਦ ਸੀ। ਬਾਗੀ ਕਾਂਗਰਸੀ ਉਮੀਦਵਾਰ ਬੱਬਲ ਸੰਧੂ ਵੱਲੋਂ ਧਨ ਬਲ ਨਾਲ ਸਰਗਰਮ ਮੁਹਿੰਮ ਵਿੱਢੀ ਹੋਈ ਸੀ ਤੇ ਬਾਈਕਾਟ ਦੇ ਬਾਵਜੂਦ ਅਕਾਲੀ ਧਿਰਾਂ ਉਹਦੀ ਮੁਹਿੰਮ ਦੀਆਂ ਮੋਹਰੀ ਬਣੀਆਂ ਹੋਈਆਂ ਸਨ। ਉਹਦਾ ਚੋਣ ਨਿਸ਼ਾਨ ਚੜ੍ਹਦਾ ਸੂਰਜ ਸੀ। ਮੈਂ ਦਲਿਤ ਵਿਹੜਿਆਂ ਵਿੱਚ ਪਿੰਡ ਪਿੰਡ ਜਾਕੇ ਲੋਕਾਂ ਦੀ ਅਣਖ ਨੂੰ ਟੁੰਬਦਿਆਂ ਆਖਦਾ ਕਿ "ਜਿੰਨਾਂ ਚਿਰ ਧਨਾਢ ਜਗੀਰਦਾਰਾਂ ਦੇ ਸੂਰਜ ਚੜ੍ਹਦੇ ਰਹਿਣਗੇ ਉਨ੍ਹਾਂ ਚਿਰ ਤੁਹਾਡੇ ਢਾਰਿਆਂ, ਤੁਹਾਡੇ ਕੱਚੇ ਘਰਾਂ ਵਿਚ ਹਨੇਰਾ ਪਸਰਿਆ ਰਹੇਗਾ। ਤੁਸੀਂ ਆਪਣੇ ਦੀਪ ਆਪ ਬਣੋ। ਧਨਾਢਾਂ ਦੇ ਨੋਟ ਠੁਕਰਾ ਕੇ ਵੋਟ ਤੰਤਰ ਵਿਚ ਆਪਣੇ ਵੋਟਾਂ ਨਾਲ ਆਪ ਹੁਕਮਰਾਨ ਬਣੋ। ਆਪਣੀ ਵੋਟ ਦੀ ਤਾਕਤ ਪਛਾਣੋ।"

ਮੇਰੇ ਜੋਸ਼ੀਲੇ ਭਾਸ਼ਣਾਂ ਨਾਲ ਪਿੰਡਾਂ ਦੇ ਕੁਝ ਉਤਸ਼ਾਹੀ ਨੌਜੁਆਨ ਸਾਡੀ ਲਹਿਰ ਦਾ ਅੰਗ ਬਣਨ ਲੱਗੇ। ਚੋਣ ਵਾਲੇ ਦਿਨ ਪੋਲਿੰਗ ਬੂਥਾਂ ਤੇ ਕੇਂਦਰੀ ਸੁਰਖਿਆ ਦਸਤੇ ਤੈਨਾਤ ਸਨ ਪਰ ਦਹਿਸ਼ਤਜ਼ਦਾ ਮਹੌਲ ਵਿਚ ਟਾਂਵੇਂ ਟਾਂਵੇਂ ਲੋਕ ਨਿਡਰ ਹੋਕੇ ਵੋਟ ਪਾਉਣ ਲਈ ਬਾਹਰ ਨਿਕਲਦੇ ਸਨ। ਵਿਰੋਧੀ ਉਮੀਦਵਾਰਾਂ ਨੇ ਆਪਣੇ ਸਾਧਨਾਂ ਨਾਲ ਖਾਲੀ ਬੂਥਾਂ ਤੇ ਕਬਜ਼ਾ ਕਰਕੇ ਜਿੱਥੇ ਦਾਅ ਲੱਗਿਆ ਆਪਣੇ ਹੱਕ 'ਚ ਠੱਪੇ ਲਾ ਲਏ। ਕੋਈ ਅਧਿਕਾਰੀ ਸੁਰਖਿਆ ਕਰਮੀ ਰੋਕਣ ਟੋਕਣ ਵਾਲਾ ਨਹੀਂ ਸੀ ਸਗੋਂ ਚੋਣ ਕਮਿਸ਼ਨ ਤਾਂ ਹਰ ਹਾਲਤ ਵਿਚ ਪੰਜਾਬ ਅੰਦਰ ਵਧ ਤੋਂ ਵਧ ਪੋਲਿੰਗ ਫੀ ਸਦੀ ਦਰਸਾਉਣ ਲਈ ਅੰਦਰੋ ਅੰਦਰੀ ਇਸ ਰੁਝਾਨ ਨੂੰ ਉਤਸ਼ਾਹਿਤ ਕਰ ਰਿਹਾ ਸੀ। ਪਰ ਬਾਈਕਾਟ ਦਾ ਬਹੁਤ ਵੱਡਾ ਅਸਰ ਸੀ। ਐਸੇ ਦੌਰ ਵਿਚ ਵੀ ਨਿਡਰ ਬਸਪਾ ਵਰਕਰ ਬੁਲੰਦ ਹੌਸਲੇ ਨਾਲ ਕਈ ਪਿੰਡਾਂ ਵਿਚ ਬੂਥਾਂ ਤੇ ਡਟੇ ਰਹੇ। ਇਥੋਂ ਤੱਕ ਕਿ ਤਲਵੰਡੀ ਭਾਈ ਦੇ ਇਕ ਪੋਲਿੰਗ ਬੂਥ ਤੇ ਸਕੂਲ ਪੜ੍ਹਦੀ ਇਕ ਲੜਕੀ ਸੁਨੀਤਾ ਰਾਣੀ ਨਿਰਭੈਤਾ ਨਾਲ ਡਟੀ ਹੋਈ ਸੀ। ਸ਼ੇਰ ਖਾਂ ਵਰਗੇ ਨਾਜਕ ਪੋਲਿੰਗ ਬੂਥਾਂ ਤੇ ਬਸਪਾ ਵਰਕਰ ਮੁਸਤੈਦੀ ਨਾਲ ਆਪਣਾ ਫਰਜ਼ ਨਿਭਾ ਰਹੇ ਸਨ। ਬੱਬਲ ਸੰਧੂ ਦੇ ਜੱਦੀ ਪਿੰਡ ਚ ਬਸਪਾ ਦਾ ਪੋਲਿੰਗ ਬੂਥ ਲੱਗਣਾ ਚਮਤਕਾਰ ਤੋਂ ਘੱਟ ਨਹੀਂ ਸੀ। ਇਸ ਖੌਫ਼ਜ਼ਦਾ ਫਿਜ਼ਾ ਵਿਚ ਮੈਦਾਨ- ਇ -ਜੰਗ ਡਟੇ ਰਹਿਣਾ ਹੀ ਸਾਡੇ ਲਈ ਵੱਡੀ ਜਿੱਤ ਸੀ। ਆਪਣੇ ਹੱਥ ਕੰਡੇ ਵਰਤਕੇ ਅਕਾਲੀ ਧਿਰਾਂ ਦਾ ਆਜ਼ਾਦ ਉਮੀਦਵਾਰ ਬੱਬਲ ਸੰਧੂ ਮੈਦਾਨ ਮਾਰ ਗਿਆ ਪਰ ਬਸਪਾ ਕਾਰਨ ਕਾਂਗਰਸੀ ਉਮੀਦਵਾਰ ਸਿਰਫ 1546 ਵੋਟਾਂ ਦੇ ਫ਼ਰਕ ਨਾਲ ਐਸਾ ਲੁੜਕਿਆ ਕਿ ਉਹ ਹਮੇਸ਼ਾ ਲਈ ਰਾਜਸੀ ਰੰਗਮੰਚ ਤੋਂ ਹੀ ਅਲੋਪ ਹੋ ਗਿਆ।

ਦੂਜੇ ਪਾਸੇ ਫਿਰੋਜ਼ਪੁਰ ਸ਼ਹਿਰ ਸੀਟ ਤੋਂ ਬਸਪਾ ਦੇ ਉਮੀਦਵਾਰ ਮੁਖਤਿਆਰ ਸਿੰਘ ਕੰਬੋਜ ਨੂੰ ਕੁੱਝ ਸੈਂਕੜੇ ਵੋਟਾਂ ਨਾਲ ਜਿੱਤਦੇ ਜਿੱਤਦੇ ਨੂੰ ਅੰਕੜਿਆਂ ਦੇ ਹੇਰ ਫੇਰ ਨਾਲ ਉਲਟਾ 355 ਵੋਟਾਂ ਦੇ ਫ਼ਰਕ ਨਾਲ ਹਾਰਿਆ ਹੋਇਆ ਐਲਾਨ ਕਰ ਦਿੱਤਾ ਗਿਆ ਤੇ ਪੰਡਤ ਬਾਲ ਮੁਕੰਦ ਸ਼ਰਮਾ ਕਾਂਗਰਸੀ ਉਮੀਦਵਾਰ ਜੇਤੂ ਕਰਾਰ ਦੇ ਦਿੱਤਾ ਗਿਆ। ਜਦੋਂ ਕਿ ਨਤੀਜਾ ਇਸ ਦੇ ਉਲਟ ਸੀ ਪਰ ਆਰ ਕਮ ਐਸ ਡੀ ਐਮ ਫਿਰੋਜ਼ਪੁਰ ਰਾਜਸੀ ਦਬਾਅ ਅਧੀਨ ਪੱਖਪਾਤੀ ਰੁੱਖ ਅਖਤਿਆਰ ਕਰ ਰਿਹਾ ਸੀ। ਇਸ ਤਰ੍ਹਾਂ ਦੀ ਧੱਕੇਸ਼ਾਹੀ ਤੇ ਧਾਂਧਲੀ ਪੰਜਾਬ ਵਿਚ ਕੇਂਦਰ ਸਰਕਾਰ ਦੀ ਸ਼ਹਿ ਤੇ ਹੋਰ ਕਈ ਹਲਕਿਆਂ ਵਿਚ ਕੀਤੇ ਜਾਣ ਦੀਆਂ ਖਬਰਾਂ ਨਸ਼ਰ ਹੋ ਰਹੀਆਂ ਸਨ। ਜਿਸ ਕਰਕੇ ਬਸਪਾ ਵਰਕਰ ਗੁੱਸੇ ਤੇ ਵਿਦਰੋਹ ਦੇ ਰੌਂਅ 'ਚ ਸਨ। ਜੋ ਭਾਰੀ ਗਿਣਤੀ ਵਿਚ ਡਿਪਟੀ ਕਮਿਸ਼ਨਰ ਦਫਤਰ ਵੱਲ ਪ੍ਰਦਰਸ਼ਨ ਕਰਨ ਲਈ ਵਧ ਰਹੇ ਸਨ। ਏਸੇ ਦੌਰਾਨ ਸਾਨੂੰ ਦੱਸਿਆ ਗਿਆ ਕਿ ਬਹੁਜਨ ਸਮਾਜ ਪਾਰਟੀ ਦਾ ਲੋਕ ਸਭਾ ਦਾ

(ਬਾਕੀ ਅਗਲੇ ਸਫੇ 'ਤੇ)

## ਜੰਗ

ਜੰਗ ਪਾਕਿਸਤਾਨ ਕਰ ਰਿਹਾ ਸੀ
ਜੰਗ ਹਿੰਦੋਸਤਾਨ ਕਰ ਰਿਹਾ ਸੀ

ਫੌਜੀ ਧਰਲਾ ਮਰ ਰਿਹਾ ਸੀ
ਫੌਜੀ ਏਧਰਲਾ ਮਰ ਰਿਹਾ ਸੀ

ਡਰੋਨ ਧਰ ਉਡਾਨ ਭਰ ਰਿਹਾ ਸੀ
ਡਰੋਨ ਏਧਰ ਉਡਾਨ ਭਰ ਰਿਹਾ ਸੀ

ਪੀ।ਐਮ ਧਰਲਾ ਤਾਂਘੜ ਰਿਹਾ ਸੀ
ਪੀ।ਐਮ ਏਧਰਲਾ ਤਾਂਘੜ ਰਿਹਾ ਸੀ

ਫੌਜੀ ਟੋਲਾ ਉਧਰ ਲੜ ਰਿਹਾ ਸੀ
ਫੌਜੀ ਟੋਲਾ ਏਧਰ ਲੜ ਰਿਹਾ ਸੀ

ਮਿਜ਼ਾਈਲਾਂ ਉਹ ਚਲਾ ਰਿਹਾ ਸੀ
ਮਿਜ਼ਾਈਲਾਂ ਇਹ ਚਲਾ ਰਿਹਾ ਸੀ

ਹਾਕਮਾਂ ਦਾ ਉਧਰ ਸਰ ਰਿਹਾ ਸੀ
ਹਾਕਮਾਂ ਦਾ ਏਧਰ ਸਰ ਰਿਹਾ ਸੀ

ਹਰ ਕੋਈ ਧਰ ਡਰ ਰਿਹਾ ਸੀ
ਹਰ ਕੋਈ ਏਧਰ ਡਰ ਰਿਹਾ ਸੀ

ਜੰਗ ਉਹ ਅਵਾਮ ਜਰ ਰਿਹਾ ਸੀ
ਜੰਗ ਆਹ ਅਵਾਮ ਜਰ ਰਿਹਾ ਸੀ

ਝੂਠ ਦਾ ਮੀਂਹ ਧਰ ਵਰ ਰਿਹਾ ਸੀ
ਝੂਠ ਦਾ ਮੀਂਹ ਏਧਰ ਵਰ ਰਿਹਾ ਸੀ


ਨਾ ਤਾਂ ਪਾਕਿਸਤਾਨ ਹਰ ਰਿਹਾ ਸੀ
ਨਾ ਹੀ ਹਿੰਦੋਸਤਾਨ ਹਰ ਰਿਹਾ ਸੀ

ਟਰੰਪ ਸੀਜ਼ ਫਾਇਰ ਕਰ ਰਿਹਾ ਸੀ
ਟਰੰਪ ਸੀਜ਼ ਫਾਇਰ ਕਰ ਰਿਹਾ ਸੀ

**ਰਘਵੀਰ ਸਿੰਘ ਟੇਰਕਿਆਨਾ**
**9814173402**

## ਜੰਗ-ਬੰਦੀ ਮਗਰੋਂ ਸ਼ਬਦੀ-ਜੰਗ ਕਿਉਂ?

ਭਾਰਤ-ਪਾਕਿਸਤਾਨ ਵਿਚਕਾਰ ਕੁੱਝ ਦਿਨ ਚੱਲੀ 'ਲੜਾਈ' ਸਿਆਣੇ ਆਗੂਆਂ ਨੇ ਰੋਕ ਦਿੱਤੀ!ਜੰਗ-ਬੰਦੀ ਲਾਗੂ ਹੋਣ 'ਤੇ ਅਮਨ ਪਸੰਦ ਲੋਕਾਈ ਨੇ ਸੁਖ ਦਾ ਸਾਹ ਲਿਆ। ਪਰ ਇਸੇ ਦੌਰਾਨ ਖਬਰਾਂ ਆਈਆਂ ਕਿ ਪਾਕਿਸਤਾਨ ਨੇ ਕਈ ਭਾਰਤੀ ਇਲਾਕਿਆਂ ਵਿਚ ਠਾਹ-ਠੂਹ ਕੀਤੀ। ਮਤਲਬ ਕਿ ਉਸ ਨੇ ਜੰਗ-ਬੰਦੀ ਦੀ ਇਕਤਰਫਾ ਉਲੰਘਣਾ ਕਰੀ! ਉਸ ਦੇਸ਼ ਦੀ ਇਸ ਹਿਮਾਕਤ ਤੋਂ ਬਾਅਦ ਚੱਲੀ ਸ਼ਬਦੀ-ਜੰਗ ਦੇਖਦਿਆਂ ਸੁਣਦਿਆਂ ਮੈਨੂੰ ਬਜ਼ੁਰਗਾਂ ਪਾਸੋਂ ਸੁਣੀ ਹੋਈ ਇਕ 'ਲੋਕ-ਰੁਚੀ' ਕਹਾਣੀ ਚੇਤੇ ਆ ਗਈ !



ਪਿੰਡ ਵਿਚ ਦੋ ਗੁਆਂਢੀਆਂ ਦੀ ਆਪਸ 'ਚ ਲੜਾਈ ਹੋ ਗਈ। ਡਾਂਗ-ਸੋਟੇ ਤੋਂ ਸ਼ੁਰੂ ਹੋਈ ਲੜਾਈ ਵਿਚ ਜਦ ਹਥਿਆਰਾਂ ਦੀ ਵਰਤੋਂ ਹੋਣ ਲੱਗੀ ਤਾਂ ਪਿੰਡ ਦੇ ਕਿਸੇ ਸਿਆਣੇ ਬੰਦੇ ਨੇ ਪੁਲੀਸ ਨੂੰ ਫੋਨ ਕਰ ਦਿੱਤਾ। ਚੰਗੇ ਭਾਗਾਂ ਨੂੰ ਠਾਣੇਦਾਰ ਵੀ ਇਮਾਨਦਾਰ ਸੀ ਜਿਸਨੇ ਆਉਂਦਿਆਂ ਸਾਰ ਦੋਹਾਂ ਧਿਰਾਂ ਤੋਂ ਹਥਿਆਰ ਰਖਵਾ ਲਏ ਅਤੇ ਪਿੰਡ ਦਾ ਇਕੱਠ ਕਰਕੇ ਲੜਨ ਵਾਲ਼ਿਆਂ ਨੂੰ ਮਿਸਾਲਾਂ ਦੇ ਦੇ ਕੇ ਸਮਝਾਇਆ ਕਿ ਕਲ਼ੇਸ ਦਾ ਮੂੰਹ ਕਾਲ਼ਾ ਹੁੰਦਾ ਐ ਤੇ ਕਤਲੋਗਾਰਤ ਹੋਣ ਨਾਲ ਦੋਹਾਂ ਧਿਰਾਂ ਦਾ ਹੀ ਉਜਾੜਾ ਤਹਿ ਹੁੰਦਾ ਹੈ।

ਠਾਣੇਦਾਰ ਦੇ ਰੋਹਬ ਅਤੇ ਉਸਦੇ ਵਿਚਾਰਾਂ ਦਾ ਅਸਰ ਕਬੂਲਦਿਆਂ ਦੋਏ ਧਿਰਾਂ ਰਾਜ਼ੀਨਾਮਾ ਕਰਨ ਲਈ ਸਹਿਮਤ ਹੋ ਗਈਆਂ। ਠਾਣੇਦਾਰ ਨੇ ਉਸੇ ਵੇਲੇ ਕਾਗਜ਼ ਕਲਮ ਲੈ ਕੇ ਰਾਜ਼ੀਨਾਮਾ ਲਿਖ ਦਿੱਤਾ।ਲੜਾਈ ਵਿਚ ਸ਼ਾਮਲ ਸਾਰੇ ਜਣਿਆਂ ਨੇ ਰਾਜ਼ੀਨਾਮੇ ਦੀ ਪ੍ਰਵਾਨਗੀ ਵਜੋਂ ਦਸਖਤ ਵੀ ਕਰ ਦਿੱਤੇ।

ਜਦ ਸਾਰੇ ਪਿੰਡ ਵਲੋਂ ਸ਼ੁਕਰ ਮਨਾਇਆ ਜਾ ਰਿਹਾ ਸੀ ਤਾਂ ਰਾਜੀਨਾਮਾਂ ਕਰਨ ਵਾਲ਼ਿਆਂ 'ਚੋਂ ਇਕ ਜਣਾ ਉੱਠ ਕੇ ਦੂਜੀ ਧਿਰ ਵਾਲ਼ਿਆਂ ਨੂੰ ਗਾਲ਼ਾਂ ਕੱਢਣ ਲੱਗ ਪਿਆ !ਗਾਲ਼ਾਂ ਸੁਣਕੇ ਠਾਣੇਦਾਰ ਸਮੇਤ ਸਾਰਾ ਪਿੰਡ ਹੈਰਾਨ ਰਹਿ ਗਿਆ! ਗਾਲ਼ਾਂ ਕੱਢਣ ਵਾਲ਼ੇ ਨੂੰ ਠਾਣੇਦਾਰ ਖਿਝ ਕੇ ਕਹਿੰਦਾ ਕਿ ਤੂੰ ਇਹ ਕੀ ਕੀਤਾ ਉਏ?

ਉਹ ਬੰਦਾ ਕਹਿੰਦਾ-

"ਠਾਣੇਦਾਰ ਸਾਹਬ, ਲੜਾਈ ਮੌਕੇ ਜਦ ਮੈਂ ਇਨ੍ਹਾਂ ਨੂੰ ਗਾਲ਼ਾਂ ਕੱਢ ਰਿਹਾ ਸਾਂ ਤਦ ਤੁਸੀਂ ਆ ਕੇ ਸਾਨੂੰ ਹਟਾ ਦਿੱਤਾ ਸੀ। ਹੁਣ ਭਾਵੇਂ ਸਾਡਾ ਰਾਜ਼ੀਨਾਮਾਂ ਹੋ ਗਿਆ ਐ ਪਰ ਉਹ ਦੋ-ਚਾਰ ਗਾਲ਼ਾਂ ਉਦੋਂ ਦੀਆਂ ਹੀ 'ਸੰਘ' ਵਿਚ ਅਟਕੀਆਂ ਹੋਈਆਂ ਸੀਗੀਆਂ। ਮੈਂ ਸੋਚਿਆ ਉਹ ਏਥੇ ਹੀ ਕੱਢ ਜਾਵਾਂ ਇਹ ਘਰ ਨੂੰ ਕਾਹਨੂੰ ਲਿਜਾਣੀਆਂ ਐਂ!!"

**-ਤਰਲੋਚਨ ਸਿੰਘ 'ਦੁਪਾਲ ਪੁਰ'**
**78146-92724**

## ਜਸਵਿੰਦਰ ਫਗਵਾੜਾ ਅਤੇ ਬਲਬੀਰ ਕੌਰ ਬੱਬੂ ਸੈਣੀ ਨੂੰ ਸਨਮਾਨ ਚਿੰਨ੍ਹ ਭੇਂਟ ਕਰਕੇ ਕੀਤਾ ਸਨਮਾਨਿਤ

**ਫਗਵਾੜਾ-** ਸਕੇਪ ਸਾਹਿਤਕ ਸੰਸਥਾ ਫਗਵਾੜਾ ਵੱਲੋਂ ਹਰਗੋਬਿੰਦ ਨਗਰ ਫਗਵਾੜਾ ਵਿਖੇ "ਇੱਕ ਸ਼ਾਮ ਦੋ ਸ਼ਾਇਰਾਂ ਦੇ ਨਾਮ" ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਪ੍ਰਸਿੱਧ ਸ਼ਾਇਰਾ ਜਸਵਿੰਦਰ ਫਗਵਾੜਾ ਅਤੇ ਬਲਬੀਰ ਕੌਰ ਬੱਬੂ ਸੈਣੀ ਵੱਲੋਂ ਸਰੋਤਿਆਂ ਨਾਲ਼ ਵਿਚਾਰਾਂ ਅਤੇ ਜਜ਼ਬਿਆਂ ਦੀ ਸਾਂਝ ਪਾਈ ਗਈ।



ਪ੍ਰੋਗਰਾਮ ਦਾ ਆਗਾਜ਼ ਸ਼ਾਇਰ ਬਲਬੀਰ ਕੌਰ ਬੱਬੂ ਸੈਣੀ ਨੇ ਆਪਣੇ ਬਚਪਨ, ਮੁੱਢਲੀ ਵਿੱਦਿਆ, ਪੜ੍ਹਾਈ ਦੌਰਾਨ ਦਰਪੇਸ਼ ਮੁਸ਼ਕਲਾਂ, ਲਿਖਣ ਵੱਲ ਰੁਚੀ , ਸਿੱਖਣ ਦੇ ਸ਼ੌਕ ਬਾਰੇ ਜਾਣਕਾਰੀ ਦਿੱਤੀ। ਗੱਲਬਾਤ ਦੀ ਸ਼ੁਰੂਆਤ ਕਰਦਿਆਂ ਬੱਬੂ ਸੈਣੀ ਨੇ ਕਿਹਾ ਕਿ ਉਹਨਾਂ ਨੇ 2020 ਤੋਂ ਲਿਖਣਾ ਸ਼ੁਰੂ ਕੀਤਾ। ਹਮੇਸ਼ਾ ਸਮਾਜਿਕ ਮੁੱਦਿਆਂ 'ਤੇ ਲਿਖਣ ਦੀ ਕੋਸ਼ਿਸ਼ ਕੀਤੀ। ਉਹਨਾਂ ਦਾ ਜਨਮ ਹਰਿਆਣੇ ਵਿੱਚ ਹੋਇਆ। ਖਾਲਸਾ ਕਾਲਜ ਲੁਧਿਆਣਾ ਤੋਂ ਉਹਨਾਂ ਨੇ ਪੜ੍ਹਾਈ ਕੀਤੀ। ਮਾਤਾ ਪਿਤਾ ਦੀ ਹੱਲਾਸ਼ੇਰੀ, ਪੜ੍ਹਨ ਦੇ ਸ਼ੌਂਕ, ਗ਼ਜ਼ਲ 'ਚ ਰੁਚੀ ਅਤੇ ਉਸਤਾਦ ਸ਼ਾਇਰ ਗੁਰਦਿਆਲ ਰੋਸ਼ਨ, ਜਸਵਿੰਦਰ ਫਗਵਾੜਾ ਜੀ ਨੇ ਉਹਨਾਂ ਦੀ ਬਹੁਤ ਮਦਦ ਕੀਤੀ। ਉਹ ਮਿਆਰੀ ਕਿਤਾਬ ਲਿਖਣ ਲਈ ਯਤਨਸ਼ੀਲ ਹਨ। ਉਹਨਾਂ ਨੇ ਜ਼ਿੰਦਗੀ ਵਿੱਚ ਜੋ ਵੀ ਮੁਕਾਮ ਹਾਸਲ ਕੀਤਾ ਉਸ ਪਿੱਛੇ ਉਹਨਾਂ ਦੇ ਮਾਤਾ ਪਿਤਾ ਦਾ ਭਰਪੂਰ ਸਹਿਯੋਗ ਅਤੇ ਉਹਨਾਂ ਦਾ ਗ਼ਲਤੀਆਂ ਤੋਂ ਸਿੱਖਣ ਦਾ ਨਜ਼ਰੀਆ ਸੀ।ਬੱਬੂ ਸੈਣੀ ਨੇ ਦੱਸਿਆ ਕਿ ਜਦੋਂ ਉਹਨਾਂ ਲਿਖਣਾ ਸ਼ੁਰੂ ਕੀਤਾ ਤਾਂ ਬਹੁਤ ਗ਼ਲਤੀਆਂ ਹੋਈਆਂ। ਉਹਨਾਂ ਦੇ ਲਿਖੇ ਹੋਏ ਵਿੱਚ ਜਦੋਂ ਕੋਈ ਗ਼ਲਤੀ ਦੱਸਦਾ ਜਾਂ ਸਲਾਹ ਦਿੰਦਾ ਤੇ ਉਹਨਾਂ ਦੀ ਪੂਰੀ ਕੋਸ਼ਿਸ਼ ਉਸ ਸਲਾਹ ਨੂੰ ਸਮਝਣ ਅਤੇ ਅੱਗੇ ਤੋਂ ਉਹ ਗ਼ਲਤੀ ਦੁਬਾਰਾ ਨਾ ਕਰਨ ਦੀ ਹੁੰਦੀ। ਉਹਨਾਂ ਆਪਣੀਆਂ ਹਿੰਦੀ, ਪੰਜਾਬੀ ਗ਼ਜ਼ਲਾਂ ਸੁਣਾ ਕੇ ਸਰੋਤਿਆਂ ਨੂੰ ਕੀਲ ਕੇ ਰੱਖ ਦਿੱਤਾ।

ਜਸਵਿੰਦਰ ਫਗਵਾੜਾ ਨੇ ਆਪਣੇ ਬਚਪਨ ਦੇ ਸਮੇਂ,ਪੜ੍ਹਾਈ, ਮਾਤਾ-ਪਿਤਾ , ਜੀਵਨ ਸਾਥੀ, ਸਹੁਰਾ ਪਰਿਵਾਰ ਅਤੇ ਜੀਵਨ ਦੇ ਚੰਗੇ ਮਾੜੇ ਦਿਨਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਉਹਨੂੰ ਦੱਸਿਆ ਕਿ ਬਾਰਵੀਂ ਜਮਾਤ ਵਿੱਚ ਪੜ੍ਹਦਿਆਂ ਉਹਨਾਂ ਲਿਖਣ ਦਾ ਸਫ਼ਰ ਸ਼ੁਰੂ ਕੀਤਾ ਅਤੇ ਸਾਹਿਤਕ ਸਭਾਵਾਂ ਵਿੱਚ ਸ਼ਿਰਕਤ ਕਰਨੀ ਸ਼ੁਰੂ ਕੀਤੀ। ਉਹਨਾਂ ਦਾ ਜਨਮ ਪਿੰਡ ਖੋਸਾ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਹੋਇਆ। ਲਿਖਣ ਦੀ ਮੁਢਲੀ ਪ੍ਰੇਰਨਾ ਉਹਨਾਂ ਨੂੰ ਉਹਨਾਂ ਦੇ ਮਾਤਾ ਜੀ ਤੋਂ ਮਿਲੀ ਹੁਣ ਤੱਕ ਉਹ 900 ਗੀਤ ਲਿਖ ਚੁੱਕੇ ਹਨ। ਉਹਨਾਂ ਦੀਆਂ ਤਿੰਨ ਕਿਤਾਬਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਬਚਪਨ ਤੋਂ ਹੀ ਉਹਨਾਂ ਨੂੰ ਪੜ੍ਹਾਈ ਦਾ ਬਹੁਤ ਸ਼ੌਕ ਸੀ ਅਤੇ ਉਨਾਂ ਨੇ ਵੱਖ-ਵੱਖ ਲੇਖਕਾਂ ਨੂੰ ਨਿਠ ਕੇ ਪੜ੍ਹਿਆ ਤੇ ਸਹੁਰੇ ਪਰਿਵਾਰ ਦਾ ਵੀ ਉਹਨਾਂ ਨੂੰ ਪੂਰਾ ਸਾਥ ਮਿਲਿਆ।ਉਹਨਾਂ ਨੇ ਚਿਰ ਪਹਿਲਾਂ ਲਿਖੀਆਂ ਆਪਣੀਆਂ ਕਵਿਤਾਵਾਂ ਸੁਣਾਈਆਂ, ਜਿਹੜੀਆਂ ਸਰੋਤਿਆਂ ਵੱਲੋਂ ਬਹੁਤ ਪਸੰਦ ਕੀਤੀਆਂ ਗਈਆਂ । ਗ਼ਜ਼ਲ, ਗੀਤ ਅਤੇ ਕਵਿਤਾ ਹਰ ਵਿਧਾ ਵਿੱਚ ਮਾਹਰ ਜਸਵਿੰਦਰ ਫਗਵਾੜਾ ਹਰ ਸਮੇਂ ਹਰ ਕਿਸੇ ਕੋਲੋਂ ਕੁਝ ਨਾ ਕੁਝ ਸਿੱਖਣ ਦਾ ਜਜ਼ਬਾ ਰੱਖਦੇ ਹਨ। ਇਹੀ ਉਹਨਾਂ ਦੇ ਲਗਾਤਾਰ ਅੱਗੇ ਵਧਣ ਦਾ ਰਾਜ਼ ਹੈ।

ਸੰਸਥਾ ਦੇ ਸਰਪ੍ਰਸਤ ਪ੍ਰਿੰ. ਗੁਰਮੀਤ ਸਿੰਘ ਪਲਾਹੀ ਜੀ ਨੇ ਕਿਹਾ ਕਿ ਆਪਣਿਆਂ ਨੂੰ ਜੀਵਨ ਵਿੱਚ ਅੱਗੇ ਵੱਧਦੇ ਦੇਖਣਾ ਵੀ ਬੜੇ ਮਾਣ ਵਾਲੀ ਗੱਲ ਹੈ ਅਤੇ ਅੱਜ ਜਸਵਿੰਦਰ ਫਗਵਾੜਾ ਅਤੇ ਬਲਬੀਰ ਕੌਰ ਬੱਬੂ ਸੈਣੀ ਕੋਲੋਂ ਉਹਨਾਂ ਦੇ ਜੀਵਨ ਅਤੇ ਜੀਵਨ ਸੰਘਰਸ਼ ਬਾਰੇ ਸੁਣ ਕੇ ਸਾਨੂੰ ਬੜੀ ਖੁਸ਼ੀ ਅਤੇ ਉਹਨਾਂ ਮਾਣ ਮਹਿਸੂਸ ਹੋ ਰਿਹਾ ਹੈ। ਸੰਸਥਾ ਦੇ ਸੀਨੀਅਰ ਮੈਂਬਰਾਂ ਉੱਘੇ ਮਿਸ਼ਨਰੀ ਕਵੀ ਸੋਹਣ ਸਹਿਜਲ ਅਤੇ ਪ੍ਰਸਿੱਧ ਗਜ਼ਲਗੋ ਬਲਦੇਵ ਰਾਜ ਕੋਮਲ ਵੱਲੋਂ ਜਸਵਿੰਦਰ ਫਗਵਾੜਾ ਅਤੇ ਬਲਬੀਰ ਕੌਰ ਬੱਬੂ ਸੈਣੀ ਨੂੰ ਸਨਮਾਨ ਚਿੰਨ੍ਹ ਵੀ ਭੇਂਟ ਕੀਤਾ ਗਿਆ। ਸੰਸਥਾ ਦੇ ਸਰਪ੍ਰਸਤ ਰਵਿੰਦਰ ਚੋਟ ਜੀ ਨੇ ਪ੍ਰੋਗਰਾਮ ਵਿੱਚ ਸ਼ਿਰਕਤ ਕਰਨ ਵਾਲੀਆਂ ਸਮੂਹ ਸਖਸ਼ੀਅਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਬਲਬੀਰ ਸਿੰਘ, ਬਲਦੇਵ ਰਾਜ ਕੋਮਲ, ਸੋਹਣ ਸਹਿਜਲ, ਸ਼ਾਮ ਸਰਗੂੰਦੀ, ਮਾਸਟਰ ਸੁਖਦੇਵ ਸਿੰਘ, ਦਵਿੰਦਰ ਸਿੰਘ ਜੱਸਲ,ਦਲਜੀਤ ਮਹਿਮੀ, ਰਵਿੰਦਰ ਸਿੰਘ ਰਾਏ, ਹਰਜਿੰਦਰ ਨਿਆਣਾ, ਜਰਨੈਲ ਸਿੰਘ ਸਾਖੀ, ਸਿਮਰਤ ਕੌਰ, ਗੁਰਨੂਰ ਕੌਰ, ਜਨਕ ਪਲਾਹੀ, ਕਮਲੇਸ਼ ਸੰਧੂ ਹਾਜ਼ਰ ਸਨ।

## ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਚਮਤਕਾਰ

**(ਸਫਾ 25 ਦੀ ਬਾਕੀ)**

ਉਮੀਦਵਾਰ ਮੋਹਣ ਸਿੰਘ ਫ਼ਲੀਆਂ ਵਾਲਾ ਵੋਟਾਂ ਨਾਲ ਤਾਂ ਜਿੱਤ ਰਿਹਾ ਐ ਪਰ ਕਾਂਗਰਸ ਦੀ ਕੇਂਦਰੀ ਸਰਕਾਰ ਹਰ ਹੀਲੇ ਗੁਰਦਾਸਪੁਰ ਤੋਂ ਲਿਆਂਦੇ ਆਪਣੇ ਉਮੀਦਵਾਰ ਕਾਂਗਰਸ ਦੇ ਪ੍ਰਧਾਨ ਸੰਤੋਖ ਸਿੰਘ ਰੰਧਾਵਾ ਨੂੰ ਜੇਤੂ ਕਰਾਰ ਦੇਣ ਲਈ ਅੜੀ ਹੋਈ ਹੈ। ਇਹ ਸੁਣ ਕੇ ਬਸਪਾ ਕਾਰਜਕਰਤਾ ਹੋਰ ਭੜਕ ਪਏ। ਬਸਪਾ ਵਰਕਰਾਂ ਦਾ ਜੋਸ਼ ਉਬਾਲੇ ਮਾਰ ਰਿਹਾ ਸੀ। ਉਹ ਕੁਝ ਵੀ ਕਰ ਗੁਜਰਨ ਲਈ ਤਿਆਰ ਬਰ ਤਿਆਰ ਸਨ। ਮੈਂ ਤੇ ਮੁਖਤਿਆਰ ਸਿੰਘ ਕੰਬੋਜ ਵਰਕਰਾਂ ਦੀ ਅਗਵਾਈ ਕਰ ਰਹੇ ਸਾਂ। ਵੱਡੀ ਭੀੜ ਵਲੋਂ ਬਾਬਾ ਸ਼ੇਰ ਸ਼ਾਹ ਵਲੀ ਵਾਲਾ ਮੇਨ ਚੌਕ ਜਾਮ ਕਰ ਦਿਤਾ ਗਿਆ। ਭਾਰੀ ਹਜੂਮ ਵਲੋਂ ਆਵਾਜਾਈ ਮੁਕੰਮਲ ਤੌਰ ਤੇ ਠੱਪ ਕਰ ਦਿੱਤੀ ਗਈ। ਪਲੋ ਪਲੀ ਲੋਕਾਂ ਦਾ ਵਿਦਰੋਹੀ ਇਕੱਠ ਵਧਦਾ ਜਾ ਰਿਹਾ ਸੀ। ਉੱਧਰ ਇਕ ਇਮਾਨਦਾਰ ਆਰ ਕਮ ਡਿਪਟੀ ਕਮਿਸ਼ਨਰ ਰਕੇਸ਼ ਕੁਮਾਰ ਆਈ ਏ ਐਸ ਕਿਸੇ ਰਾਜਨੀਤਿਕ ਦਬਾਅ ਹੇਠ ਆਕੇ ਗ਼ਲਤ ਨਤੀਜਾ ਐਲਾਨ ਕਰਨ ਤੋਂ ਇਨਕਾਰੀ ਹੋ ਖੜੋਤਾ। ਮੋਹਣ ਸਿੰਘ ਫ਼ਲੀਆਂ ਵਾਲਾ 150903 ਵੋਟਾਂ ਅਤੇ ਸੰਤੋਖ ਸਿੰਘ ਰੰਧਾਵਾ ਨੂੰ 149607 ਵੋਟਾਂ ਪਈਆਂ ਸਨ। ਇਸ ਤਰ੍ਹਾਂ ਬਸਪਾ ਉਮੀਦ-ਵਾਰ ਨੂੰ 1296 ਵੋਟਾਂ ਨਾਲ ਜੇਤੂ ਕਰਾਰ ਦੇ ਦਿੱਤਾ ਗਿਆ। ਬੇਸ਼ੱਕ ਉਸ ਫਰਜ਼ਸ਼ਨਾਸ ਤੇ ਦਿਆਨਤਦਾਰ ਅਫ਼ਸਰ ਨੂੰ ਕੁੱਝ ਦਿਨਾਂ ਬਾਅਦ ਕਿਧਰੇ ਖੁੱਡੇ ਲਾਈਨ ਲਾ ਦਿੱਤਾ ਗਿਆ। ਪਰ ਬਦ- ਦਿਆਨਤਦਾਰੀ, ਭ੍ਰਿਸ਼ਟ ਤੇ ਲੁੱਟ ਖਸੁੱਟ ਵਾਲੇ ਦੌਰ ਵਿਚ ਵੀ ਉਹ "ਕੋਈ ਹਰਿਆ ਬੂਟਿ ਰਹਿ ਰੀ" ਦੀ ਖ਼ੂਬਸੂਰਤ ਮਿਸਾਲ ਕਾਇਮ ਕਰ ਗਿਆ।

ਸਾਹਿਬ ਕਾਂਸ਼ੀ ਰਾਮ ਜੀ ਦੇ ਚਮਤਕਾਰ ਸਦਕਾ ਸੰਸਦੀ ਇਤਿਹਾਸ ਵਿਚ ਰਾਜਨੀਤੀ ਤੋਂ ਬਿਲਕੁੱਲ ਕੋਰਾ ਇਕ ਸਧਾਰਨ ਪਰਵਾਰ ਦਾ ਦਲਿਤ ਰਾਏ ਸਿੱਖ ਨੌਜਵਾਨ ਸ੍ਰੀ ਮੋਹਣ ਸਿੰਘ ਖੱਬੀਖਾਨਾਂ ਨੂੰ ਚਿੱਤ ਕਰਕੇ ਪਹਿਲੀ ਵਾਰ ਸੰਸਦ ਦੀਆਂ ਪੌੜੀਆਂ ਚੜ੍ਹਨ ਵਿਚ ਕਾਮਯਾਬ ਹੋ ਗਿਆ। ਧਰਮਕੋਟ ਰਿਜ਼ਰਵ ਸੀਟ ਤੋਂ ਗਰੀਬ ਪਰਵਾਰ ਦਾ ਇਕ ਅਲੂੰਆਂ ਚੋਬਰ ਕਾਲਜ ਚੋਂ ਨਿਕਲਦਿਆਂ ਵਿਧਾਇਕ ਬਣ ਗਿਆ। ਗਰੀਬ ਪਰਵਾਰਾਂ ਦੇ ਨੌਸਿੱਖੀਏ ਦੁਆਬੇ ਚੋਂ ਬਸਪਾ ਦੇ ਛੇ ਤੇ ਮਾਲਵੇ ਚੋਂ ਤਿੰਨ ਵਿਧਾਇਕ ਜਿੱਤ ਗਏ। ਇਉਂ ਹਲਕਾ ਮਾਹਿਲਪੁਰ ਤੋਂ ਸ੍ਰੀ ਅਵਤਾਰ ਸਿੰਘ ਕਰੀਮਪੁਰੀ, ਹਲਕਾ ਗੜ੍ਹ ਸ਼ੰਕਰ ਤੋਂ ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ, ਹਲਕਾ ਬੰਗਾ ਤੋਂ ਸ੍ਰੀ ਸਤਨਾਮ ਕੈਂਥ, ਹਲਕਾ ਸ਼ਾਮ ਚੁਰਾਸੀ ਤੋਂ ਸ੍ਰੀ ਗੁਰਪਾਲ ਚੰਦ ਸਰੋਆ, ਹਲਕਾ ਆਦਮਪੁਰ ਤੋਂ ਸ੍ਰੀ ਰਾਜਿੰਦਰ ਕੁਮਾਰ, ਹਲਕਾ ਬਲਾਚੌਰ ਤੋਂ ਸ੍ਰੀ ਹਰ ਗੋਪਾਲ ਸਿੰਘ ਹਲਕਾ ਧਰਮਕੋਟ ਤੋਂ ਸ੍ਰੀ ਬਲਦੇਵ ਸਿੰਘ ਭੱਟੀ, ਹਲਕਾ ਸ਼ੇਰਪੁਰ ਤੋਂ ਸ੍ਰੀ ਰਾਜ ਸਿੰਘ ਖੇੜੀ ਤੇ ਭਦੌੜ ਹਲਕੇ ਤੋਂ ਸ੍ਰੀ ਨਿਰਮਲ ਸਿੰਘ ਨਿੰਮਾ ਵਿਧਾਇਕ ਬਣ ਗਏ। ਸ੍ਰੀ ਸਤਨਾਮ ਕੈਂਥ ਵਿਰੋਧੀ ਧਿਰ ਦੇ ਆਗੂ ਨਿਯੁਕਤ ਕੀਤੇ ਗਏ। ਪਹਿਲੀ ਵਾਰ ਬਸਪਾ ਮੁੱਖ ਵਿਰੋਧੀ ਧਿਰ ਵਜੋਂ ਪੰਜਾਬ ਵਿਧਾਨ ਸਭਾ ਵਿਚ ਦਾਖਲ ਹੋਣ ਵਿਚ ਕਾਮਯਾਬ ਹੋਈ ਤਾਂ ਰਾਜਨੀਤਕ ਪੰਡਤਾਂ ਦੇ ਦੰਦ ਜੁੜ ਗਏ।

ਬੇਸ਼ੱਕ ਬਸਪਾ ਦੀ ਚੜ੍ਹਤ ਰੋਕਣ ਲਈ ਆਤੰਕਵਾਦ ਦੀ ਆੜ ਵਿਚ ਬਸਪਾ ਕਾਰਕੁਨਾਂ ਨੂੰ ਬਲੀ ਦਾ ਬੱਕਰਾ ਬਣਾਉਣ ਲਈ ਸਾਜਸ਼ੀ ਵਿਉਂਤਬੰਦੀ ਕਰਨ ਤੋਂ ਵੀ ਗੁਰੇਜ਼ ਨਹੀਂ ਕੀਤਾ ਗਿਆ। ਇਸ ਦੀ ਉਂਗਲ ਕਾਂਗਰਸ ਪਾਰਟੀ ਵਲ ਉਠਦੀ ਰਹੀ ਹੈ। ਪੰਜਾਬ ਦੇ ਵੱਖ ਵੱਖ ਖਿੱਤਿਆਂ ਵਿਚ ਲੋਕਾਂ ਵਿਚ ਦਹਿਸ਼ਤ ਤੇ ਸਹਿਮ ਪੈਦਾ ਕਰਨ ਲਈ ਬਹੁਜਨ ਸਮਾਜ ਪਾਰਟੀ ਦੇ ਵਰਕਰਾਂ ਨੂੰ ਗੋਲੀਆਂ ਮਾਰਕੇ ਸ਼ਹੀਦ ਕੀਤਾ ਗਿਆ। ਨੂਰਮਹਿਲ ਲਾਗੇ ਪਾਰਟੀ ਦਾ ਪ੍ਰਚਾਰ ਕਰਦੇ ਹੇਠ ਲਿਖੇ ਨੌਂ ਵਰਕਰ ਗੋਲੀਆਂ ਮਾਰਕੇ ਸ਼ਹੀਦ ਕੀਤੇ ਗਏ।

1. ਸ੍ਰੀ ਸੁਲੱਖਣ ਤਲਵਣ ਚੂਹੇ ਕੀ
2. ਸ੍ਰੀ ਹਰੀ ਦੇਵ ਸਿੱਧਮ ਮੁਸਤੱਦੀ
3. ਸ੍ਰੀ ਚੂਹੜ ਰਾਮ ਸਿੱਧਮ ਮੁਸਤੱਦੀ
4. ਸ੍ਰੀ ਰਾਜ ਕੁਮਾਰ ਸਿੱਧਮ ਮੁਸਤੱਦੀ
5. ਸ੍ਰੀ ਸਤਵੰਤ ਰਾਏ ਸਿੱਧਮ ਮੁਸਤੱਦੀ
6. ਸ੍ਰੀ ਸੋਖਾ ਰਾਮ ਭੰਡਾਲ ਹਿੰਮਤ
7. ਸ੍ਰੀ ਕਸ਼ਮੀਰੀ ਲਾਲ ਚੂਹੇ ਕੀ
8. ਸ੍ਰੀ ਹਰਭਜਨ ਲਾਲ ਚੀਮਾਂ ਕਲਾਂ
9. ਸ੍ਰੀ ਨਰੇਸ਼ ਕੁਮਾਰ ਲੱਧੇਵਾਲੀ (ਜਲੰਧਰ)

ਇਨ੍ਹਾਂ ਤੋਂ ਇਲਾਵਾ ਸ੍ਰੀ ਚਮਨ ਲਾਲ ਮਾਖਾ ਸਿੱਧਮ ਸ੍ਰੀ ਰਾਮ ਸਰੂਪ ਸਿੱਧਮ, ਸ੍ਰੀ ਕਸ਼ਮੀਰੀ ਲਾਲ, ਸ੍ਰੀ ਰਾਜ ਕੁਮਾਰ ਕਾਲਾ ਨੂਰਮਹਿਲ ਤੇ ਸ੍ਰੀ ਦੀਪਾ ਕਾਕੀ ਪਿੰਡ ਗੋਲੀਆਂ ਨਾਲ ਜ਼ਖ਼ਮੀ ਹੋ ਗਏ।

ਬਸਪਾ ਵਰਕਰਾਂ ਦੇ ਹੌਸਲੇ ਪਸਤ ਕਰਨ ਲਈ ਖਰੜ ਲਾਗੇ ਦਬਾਲੀ ਪਿੰਡ ਵਿਚ ਘਰਾਂ ਵਿਚੋਂ ਕੱਢ ਕੇ

1. ਭਾਈ ਹਰਜਿੰਦਰ ਸਿੰਘ,
2. ਭਾਈ ਜਸਮੇਰ ਸਿੰਘ,
3. ਭਾਈ ਮਾਨ ਸਿੰਘ,
4. ਭਾਈ ਜਸਵੀਰ ਸਿੰਘ,
5. ਭਾਈ ਚੰਭਾ ਸਿੰਘ

ਅਤੇ ਏਸੇ ਤਰ੍ਹਾਂ ਲੁਧਿਆਣੇ ਲਾਗੇ ਜਸਪਾਲ ਬਾਂਗਰ ਪਿੰਡ ਦੇ

1. ਸਰਦਾਰ ਨਛੱਤਰ ਸਿੰਘ,
2. ਸਰਦਾਰ ਨਾਜ਼ਰ ਸਿੰਘ,
3. ਸਰਦਾਰ ਅਮਰ ਸਿੰਘ,
4. ਸਰਦਾਰ ਸਵਰਨਜੀਤ ਸਿੰਘ,
5. ਸਰਦਾਰ ਹਰਜਿੰਦਰ ਸਿੰਘ ਨੂੰ ਸ਼ਹੀਦ ਕਰ ਦਿਤਾ ਗਿਆ।

ਜੇ ਨਿਰਪੱਖ ਤੇ ਆਜ਼ਾਦ ਚੋਣ ਹੁੰਦੀ ਤਾਂ ਪੰਜਾਬ ਦਾ ਚੋਣ ਨਤੀਜਾ ਹੋਰ ਹੋਣਾ ਸੀ ਅਤੇ 1992 ਵਿਚ ਬਹੁਜਨ ਸਮਾਜ ਪਾਰਟੀ ਪੰਜਾਬ ਦੀ ਸਤ੍ਹਾ ਤੇ ਕਾਬਜ਼ ਹੁੰਦੀ।

## 'ਸਮਾਜਿਕ ਬਰਾਬਰੀ'

25 ਨਵੰਬਰ 1949 ਨੂੰ ਸੰਵਿਧਾਨ ਸਭਾ ਅੰਦਰ,
'ਅੰਬੇਡਕਰ' ਨੇ ਕੀਤਾ ਸੀ ਆਪ ਬਿਆਨ ਯਾਰੋ।
"ਸਮਾਜਿਕ,ਆਰਥਿਕ ਬਰਾਬਰੀ ਲ ਈ ਪੈਣਾ ਸੰਘਰਸ਼ ਕਰਨਾ,
"ਰਾਜਨੀਤਕ ਹੱਕ ਹੋ ਗ ਏ ਇਕ ਸਮਾਨ" ਯਾਰੋ।

'ਸਮਾਜਿਕ ਬਰਾਬਰੀ' ਖੜੀ ਹੈ ਜ਼ਾਤ ਪਾਤ ਉਤੇ,
ਜ਼ਿੰਨਾਂ ਚਿਰ ਜ਼ਾਤ ਪਾਤ ਦਾ ਹੁੰਦਾ ਨਹੀਂ ਨਾਸ ਲੋਕੋ।
ਉਨ੍ਹਾਂ ਚਿਰ 'ਸਮਾਜਿਕ ਬਰਾਬਰੀ' ਨਹੀਂ ਮਿਲਣੀ,
ਐਦਾਂ ਹੀ ਹੁੰਦੇ ਰਹਿਣਾ ਹਰਾਸ ਲੋਕੋ।

ਰੱਖਣੇ ਪੈਂਦੇ ਨੇ ਬਣਾਕੇ 'ਜਾਤੀ' ਸਰਟੀਫਿਕੇਟ ਸਭਨੂੰ,
ਜੋ ਪੱਕੇ ਨੇ ਉਚ ਨੀਚ ਦੇ ਇਹ ਨੇ ਪ੍ਰਮਾਣ ਯਾਰੋ।
ਇਸੇ ਕਰਕੇ ਦਲਿਤਾਂ ਦਾ ਅੱਜ ਤੱਕ ਹੋ ਰਿਹਾ ਸ਼ੋਸ਼ਣ,
ਇਹ ਤਰਾਂ ਤਰਾਂ ਦੇ ਸਹਿ ਰਹੇ ਨੇ ਅਪਮਾਨ ਯਾਰੋ।

75 ਸਾਲਾਂ ਵਿੱਚ ਨਹੀਂ ਇਨਸਾਫ਼ ਮਿਲਿਆ,
ਤੁਸੀਂ ਮਾਰੋ ਖਾਂ ਇਧਰ ਧਿਆਨ ਯਾਰੋ ।
ਬਹੁਗਿਣਤੀ ਜ਼ਾਤ ਪਾਤ ਦੀ ਸ਼ਿਕਾਰ ਇਥੇ,
ਅਨੇਕਾਂ ਗਵਾ ਬੈਠੇ ਨੇ ਆਪਣੀ ਜਾਨ ਯਾਰੋ।

ਸਮਾਜਿਕ ਬਰਾਬਰੀ ਲਈ ਤੁਸੀਂ ਸੰਘਰਸ਼ ਕਰੋ,
ਹੁਣ 'ਸੰਵਿਧਾਨ' ਵਿੱਚ ਸੋਧ ਕਰਵਾ ਦਲਿਤੋ।
'ਜ਼ਾਤ-ਪਾਤ' ਦੀ ਮਾਨਤਾ ਖ਼ਤਮ ਕਰਨ ਲਈ,
ਹੋਕੇ ਇੱਕਜੁੱਟ ਆਵਾਜ਼ ਉਠਾ ਦਲਿਤੋ।

**ਮੇਜਰ ਸਿੰਘ 'ਬੁਢਲਾਡਾ'**
**94176 42327**



## .ਗ਼ਜ਼ਲ

ਭੁਲਾਇਆਂ ਵੀਂ ਨਹੀਂ ਭੁਲਦੇ ਭੁਲਾਏ ਜਾਣ ਦੇ ਕਿੱਸੇ।
ਤੇਰੇ ਉਹ ਜਾਣ ਦੇ ਕਿੱਸੇ ਤੇਰੇ ਉਹ ਆਣ ਦੇ ਕਿੱਸੇ।
ਉਮਰ ਭਰ ਵਾਦਿਆਂ ਤੇ ਸ਼ਿਕਵਿਆਂ ਦੀ ਲੋੜ੍ਹ ਕੋਈ ਨਾ,
ਤੇਰੇ ਪਹਿਲੇ ਮਿਲਣ ਵਿਚ ਖਿੜ੍ਹ ਗਏ ਪਹਿਚਾਣ ਦੀ ਕਿੱਸੇ।
ਕਦੋਂ ਦਾ ਤੁਰ ਗਿਆ ਉਹ ਦੇ ਕੇ ਧੌਖਾ ਬਜ਼ਮ ਦੇ ਅੰਦਰ,
ਅਜੇ ਵੀ ਦਿਲ ਦੇ ਵਿਚ ਮਹਿਫੂਜ਼ ਨੇ ਅਹਿਸਾਨ ਦੇ ਕਿੱਸੇ।
ਅਜੇ ਤੀਕਰ ਕਿਸੇ ਵੀ ਸ਼ਖ਼ਸ ਨੇ ਪਾਇਆ ਨਹੀਂ ਇਸ ਨੂੰ,
ਸੁਣੇ ਹਰ ਧਰਮ ਦੇ ਅੰਦਰ ਬੜੇ ਭਗਵਾਨ ਦੇ ਕਿੱਸੇ।
ਹੋਈ ਪ੍ਰਹਿਲਾਦ ਦੀ ਸੀ ਜਿੱਤ ਹਰਨਾਕਸ਼ ਨੂੰ ਦੰਡ ਮਿਲਿਆ,
ਸੁਣਾਉਂਦੀ ਹੁੰਦੀ ਸੀ ਦਾਦੀ ਕਿਸੇ ਸ਼ੈਤਾਨ ਦੇ ਕਿੱਸੇ।
ਕੋਈ ਜੰਨਤ ਬੁਲਾਵਾ ਦੇ ਗਈ ਖੁਦ ਆ ਕੇ ਰਹਿਮਤ ਵਿਚ,
ਉਹਦੇ ਬੁੱਲਾਂ 'ਚ ਖਿੜ੍ਹ-ਖਿੜ੍ਹ ਜਾਂਵਦੇ ਪ੍ਰਵਾਨ ਦੇ ਕਿੱਸੇ।
ਬੁਲੰਦੀ ਛੂਹ ਕੇ ਅੰਬਰ ਨੂੰ ਨਵਾਂ ਇਤਿਹਾਸ ਬਣ ਜਾਂਦੀ,
ਸ਼ਹੀਦੀ ਪੈਦਾ ਕਰਦੀ ਹੈ ਸਦਾ ਕੁਰਬਾਨ ਦੇ ਕਿੱਸੇ।
ਕਿ ਭਸਮਾਸੁਰ ਜਿਹੇ ਚੇਲੇ ਅਜੇ ਵੀ ਨਜ਼ਰ ਆਉਂਦੇ ਨੇ,
ਕਿ ਸ਼ਿਵ ਭਗਵਾਨ ਨੇ ਦਿੱਤੇ ਜਿੰਨੂ ਵਰਦਾਨ ਦੇ ਕਿੱਸੇ।
ਪਰੀਕਸ਼ਤ ਜਿਹੇ ਰਾਜੇ ਨੂੰ ਹੈ ਤਕਸ਼ਕ ਸੱਪ ਡੰਗ ਜਾਂਦਾ,
ਬਣਨ ਕਲਿਯੁਗ ਦੇ ਪਹਿਰੇਦਾਰ ਇਹ ਗੁਲਦਾਨ ਦੇ ਕਿੱਸੇ।
ਕਿਸੇ ਨੂੰ ਦਾਨ ਦੇਣਾ ਪਾਪ ਕਿਸੇ ਤੋਂ ਦਾਨ ਲੈਣਾ ਪਾਪ,
ਜ਼ਰੂਰਤ ਮੰਦ ਨੂੰ ਦਈਏ ਦਾਨ ਉਹ ਨੇ ਦਾਨ ਦੇ ਕਿੱਸੇ।
ਬੜੀ ਮੁੱਦਤ ਦੇ ਪਹਿਲਾਂ ਸੀ ਕੋਈ ਮਿਲਿਆ ਸਫ਼ਰ ਅੰਦਰ,
ਅਜੇ ਵੀ ਦਿਲ ਨੂੰ ਤੜਪਾਂਦੇ ਨੇ ਉਹ ਅਨਜਾਣ ਦੇ ਕਿੱਸੇ।
ਕਿਤੇ ਤੈਨੂੰ ਵੀਂ ਬਾਲਮ ਲੈ ਨਾ ਬੈਠਣ ਗ਼ਜ਼ਲ ਦੇ ਅੰਦਰ,
ਇਹ ਝੂਠੀ ਆਨ ਦੇ ਕਿੱਸੇ ਇਹ ਝੂਠੀ ਸ਼ਾਨ ਦੇ ਕਿਸੇ।

**ਬਲਵਿੰਦਰ ਬਾਲਮ ਗੁਰਦਾਸਪੁਰ**
**98156-25409**

# ਸ਼ਹੀਦਾਂ ਦੇ ਸਿਰਤਾਰ – ਗੁਰੂ ਅਰਜਨ ਦੇਵ ਜੀ



ਸਾਹਿਬ ਸਤਿਗੁਰੂ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਨਾਂਅ ਹਿੰਦੂਸਤਾਨ ਦੇ ਇਤਿਹਾਸ ਵਿਚ ਚੜ੍ਹਦੇ ਸੂਰਜ ਵਾਂਗ ਚਮਕਦਾ ਰਵੇਗਾ। ਉਹਨਾਂ ਨੇ ਜੋ ਧਰਮ ਦੀ ਖਾਤਿਰ ਆਪਣੇ ਨਿਯਮਾਂ, ਅਸੂਲਾਂ ਤੇ ਅਨੁਸ਼ਾਸਨ ਆਦਿ ਦੇ ਕਾਰਣ ਸ਼ਹੀਦੀ ਦਿੱਤੀ, ਉਹ ਬੇਮਿਸਾਲ ਹੈ। ਭਾਰਤ ਵਿਚ ਹੀ ਨਹੀ, ਸਾਰੀ ਦੁਨੀਆ ਵਿਚ ਉਹਨਾਂ ਦੀ ਸ਼ਹੀਦੀ, ਬੇਮਿਸਾਲ ਸ਼ਹੀਦੀ ਹੈ। ਦੁਨੀਆ ਦੇ ਕਿਸੇ ਵੀ ਵਿਅਕਤੀ ਨੇ ਅੱਜ ਤਕ ਏਨੇ ਅਕਹਿ ਤੇ ਅਸਹਿ ਤਸੀਹੇ ਸਹਿ ਕੇ ਕੌਮ ਦੀ ਖਾਤਿਰ, ਦੇਸ਼ ਧਰਮ ਦੀ ਖਾਤਿਰ ਕੁਰਬਾਨ। / ਸ਼ਹੀਦੀ ਨਹੀਂ ਦਿੱਤੀ।ਇਸ ਤਰ੍ਹਾਂ ਦੀ ਸ਼ਹੀਦੀ ਦਾ ਜ਼ਿਕਰ ਹਮੇਸ਼ਾਂ—ਹਮੇਸ਼ਾਂ ਸਾਹਿਬ ਸਤਿਗੁਰੂ ਸ਼੍ਰੀ ਗੁਰੂ ਅਰਜਨ ਦੇਵ ਜੀ ਨਾਂਲ ਹੀ ਹੋਵੇਗਾ।ਸਹਿਨਸ਼ੀਲਤਾ ਦੇ ਸਮੁੰਦਰ, ਭਾਣਾ ਮੰਨਣ ਦੇ ਬੁਲੰਦ ਇਰਾਦੇ ਵਾਲੇ, ਏਕਤਾ ਤੇ ਸਾਂਝੀਵਾਲਤਾ ਦੇ ਰਹਿਬਰ, ਅਸੂਲਾਂ ਦੇ ਸਿਰੜ ਦੇ ਧਨੀ, ਦਿਮਾਗੀ ਸੰਤੁਲਨ ਤੇ ਇਨਸਾਨੀਅਤ ਦੇ ਪੁਜਾਰੀ, ਜ਼ੁਲਮ ਅੱਗੇ ਸੀ ਨਾ ਕਰਨ ਵਾਲੇ, ਮਜ਼ਬੂਤ ਹਿਰਦੇ ਅੰਦਰ ਜਿਸ ਵਿਚ ਲੱਖਾਂ ਕਰੋੜਾਂ ਚੰਨ—ਸਤਾਰੇ ਚਮਕਦੇ ਸਨ, ਮੁਹੱਬਤ ਦੇ ਉੱਦਮ ਦੇ ਆਦਿ। ਸ਼੍ਰੀ ਗੁਰੂ ਅਰਜਨ ਦੇਵ ਜੀ ਇਨਸਾਨੀਅਤ ਨੂੰ, ਕੌਮ ਨੂੰ ਇਕ ਐਸਾ ਗੁਰੂ ਗ੍ਰੰਥ ਦੇ ਗਏ ਹਨ, ਜਿਸ ਦੀ ਰੌਸ਼ਨੀ ਨਾਲ ਆਉਣ ਵਾਲੀਆਂ ਪੀੜ੍ਹੀਆਂ ਚਮਕਦੀਆਂ ਰਹਿਣਗੀਆਂ। ਇਹ ਗ੍ਰੰਥ ਹੀ ਇਕ ਐਸਾ ਗ੍ਰੰਥ ਹੈ ਜਿਸ ਵਿਚ ਅਨੇਕਾਂ ਹੀ ਸੂਰਜਾਂ ਦੀ ਰੌਸ਼ਨੀ ਨੂੰ ਇਕੱਠਿਆਂ ਕਰਕੇ ਇਕ ਮਹਾਨ ਗ੍ਰੰਥ ਦੀ ਸੰਪਾਦਨਾ ਕਰਕੇ ਆਪਣੇ ਆਪ ਨੂੰ ਸੂਰਜ ਵਾਂਗ ਅਰਮ ਕਰ ਲਿਆ ਹੇ। ਸਿੱਖ ਜਗਤ ਚਿ ਇਸ ਦੀ ਵੱਡਮੁੱਲੀ ਮਹਾਨਤਾ ਹੈ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਇਨਸਾਨ। ਕਦਰਾਂ—ਕੀਮਤਾਂ ਨੂੰ ਮੱਦੇ ਨਜਰ ਰੱਖ ਕੇ ਹੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾਂ ਕੀਤੀ। ਇਸ ਗ੍ਰੰਧ ਦੀ ਕੋਈ ਵੀ ਸਲੋਕ ਪੜ੍ਹ ਲਿਆ ਜਾਵੇ, ਉਹ ਇਨਸਾਨ। ਕਦਰਾਂ—ਕੀਮਤਾਂ ਤੋ ਬਾਹਬ ਨਹੀਂ ਜਾ ਸਕਦਾ ੧ਓ, ਵਾਹਿਗੁਰੂ, ਸਤਿਨਾਂਮ, ਇਸੇ ਦੇ ਮੂਲ ਸਤੋਤ ਹਨ। ਇਸ ਮਹਾਨ ਵ੍ਰੰਥ ਦੀ ਬਦੌਲਤ ਹੀ ਕੁਝ ਰਾਜਨੀਤਕ ਕਾਰਣਾਂ ਕਰਕੇ ਉਹਨਾਂ ਨੂੰ ਸ਼ਹੀਦੀ ਦੇਣੀ ਪਈ।

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪ੍ਰੈਲ 1563 ਨੂੰ ਸੋਢੀ ਵੰਸ਼ ਵਿਚ ਸ਼੍ਰੀ ਗੁਰੂ ਰਾਮਦਾਸ ਜੀ ਦੇ ਗ੍ਰਹਿ ਵਿਖੇ ਮਾਤਾ ਭਾਨੀ ਜੀ ਦੀ ਕੁੱਖੋ ਸ਼੍ਰੀ ਗੋਇੰਦਵਾਲ ਸਾਹਿਬ, ਅੰਮ੍ਰਿਤਸਰ ਵਿਖੇ ਹੋਇਆ। ਵੂਰੂ ਜੀ ਦੇ ਘਰ ਕਾਫੀ ਚਿਰ ਬਾਅਦ ਇਕ ਪੁੱਤਰ ਨੇ ਜਨਮ ਲਿਆ, ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ। ਇਸ ਪੁੱਤਰ ਦੇ ਜਨਮ ਤੋਂ ਹੀ ਕਈ ਮਾਰੂ ਗੁਰਤਚਰ ਹਮਲੇ ਹੁੰਦੇ ਰਹੇ। ਾਰੂ ਹਮਲੇ ਜਾਂ ਯਤਨ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਵੱਡਾ ਭਰਾ ਪ੍ਰਿਥੀ ਕਰਵਾਉਂਦਾ ਰਿਹਾ, ਗੱਦੀ ਤੇ ਦ""ਲਤ ਦੇ ਲਾਲਚ ਕਰਕੇ, ਪਰ ਉਸ ਵਾਹਿਗੁਰੂ ਨੇ ਬਾਲਕ ਹਰਿਗੋਬਿੰਦ ਸਾਹਿਬ ਦਾ ਵਾਲ ਵਿੰਗਾ ਨਾ ਹੋਣ ਦਿੱਤਾ। ਸ਼ੁਰੂ ਤੋਂ ਹੀ ਪ੍ਰਿਥੀ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਖਾਰ ਖਾਂਦਾ ਸੀ, ਕਿਉਂਕਿ ਘਰ ਦਾ ਸਾਰਾ ਪ੍ਰਬੰਧ ਪ੍ਰਿਥੀ ਦੇ ਹੱਥਾਂ ਵਿਚ ਵੀ, ਪਰ ਆਦਤਨ, ਉਹ ਇਕ ਵਧੀਆਂ ਇਨਸਾਨ ਨਹੀਂ ਸੀ। ਈਰਖਾਲੂ ਅਨੈਤਿਕ ੱਚੀਆਂ ਵਾਲਾ ਹੋਣ ਕਰਕੇ ਉਸ ਦਾ ਪਿਤਾ ਉਸ ਨੂੰ ਘੱਟ ਹੀ ਪਸੰਦ ਕਰਦੇ ਸਨ। ਪ੍ਰਿਥੀ ਹੇਠਰਾ—ਫੇਰੀਆਂ ਕਰਨ ਵਾਲਾ ਵਿਅਕਤੀ ਸੀ। ਸ਼੍ਰੀ ਗੁਰੂ ਅਰਜਨ ਦੇਵ ਜੀ ਦੀਆਂ ਕਈ ਚਿੱਠੀਆਂ ਜੋ ਉਹਨਾਂ ਦੇ ਪਿਤਾ ਜੀ ਨੂੰ ਵਿਛੋੜੇ ਵਿਚ ਲਿਖੀਆਂ ਉਹ ਪ੍ਰਿਥੀ ਲੁਕਾ ਲੈਂਦਾ ਰਿਹਾ। ਸ਼ਾਅਦ ਵਿਚ ਉਸਦੀ ਇਹ ਚੋਰੀ ਪਕੜੀ ਗਈ। ਜਸ ਤੇ ਉਸ ਨੂੰ ਸ਼ਰਮਿੰਦਾ ਹੋਣਾ ਪਿਆ। ਇਸ ਸੰਤਾਪ ਦੇ ਨਾਲ—ਨਾਲ ਸ਼੍ਰੀ ਗੁਰੂ ਅਰਜਨ ਦੇਵ ਜੀ ਵਧੀਆ ਕਵਿਤਾ ਲਿਖਦੇ ਰਹੇ। ਉਹਨਾਂ ਦੀ ਲੇਖਣੀ ਅਧਿਆਤਮਕ ਸੀ।

ਉਹਨਾਂ ਦੀ ਪਤਨੀ ਦਾ ਨਾਂਅ ਮਾਤਾ ਗੰਗਾ ਜੀ ਸੀ। ਉਹ ਕਈ ਭਾਂਸ਼ਾਵਾਂ ਦੇ ਗਿਆਤਾ ਸਨ, ਜਿਸ ਤਰ੍ਹਾਂ ਕਿਹ ਹਿੰਦੀ, ਪੰਜਾਬੀ, ਫਾਰਸੀ, ਸੰਸਕ੍ਰਿਤ, ਬ੍ਰਿਜੀ, ਮੁਲਤਾਨ।, ਕੇਂਦਰੀ ਪੰਜਾਬੀ, ਪੰਜਾਬ ਦੀਆਂ ਉਪ ਬੋਲੀਆਂ ਆਦਿ। ਉਹਨਾਂ ਦੀ ਅਣਥੱਕ ਮਿਹਨਤ, ਮੋਹ, ਤਿਆਗ, ਨਿਸ਼ਕਾਮ ਸੇਵਾ, ਅਧਿਆਤਮਕ ੱਚੀ ਆਦਿ ਨੂੰ ਵੇਖਦੇ ਹੋਏ ਉਹਨਾਂ ਦੇ ਪਿਤਾ ਨੇ ਉਹਨਾਂ ਨੂੰ ਗੱਦੀ ਦੀ ਬਖਸ਼ਿਸ਼ ਦੇਣ ਦਾ ਪ੍ਰਣ ਕਰ ਲਿਆ ਸੀ। ਸੋ ਸਤੰਬਰ 1581 ਨੂੰ ਉਹ ਗੁਰਿਆਣੀ ਗੱਦੀ 'ਤੇ ਬਿਰਾਜਮਾਨ ਹੋਏ। ਉਹਨਾਂ ਦੇ ਵੱਡੇ ਭਾਈ ਪ੍ਰਿਥੀ ਨੂੰ ਇਸ ਪ੍ਰਾਪਤੀ ਲਈ ਬਹੁਤ ਜ਼ਿਆਦਾ ਘ੍ਰਿਣਾ ਤੇ ਦੁੱਖ ਸੀ। ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਦੂਸਰੇ ਭਾਈ ਦਾ ਨਾਂਅ ਬਾਬਾ ਮਹਾਂਦੇਵ ਸੀ।

ਸ਼੍ਰੀ ਗੁਰੂ ਅਰਜਨ ਦੇਵ ਜੀ ਕੁਝ ਸਮਾਂ ਅੰਮ੍ਰਿਤਸਰ ਰਹਿ ਕੇ ਗੁਰੂ ਕੀ ਵਡਾਲੀ ਚਲੇ ਗਏ। ਉਥੇ ਆਪ ਜੀ ਦੇ ਘਰ ਸ਼੍ਰੀ ਹਰਿਗੋਬਿੰਦ ਜੀ ਦਾ ਜਨਮ ਹੋਇਆ, ਤੇ ਫਿਰ ਅੰਮ੍ਰਿਤਸਰ ਆ ਕੇ ਅੰਮ੍ਰਿਤ ਸਰੋਵਰ ਨੂੰ ਪੱਕਾ ਕਰਵਾਇਆ। ਸ਼੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਦੀ ਉਸਾਰੀ ਕੀਤੀ। ਸੰਤੋਖਸਰ ਬਣਾਇਆ। ਤਰਨਤਾਰਨ ਬਣਾਇਆ ਤੇ ਉਥੋਂ ਦੇ ਸਰੋਵਰ ਦੀ ਨੀਂਹ ਰੱਖੀ। ਥਰਤਾਰਪੁਰ ਵਸਾਇਆ। ਇਯੇ ਤਰ੍ਹਾਂ ਹੀ ਛੇਹਰਟਾ ਸਾਹਿਬ ਕਾਇਮ ਕੀਤਾ। ਮਗਰੋਂ ਹਰਿਗੋਬਿੰਦਪੁਰ ਵੀ ਵਸਾਇਆ। ਲਾਹੌਰ ਦੀ ਬਾਉਲੀ ਲਗਾਈ। ਰਾਮਸਰ ਤੇ ਗੁਰੂ ਕੇ ਬਾਗ ਦੀਆਂ ਨੀਹਾਂ ਰੱਖੀਆਂ। ਉਹਨਾਂ ਨੂੰ ਉਸਾਰੀ ਦੇ ਕੰਮਾਂ ਵਿਚ ਕਾਫੀ ਦਿਲਚਸਪੀ ਸੀ। ਉਹ ਆਖਰੀ ਦਮ ਤਕ ਕਰਮਯੋਗੀ ਹੀ ਰਹੇ।

ਸਭ ਤੋਂ ਵੱਡੀ ਉਹਨਾਂ ਦੀ ਪ੍ਰਾਪਤੀ ਸੀ, ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ। ਸੋ ਸੰਨ 1601 ਤੋਂ ਲੈ ਕੇ 1604 ਤਕ ਰਾਮਸਰ ਦੇ ਕਿਨਾਰੇ ਬੈ ਕੇ ਗੁਰੂ ਗ੍ਰੰਥ ਸਹਿਬ ਦੀ ਬੀੜ ਤਿਆਰ ਕੀਤੀ। ਇਸ ਗ੍ਰੰਥ ਵਿਚ ਹਰ ਧਰਮ ਜਾਤ—ਪਾਤ ਦੇ ਬਿਨਾਂ ਭਗਤਾਂ, ਸੰਤਾਂ ਦੀ ਬਾਣੀ ਸ਼ਾਮਿਲ ਹੈ। ਜਾਤ—ਪਾਤ ਤੋਂ ਉਪੱਰ ਉਠ ਕੇ ਹੀ ਇਸ ਗ੍ਰੰਥ ਦੀ ਸੰਪਾਦਨਾ ਕੀਤੀ ਗਈ। ਕਸੇ ਵੀ ਧਰਮ ਨੂੰ ਨਜਰ ਅੰਦਾਜ਼ ਨਹੀਂ ਕੀਤਾ। ਧਰਮ, ਜਾਤ—ਪਾਤ, ਰੰਗ—ਨਸਲ ਤੋਂ ਉਪੱਰ ਉਠ ਕੇ ਹੀ ਇਸ ਗ੍ਰੰਥ ਦੀ ਸੰਪਾਦਨਾ ਕੀਤੀ। ਸਾਰੇ ਭਾਰਤ ਦੇ ਵੱਖ—ਵੱਖ ਰਾਜਾਂ ਦੇ ਕਵੀਆਂ ਦੀਆਂ ਰਚਨਾਵਾਂ ਕ੍ਰਿਤਾਂ ਸ਼ਾਮਿਲ ਹਨ ਇਸ ਵਿਚ ਕੌਮ ਨੂੰ ਇਕ ਵਿਲੱਖਣ ਅਦੁੱਤੀ ਅਧਿਆਤਮਕ ਪੱਖਾਂ ਵਾਲਾ ਗ੍ਰੰਥ ਮੁਹੱਈਆਂ ਕੀਤਾ। ਇਸ ਬੀੜ ਨੂੰ ਹੱਥੀਂ ਲਿਖਿਆ ਭਾਈ ਗੁਰਦਾਸ ਜੀ ਨੇ ਤੇ ਇਸ ਬੀੜ ਦਾ ਪ੍ਰਕਾਸ਼ 1604 ਵਿਚ ਕੀਤਾ ਗਿਆ, ਸ਼੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ।

ਇਹ ਮਹਾਨ ਗ੍ਰੰਥ (ਬੀੜ) ਲਿਖਣ *ਤੇ ਕਈ ਈਰਖਾਲੂਆਂ ਨੇ ਬੜੀ ਵਿਰੋਧਤਾ ਕੀਤੀ, ਕਿਉਂਕਿ ਕੁਝ ਉਹ ਕਵੀ ਜੋ ਇਸ ਬੀੜ ਦੀ ਮਰਿਆਦਾ ਮੁਤਾਬਿਕ ਪੂਰਾ ਨਹੀਂ ਸਨ ਉਤਰਦੇ ਉਹਨਾਂ ਦੀਆਂ ਰਚਨਾਵਾਂ ਨਹੀ ਸਨ ਲਈਆਂ ਗਈਆਂ। ਉਹਨਾਂ ਕਵੀਆਂ ਨੇ ਈਰਖਾ ਕਰਕੇ ਇਸ ਗ੍ਰੰਥ ਦੀ ਡੱਟ ਕੇ ਵਿਰੋਧਤਾ ਕੀਤੀ ਤੇ ਉਹਨਾਂ ਦੇ ਵੱਡੇ ਭਰਾ ਨੇ ਇਸ ਵਿਰੋਧਤਾ ਨੂੰ ਚਾਰ ਚੰਨ ਲਾਏ। ਭਗਤ ਕਾਹਨਾ, ਛੱਜੂ, ਪੀਲੂ ਤੇ ਸ਼ਾਹ ਹੁਸੈਨ ਵਰਗੇ ਕਵੀਆਂ ਦਾ ਕਲਾਮ ਸ਼ਮਿਲ ਨਾ ਕੀਤਾ ਗਿਆ। ਇਹਨਾਂ ਕਵੀਆਂ ਨੇ ਈਰਖਾ ਕਰਕੇ ਮੌਜੂਦਾ ਸੱਤਾਧਾਰੀ ਹਕੂਮਤ ਦੇ ਮਾਲਿਕ ਜਹਾਂਗੀਰ ਤਕ ਗੱਲਾਂ ਪਹੁੰਚਾਣ ਵਿਚ ਕੋਈ ਕਸ ਨਾ ਛੱਡੀ। ਜਹਾਂਗੀਰ ਨੇ ਇਸ ਗ੍ਰੰਥ ਦੇ ਕਈ ਪੰਨੇ ਪੜਾ ਕੇ ਵੇਖੇ, ਪਰ ਉਸ ਨੂੰ ਕਿਤੇ ਵੀ ਇਸਲਾਮ ਧਰਮ ਦੇ ਵਿਧ ਕੋਈ ਚਿੰਨ੍ਹ ਤਕ ਨਾ ਮਿਲਿਆ ਦੂਸਰੇ ਪਾਸ ਸਭ ਤੋਂ ਜ਼ਿਆਦਾ ਜ਼ੋ ਕੱਟੜ ਮੁਸਲਮਾਨ ਵਜ਼ੀਰ ਸਨ, ਸ਼ੇਖ ਅਹਿਮਦ ਸਰਹੱਦੀ ਤੇ ਸ਼ੇਖ ਫਰੀਦ ਬੁਖਾਰੀ। ਇਹਨਾਂ ਦੋਵਾਂ ਨੇ ਇਸ ਗ੍ਰੰਥ ਦੀ ਸਭ ਤੋਂ ਵੱਧ ਵਿਰੋਧਤ ਕੀਤੀ। ਜਹਾਂਗੀਰ ਨੂੰ ਸਭ ਤੋਂ ਜ਼ਿਆਦਾ ਮਿਲ— ਮਿਲਾ ਕੇ ਇਹਨਾਂ ਨੇ ਚੁੱਕਿਆ ਦੂਸਰੇ ਪਾਸੇ ਚੰਦੂ ਸ਼ਾਹ ਜ਼ੋ ਕਿ ਲਾਹੌਰ ਵਿਚ ਸੂਬੇ ਦਾ ਦੀਵਾਨ ਸੀ, ਗੁਰਾਂ ਨਾਲ ਵੈਰ ਰੱਖਣਾ ਸੀ, ਕਿਉਕਿ ਪ੍ਰਿਥੀ ਦੀ ਵੀ ਸ਼ਾਜਿਸ਼ ਇਸ ਵਿਚ ਸ਼ਾਮਿਲ ਸੀ।

ਚੰਦੂ ਨੈ ਆਪਣੀ ਧੀ ਦੀ ਕੁੜਮਾਣੀ ਲਈ ਬੰਦੇ ਭੇਜੇ। ਚੰਦੂ ਨੇ ਕਿਧਰੇ ਇਹ ਕਹਿ ਦਿੱਤਾ ਕਿ ਕਿਥੇ ਚੰਦੂ ਤੇ ਕਿਥੇ ਉਹ (ਗੁਰੂ ਸਾਹਿਬ)? ਮੋਰੀ ਦੀ ਇੱਟ ਵਰਗੇ ਪ੍ਰਤੀਕ ਵਰਤੇ। ਸੰਗਤਾਂ ਨੇ ਇਸ ਦੀ ਵਿਰੋਧਤਾ ਕੀਤੀ ਤੇ ਸੰਗਤਾਂ ਦੇ ਕਹਿਣ 'ਤੇ ਗੁਰੂ ਜੀ ਨੈ ਆਪਣੇ ਸਾਹਿਬਜਾਦੇ ਸ਼੍ਰੀ ਗੁਰੂ ਹਰਗੋਬਿੰਦ ਦੀ ਕੁਮਾਈ ਲਈ ਚੰਦੂ ਨੂੰ ਨਾਂਹ ਕਰ ਦਿੱਤੀ। ਚੰਦੂ ਦਾ ਗੁੱਸਾ ਸੱਤ ਅਸਮਾਨ ਛੁਹ ਚੱਕਾ ਸੀ। ਉਸ ਦੇ ਸੀਨੇ ਵਿਚ ਬਦਲੇ ਦੀ ਚਿੰਗਾੜੀ ਸੁਲਗਣ ਲੱਗੀ। ਂਦੂ ਸ਼ਾਹ, ਸੇਖ ਅਹਿਮਦ ਸਰਹੱਦੀ ਤੇ ਸ਼ੇਖ ਰੀਦ ਬੁਖਾਰੀ ਨੇ ਕਈ ਕਿਸਮ ਦੀਆਂ ਸਾਜ਼ਿਸ਼ਾਂ ਗੁਰੂ ਵਿੱਧ ਰਚਨੀਆਂ ਸ਼ੁਰੂ ਕਰ ਦਿੱਤੀਆਂ। ਇਕ ਝੂਠੀ ਸਾਜਿਸ਼ ਘੜ ਕੇ ਜਹਾਂਗੀਰ ਨੂੰ ਪਹੁੰਚਾ ਦਿੱਤੀ ਗਈ। ਉਹ ਇਹ ਹੈ ਬਾਗੀ ਖੁਸਰੋ ਨੂੰ ਗੁਰੂ ਅਰਜਨ ਦੇਵ ਨੇ ਪਨਾਹ ਦਿੱਤੀ ਹੈ। ਉਸ ਦੀ ਮਦਦ ਕੀਤੀ ਹੈ। ਉਸ ਦੀ ਮਰਿਆਦਾ ਮੁਤਾਬਿਕ ਆਉ ਭਗਤ ਕੀਤੀ ਗਈ ਹੈ, ਤੇ ਇਸਲਾਮ ਵਿੱਧ ਭੜਕਾਇਆ ਹੈ। ਸ਼ੇਖ ਅਹਿਮਕ ਸਰਹੱਦੀ ਤੇ ਸ਼ੇਖ ਫਰੀਦ ਬੁਖਾਰੀ ਆਦਿ ਨੈ ਇਹ ਸਾਜ਼ਿਸ ਇਕ ਰਜ਼ੀ ਸ਼ਿਕਾਇਤ ਬਣਾ ਕੇ ਜਹਾਂਗੀਰ ਤਕ ਪਹੁੰਚਾ ਦਿੱਤੀ। ਗੁਰੂ ਜੀ ਨੇ ਖੁਸਰੋ ਦੀ ਕੋਈ ਮਦਦ ਨਹੀਂ ਸੀ ਕੀਤੀ। ਸਾਰੀ ਸਾਜ਼ਿਸ਼ ਝੂਠ ਹੀ ਸੀ। ਖੁਸਰੋ ਨੂੰ ਪਨਾਹ ਦੇਣ ਦੇਣ 'ਤੇ ਜਹਾਂਗੀਰ ਨੇ ਆਪ ਨੂੰ ਦੋ ਲੱਖ ਰੁਪਏ ਜ਼ੁਰਮਾਨਾਂ ਕਰ ਦਿੱਤਾ। ਜ਼ੁਰਮਾਨਾ ਅਦਾ ਨਾ ਕਰਨ 'ਤੇ ਬਾਲ ਬੱਚੇ ਸਮੇਤ ਆਪ ਨੂੰ ਗ੍ਰਿਫਤਾਰ ਕਰ ਲਿਆ ਗਿਆ। ਤਿੰਨ ਰਾਤਾਂ ਤੇ ਦਿਨ ਕਹਿਰਾਂ ਦੇ ਤਸੀਹੇ ਦਿੱਤੇ ਗਏ, ਜੂਨ ਦੀ ਕੜਕਦੀ ਧੁੱਪ ਵਿਚ। ਛਪਦੀ ਲੋਹ 'ਤੇ ਜਿਸ ਦੇ ਹੇਠਾ ਮਣਾ ਮੂੰਹੀਂ ਬਾਲਣ ਡਾਹਿਆ ਗਿਆ। ਨਾਲ ਸੂਰਖ ਲੋਹ 'ਤੇ ਗੁਰੂ ਜੀ ਨੂੰ ਬਿਠਾ ਦਿੱਤਾ ਗਿਆ, ਉਤੇ ਤੱਤੀ ਰੇਤਾ ਦੀ ਭਰਮਾਰ, ਪਰ ਗੁਰੂ ਜੀ ਨੇ ਸੀ ਨਾ ਕੀਤੀ। ਭਾਵੇ ਮੀਆਂ ਮੀਰ ਤੇ ਵਜ਼ੀਰ ਖਾ ਦਰਬਾਰੀ ਧਾਰਮਿਕ ਆਗੂ, ਸਿੱਖੀ ਦੇ ਦਾਇਰੇ ਵਿਚ ਆ ਚੁੱਕੇ ਸਨ। ਉਹਨਾਂ ਨੇ ਗੁਰੂ ਜੀ ਨੂੰ ਲਾਹੌਰ ਦੀ ਇੱਟ ਨਾਲ ਇੱਟ ਖੜਕਾ ਦੇਣ ਲਈ ਕਿਹਾ। ਉਹਨਾਂ ਦੇ ਹਿਰਦੇ ਕੰਬ ਉਠੇ, ਪਰ ਗੁਰੂ ਜੀ ਉਸ ਵਾਹਿਗੁਰੂ ਦੇ ਭਾਂਣੇ ਵਿਚ ਵਿਸ਼ਵਾਸ ਰੱਖਦੇ ਹੋਏ ਤੱਤੀ ਲੋਹ 'ਤੇ ਬੈਠ ਗਏ। ਛਪਦੀ ਅੱਗ ਵਰਗੀ ਦੇਗ ਵਿਚ ਕਾਫੀ ਉਬਲਦੇ ਪਾਣੀ ਵਿਚ ਉਬਾਲਿਆ ਗਿਆ। 30 ਮਈ 1606 ਈ। ਨੂੰ ਜਹਾਂਗਰ ਦੇ ਹੁਕਮ ਨਾਲ ਰਾਵੀ ਦੇ ਕੰਢੇ ਲਿਜਾ ਕੇ ਆਪ ਨੂੰ ਸ਼ਹੀਦ ਕਰ ਦਿੱਤਾ ਗਿਆ।

ਟਾਪ ਜੀ ਦੀ ਸਹੀਦੀ ਯਾਦ ਵਿਚ ਹੁਣ ਉਥੇ ਡੇਹਰਾ ਸਾਹਿਬ ਗੁਰਦੁਆਰਾ ਬਣਿਆ ਹੋਇਆ ਹੈ। ਦੁਨੀਆ ਵਿਚ ਇਹ ਇਕ ਮਹਾਨ ਸ਼ਹਾਦਤ ਹੈ। ਇਸ ਤੋਂ ਕੁਝ ਸਮਾਂ ਬਾਅਦ ਜਹਾਂਗੀਰ ਮੁਆਫੀ ਮੰਗਣ ਆਇਆ। ਉਸ ਨੇ ਚੰਦੂ ਵਰਗੇ ਵਿਰੋਧੀਆਂ ਨੂੰ ਸਪੁਰਦ ਵੀ ਕੀਤਾ। ਪਰ ਮਾਤਾ ਗੰਗਾ ਜੀ ਨੇ ਵਾਹਿਗੁਰੂ ਦੇ ਭਾਣੇ 'ਤੇ ਉਹਨਾਂ ਨੂੰ ਛੱਡ ਦਿੱਤਾ ਤੇ ਜਹਾਂਗੀਰ ਨੇ ਜੋ ਮੋਹਰਾਂ ਚੜ੍ਹਾਈਆਂ ਉਹ ਉਸੇ ਵਕਤ ਸੰਗਤ ਵਿਚ ਵੰਡ ਦਿੱਤੀਆਂ ਗਈਆਂ।

ਏਕਤਾ, ਸਾਂਝੀਵਾਲਤਾ ਤੇ ਜਾਤ—ਪਾਤ, ਰੰਗ—ਰੂਪ ਤੋਂ ਉੱਪਰ ਉੱਠ ਕੇ ਉਹਨਾਂ ਨੇ ਸ਼ਬਦ ਰਚਨਾ ਕੀਤੀ। ਇਕ ਸ਼ਬਦ—ਰਾਮਕਲੀ ਮਹਲਾ ੫

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ। ਕੋਈ ਸੇਵੈ ਗੁਸਈਆਂ ਕੋਈ ਅਲਾਹਿ॥

ਕਾਰਣ ਕਰਣ ਕਰੀਮ। ਕਿਰਪਾ ਧਾਰਿ ਰਹੀਮ॥ ਰਹਾਉ॥

ਕੋਈ ਨਾਵੇ ਤੀਰਥਿ ਕੋਈ ਹਜ ਜਾਇ। ਥੋਈ ਕਰੈ ਭੂਰਾ ਕੋਈ ਸਿੱ ਨਿਵਾਇ ॥

ਕੋਈ ਪੜੈ ਬੇਦ ਕੋਈ ਕਤੇਬ। ਕੋਈ ਦੈ ਨੀਲ ਕੋਈ ਸੁਪਦ॥॥

ਕੋਈ ਕਹੈ ਛੁਰਕੁ ਕੋਈ ਕਹੈ ਹਿੰਦੂ। ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥

ਕਹੁ ਨਾਨਕ ਜਿਨਿ ਹੁਕਮੁ ਪਛਾਤਾ। ਪ੍ਰਭੂ ਸਾਹਿਬ ਕਾ ਤਿਨਿ ਭੇਦੂ ਜਾਤਾ ॥

ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਰਾਮਦਾਸ ਜੀ ਵਾਂਗ 30 ਰਾਗਾਂ ਵਿਚ ਬਾਣੀ ਰਜੀ। ਸ਼ਬਦ 1345, ਅਸ਼ਟਪਦੀਆਂ 62, ਛੰਦ 62। ਗੁਰੂ ਗ੍ਰੰਥ ਸਾਹਿਬ ਦੀਆਂ ਕੁੱਲ 22 ਵਾਰਾਂ 'ਚੋਂ ਗੁਰੂ ਗ੍ਰੰਥ ਸਾਹਿਬ ਦੀਆਂ 6 ਵਾਰਾਂ, ਗਉੜੀ, ਗੁਜਰੀ, ਜੈਤਸਰੀ, ਰਾਮਕਲੀ, ਮਾਰੂ, ਬਸੰਤ ਰਾਗਾਂ ਵਿਚ ਹਨ। ਇਹਨਾਂ ਤੋਂ ਇਲਾਵਾਂ ਗੁਰੂ ਜੀ ਨੇ ਉਚੇਚੀਆਂ ਬਾਣੀਆਂ ਵੀ ਲਿਖੀਆਂ, ਸਿਰੀ ਰਾਗ ਵਿਚ ਪਹਰੇ। ਸ਼ਬਦ ਮਾਹ ਵਿਚ ਬਾਰਹ ਮਾਹ, 14 ਪਉੜੀਆਂ ਦਿਸ ਰੈਣਿ। ਗਾਉੜੀ ਵਿੱਚ ਬਾਵਨ ਅੱਖਰੀ 57 ਸਲੋਕ ਤੇ 55 ਪਉੜੀਆਂ ਸੁਖਮਨੀ 14 ਸਲੋਕ ਅਤੇ 24 ਅਸ਼ਟਪਦੀਆਂ ਬਿਤੀ। ਟਾਸਾ ਵਿਚ ਬਿਹਰਤੇ 3 ਸ਼ਬਦ। ਸੂਹੀ ਵਿਚ ਗੁਣਵੰਤੀ ਇਕ ਸ਼ਬਦ ਇਕ ਮਾਰੂ ਵਿਚ ਅੰਜੁਲੀਆਂ 3 ਸੋਲਹੇ 14 ਸ਼ਬਦ। ਥੁਝ ਹੋਰ ਬਾਣੀਆਂ ਗੁਰੂ ਅਰਜਨ ਸਾਹਿਬ ਸਲੋਕ ਸਹਸ ਕ੍ਰਿਤੀ 67, ਗਾਥਾ 24, ਫੁਨਹੇ 23, ਚੋ ਬੋਲੇ॥ ਸਵੈਯੈ 9, ਸਵੈਯੇ॥ ਇਹਨਾਂ ਤੋਂ ਇਲਾਵਾ ਸਲੋਕ ਵੀ ਜ਼ੋ ਵਾਰਾਂ ਦੀਆਂ ਉੜ।ਆਂ ਦੇ ਨਾਂਲ ਦਰਜ ਹਨ ਉਹਨਾਂ ਸਾਰੇ ਸਲੋਕਾਂ ਦੀ ਗਿਣਤੀ 255 ਹੈ ਇਹਨਾਂ ਵਾਰਾਂ ਤੋਂ ਵਧੇ ਹੋਏ ਸਲੋਕਾਂ ਦਾ ਸੰਗ੍ਰਹਿ ਗੁਰੂ ਗ੍ਰੰਥ ਸਾਹਿਬ ਦੇ ਅਖੀਰ ਵਿਚ ਦਰਜ ਹੈ। ਉਹਨਾਂ ਦੀ ਗਿਣਤੀ 22 ਹੈ। ਸਾਰੇ ਰਲਾ ਕੇ ਗੁਰੂ ਅਰਜਨ ਦੇਵ ਦੇ 277 ਸਲੋਕ ਹਨ। ਇਹਨਾਂ ਦੀਆਂ 6 ਵਾਰਾਂ ਦੀਆਂ ਕੁੱਲ 10 ਪਉੜੀਆਂ ਹਨ। ਆਦਿ। ਥੁੱਲ 2312 ਸ਼ਬਦ ਹਨ।

ਸਾਹਿਬ ਸ਼੍ਰੀ ਗੁਰੂ ਅਰਜਨ ਦੇਵ ਜੀ 43 ਸਲਾ ਇਕ ਮਹੀਨਾ 16 ਦਿਨ ਦੀ ਉਮਰ ਭੋਰ ਕੇ ਸ਼ਹੀਦ ਹੋਏ ਸਨ। ਉਹਨਾਂ ਨੇ ਏਨੀ ਉਮਰ ਵਿਚ ਉਹ ਕਾਰਜ ਕੀਤੇ ਹਨ ਜ਼ੋ ਹਮੇਸ਼ਾ—ਹਮੇਸ਼ਾਂ ਹਿੰਦੂਸਤਾਨ ਦੇ ਇਤਿਹਾਸ ਵਿਚ ਹੀ ਨਹੀ ਦੁਨੀਆਂ ਦੇ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਨਾਲ ਜੀਵਤ ਰਹਿਣਗੇ। ਉਹ ਸ਼ਹੀਦ ਹੋ ਕੇ ਵੀ ਜ਼ਿੰਦਾ ਹਨ। ਉਹਨਾਂ ਦੇ ਕਾਰਜ ਸਦਾ ਲਈ ਰਹਿਬਰੀ ਦਾ ਕੰਮ ਕਰਦੇ ਰਿਹਣਗੇ। ਸਿੱਖ ਜਗਤ ਵਿਚ ਉਹਨਾਂ ਦਾ ਮਹਾਨ ਸਥਾਨ ਹੈ।

# ਸਭਿਆਚਾਰ, ਭਾਸ਼ਾ, ਧਰਮ, ਰਿਵਾਜ਼ ਅਤੇ ਜੀਵਨ ਸ਼ੈਲੀ ਦੀ ਵਿਭਿੰਨਤਾ ਕਿਸੇ ਵੀ ਸਮਾਜ ਦੀ ਤਾਕਤ ਹੁੰਦੀ ਹੈ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)**–ਅੱਜ ਵਿਸ਼ਵ ਸਭਿਆਚਾਰਕ (ਸੰਸਕ੍ਰਿਤਿਕ) ਵਿਭਿੰਨਤਾ ਦਿਵਸ (World Day for Cultural iDveristy for iDalogue and Development) ਮਨਾਇਆ ਜਾ ਰਿਹਾ ਹੈ ਜਿਸਦਾ ਉਦੇਸ਼ ਇਸ ਉਤੇ ਸੰਵਾਦ ਕਰਨਾ ਅਤੇ ਵਿਕਾਸ ਕਰਨਾ ਹੈ। ਸੰਸਕ੍ਰਿਤਿਕ ਵਿਭਿੰਨਤਾ ਕਿਸੇ ਵੀ ਸਮਾਜ ਦੀ ਤਾਕਤ ਹੁੰਦੀ ਹੈ। ਇਹ ਵਿਭਿੰਨ ਭਾਸ਼ਾਵਾਂ, ਧਰਮਾਂ, ਰਿਵਾਜਾਂ ਅਤੇ ਜੀਵਨ ਸ਼ੈਲੀਆਂ ਨੂੰ ਇੱਕ-ਦੂਜੇ ਨਾਲ ਜੋੜਦੀ ਹੈ। 21 ਮਈ ਨੂੰ ਯੂਨੈਸਕੋ (UNESCO) ਦੁਆਰਾ ਵਿਸ਼ਵ ਸੰਸਕ੍ਰਿਤਿਕ ਵਿਭਿੰਨਤਾ ਦਿਵਸ ਵਜੋਂ ਮਨਾਇਆ ਜਾਂਦਾ ਹੈ, ਜੋ ਸੰਵਾਦ ਅਤੇ ਵਿਕਾਸ ਲਈ ਸੰਸਕ੍ਰਿਤਿਕ ਵਿਭਿੰਨਤਾ ਦੀ ਮਹੱਤਤਾ ਨੂੰ ਉਜਾਗਰ ਕਰਦਾ ਹੈ।

**ਨਿਊਜ਼ੀਲੈਂਡ ਵਿੱਚ ਸੰਸਕ੍ਰਿਤਿਕ ਵਿਭਿੰਨਤਾ**

ਨਿਊਜ਼ੀਲੈਂਡ ਇੱਕ ਬਹੁ-ਸੰਸਕ੍ਰਿਤਿਕ ਦੇਸ਼ ਹੈ, ਜਿੱਥੇ ਵਿਭਿੰਨ ਭਾਸ਼ਾਵਾਂ, ਧਰਮ ਅਤੇ ਰਿਵਾਜਾਂ ਦੇ ਲੋਕ ਰਹਿੰਦੇ ਹਨ। 2023 ਦੀ ਮਰਦਮਸ਼ੁਮਾਰੀ ਮੁਤਾਬਕ, 150 ਤੋਂ ਵੱਧ ਭਾਸ਼ਾਵਾਂ ਇੱਥੇ ਬੋਲੀ ਜਾਂਦੀਆਂ ਹਨ। 28.8% ਲੋਕ ਨਿਊਜ਼ੀਲੈਂਡ ਤੋਂ ਬਾਹਰ ਜਨਮੇ ਹੋਏ ਹਨ, ਜੋ 2013 ਦੀ ਮਰਦਮਸ਼ੁਮਾਰੀ ਤੋਂ 25.2% ਵੱਧ ਹਨ। 2023 ਮਰਦਮ ਸ਼ੁਮਾਰੀ ਮੁਤਾਬਕ, ਨਿਊਜ਼ੀਲੈਂਡ ਵਿੱਚ ਪੰਜਾਬੀ ਭਾਸ਼ਾ ਬੋਲਣ ਵਾਲਿਆਂ ਦੀ ਗਿਣਤੀ 49,656 ਹੋ ਗਈ ਹੈ, ਜੋ 2018 ਨਾਲੋਂ 45.1% ਵੱਧ ਹੈ। ਇਹ ਪੰਜਾਬੀ ਨੂੰ ਦੇਸ਼ ਦੀ ਸਭ ਤੋਂ ਤੇਜ਼ ਵਧ ਰਹੀ ਭਾਸ਼ਾ ਬਣਾਉਂਦੀ ਹੈ। ਇਸ ਵਾਧੂ ਗਿਣਤੀ ਦਾ ਕਾਰਨ ਪੰਜਾਬ ਤੋਂ ਵਧ ਰਿਹਾ ਪ੍ਰਵਾਸ, ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਕਾਮਿਆਂ ਦੀ ਆਮਦ ਹੋ ਸਕਦਾ ਹੈ।




ਪੰਜਾਬੀ ਭਾਈਚਾਰੇ ਵੱਲੋਂ ਆਪਣੀ ਭਾਸ਼ਾ ਨੂੰ ਸੰਭਾਲਣ ਦੀ ਤੀਬਰ ਇੱਛਾ ਹੈ। ਕਈ ਸੰਸਥਾਵਾਂ ਆਪਣੇ ਅਦਾਰਿਆਂ ਅਤੇ ਸਕੂਲਾਂ ਵਿੱਚ ਪੰਜਾਬੀ ਪੜ੍ਹਾ ਰਹੀਆਂ ਹਨ। ਹੁਣ ਇਥੇ ਵੀ ਮਾਓਰੀ ਭਾਸ਼ਾ ਹਫ਼ਤੇ ਵਾਂਗ ਪੰਜਾਬੀ ਭਾਸ਼ਾ ਹਫ਼ਤਾ ਮਨਾਉਣਾ ਸ਼ੁਰੂ ਹੋ ਗਿਆ ਹੈ ਅਤੇ ਇਸ ਸਾਲ 03 ਨਵੰਬਰ ਤੋਂ 9 ਨਵੰਬਰ 2025 ਤੱਕ ਮਨਾਇਆ ਜਾ ਰਿਹਾ ਹੈ।

ਮਾ ਰੀ ਭਾਸ਼ਾ ਬੋਲਣ ਵਾਲਿਆਂ ਦੀ ਗਿਣਤੀ 213,849 ਹੋ ਗਈ ਹੈ, ਜੋ 2018 ਦੇ 185,955 ਨਾਲੋਂ 15% ਵੱਧ ਹੈ।

ਸਮੋਆਨ ਭਾਸ਼ਾ 110,541 ਲੋਕ ਬੋਲਦੇ ਹਨ, ਉੱਤਰੀ ਚੀਨੀ 107,412, ਅਤੇ ਹਿੰਦੀ 77,985 ਲੋਕਾਂ ਦੁਆਰਾ ਬੋਲੀ ਜਾਂਦੀ ਹੈ।

ਆਕਲੈਂਡ ਨਿਊਜ਼ੀਲੈਂਡ ਦਾ ਸਭ ਤੋਂ ਵਿਭਿੰਨ ਸਭਿਆਚਾਰ ਵਾਲਾ ਸ਼ਹਿਰ ਹੈ, ਜਿੱਥੇ 31.3% ਲੋਕ ਏਸ਼ੀਆਈ, 16.6% ਪੈਸੀਫਿਕ, ਅਤੇ 50% ਯੂਰਪੀ ਹਨ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਡਾ. ਸਰਬਜੀਤ ਕੰਗਣੀਵਾਲ ਦੀ 'ਪੰਜਾਬ ਦੀ ਖੱਬੀ ਲਹਿਰ (ਬਸਤੀਵਾਦ ਤੋਂ ਮੁਕਤੀ ਤੱਕ)' ਖੋਜੀ ਪੁਸਤਕ



ਉਜਾਗਰ ਸਿੰਘ
91-94178 13072


ਡਾ. ਸਰਬਜੀਤ ਸਿੰਘ ਕੰਗਣੀਵਾਲ ਖੋਜੀ ਪੱਤਰਕਾਰ, ਲੇਖਕ ਤੇ ਸੰਪਾਦਕ ਹੈ। ਉਹ ਜਿਹੜਾ ਵੀ ਕਾਰਜ਼ ਕਰਦਾ ਹੈ, ਉਸਦੀ ਡੂੰਘਾਈ ਤੱਕ ਜਾਣਕਾਰੀ ਪ੍ਰਾਪਤ ਕਰਕੇ ਮੁਕੰਮਲ ਕਰਦਾ ਹੈ, ਭਾਵੇਂ ਕਿਤਨਾ ਵੀ ਸਮਾਂ ਲੱਗ ਜਾਵੇ। ਮੁੱਢਲੇ ਤੌਰ 'ਤੇ ਉਹ ਖੱਬੇ ਪੱਖੀ ਸੋਚ ਦਾ ਧਾਰਨੀ ਹੈ। ਸਰਬਜੀਤ ਕੰਗਣੀਵਾਲ ਸਿਰੜੀ, ਮਿਹਨਤੀ ਅਤੇ ਦ੍ਰਿੜ੍ਹਤਾਵਾਦੀ ਲੇਖਕ ਹੈ। ਇਸ ਕਰਕੇ ਉਸਨੇ ਖੱਬੇ ਪੱਖੀ ਲਹਿਰ ਨੂੰ ਪੰਜ ਜਿਲਦਾਂ ਵਿੱਚ ਪ੍ਰਕਾਸ਼ਤ ਕਰਨ ਦਾ ਦ੍ਰਿੜ੍ਹ ਨਿਸਚਾ ਕੀਤਾ, ਇਸ ਦੀ ਪਹਿਲੀ ਜਿਲਦ 'ਪੰਜਾਬ ਦੀ ਖੱਬੀ ਲਹਿਰ' (ਬਸਤੀਵਾਦ ਤੋਂ ਮੁੱਕਤੀ ਤੱਕ) ਪ੍ਰਕਾਸ਼ਤ ਕੀਤੀ ਹੈ। ਇਸ ਪੁਸਤਕ ਨੂੰ ਉਸਨੇ 7 ਅਧਿਆਇ ਵਿੱਚ ਵੰਡਿਆ ਹੈ। ਉਸਨੇ ਖੱਬੇ ਪੱਖੀ ਲਹਿਰ ਦੀ ਸੰਸਾਰ, ਭਾਰਤ ਅਤੇ ਪੰਜਾਬ ਵਿੱਚ ਸ਼ੁਰੂ ਤੋਂ ਲੈ ਕੇ ਅਖ਼ੀਰ ਤੱਕ ਇਤਿਹਾਸਕ ਪ੍ਰਗਤੀ ਅਤੇ ਖੋਜ ਭਰਪੂਰ ਤੱਥਾਂ 'ਤੇ ਅਧਾਰਤ ਜਾਣਕਾਰੀ ਦਿੱਤੀ ਹੈ। ਪਹਿਲੇ ਅਧਿਆਇ ਵਿੱਚ ਲਹਿਰ ਦੀ ਪੰਜਾਬ ਵਿੱਚ ਸ਼ੁਰੂਆਤ ਤੋਂ ਜਾਣਕਾਰੀ ਦਿੱਤੀ ਗਈ ਹੈ। ਭੂਗੋਲਿਕ ਤੌਰ 'ਤੇ ਵੈਦਿਕ ਕਾਲ ਵਿੱਚ ਸੱਤ ਦਰਿਆ ਦੇ ਇਲਾਕੇ ਨੂੰ ਸਪਤ ਸਿੰਧੂ ਤੇ ਯੂਨਾਨੀਆਂ ਦੇ ਸਮੇਂ ਪੰਜ ਦਰਿਆ ਹੋਣ ਕਰਕੇ ਪੰਜਾਬ ਬਣ ਗਿਆ। ਪੰਦਰਵੀਂ ਸਦੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਉਣ ਤੇ ਨਵਾਂ ਦੌਰ ਆਰੰਭ ਹੋਇਆ, ਜਿਹੜਾ 1699 ਵਿੱਚ ਸ੍ਰੀ ਗੁਰੂ ਗੋਬਿੰਦ ਤੱਕ ਪਹੁੰਚਦਿਆਂ ਜ਼ੁਲਮ ਦੇ ਵਿਰੁੱਧ ਸੰਘਰਸ਼ ਦੇ ਰੂਪ ਵਿੱਚ ਖਾਲਸੇ ਦੀ ਸਿਰਜਨਾ ਨਾਲ ਹੋਇਆ। 1710 ਵਿੱਚ ਬੰਦਾ ਬਹਾਦਰ ਸਿੰਘ ਨੇ ਖਾਲਸਾ ਰਾਜ ਦੀ ਸਥਾਪਨਾ ਕੀਤੀ। ਫਿਰ ਸਿੱਖ ਮਿਸਲਾਂ ਦਾ ਰਾਜ ਸ਼ੁਰੂ ਹੋਇਆ, ਜੋ 1799 ਵਿੱਚ ਲਾਹੌਰ 'ਤੇ ਕਬਜ਼ਾ ਕਰਨ ਨਾਲ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਰੂਪ ਵਿੱਚ ਹੋਇਆ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ 1849 ਤੱਕ ਹਿੰਦੁਸਤਾਨ ਬ੍ਰਿਟਿਸ਼ ਬਸਤੀਵਾਦ ਦਾ ਕਬਜ਼ਾ ਹੋ ਗਿਆ। 1857 ਦੇ ਗਦਰ ਤੋਂ ਬਾਅਦ 1947 ਵਿੱਚ ਭਾਰਤ ਆਜ਼ਾਦ ਹੋ ਗਿਆ ਤੇ ਪੰਜਾਬ ਦੋ ਹਿੱਸਿਆਂ ਵਿੱਚ ਵੰਡਿਆ ਗਿਆ। ਫਰਾਂਸ ਦੇ ਇਨਕਲਾਬ ਸਮੇਂ ਰਾਜੇ ਦੇ ਵਿਰੋਧੀ ਖੱਬੇ ਤੇ ਸੱਜੇ ਦੋ ਗਰੁੱਪ ਬਣ ਗਏ। ਪਹਿਲਾਂ ਗ਼ਦਰੀ ਸਮਾਜਵਾਦੀ ਵਿਚਾਰਾਂ ਦੇ ਪੱਖੀ ਹੋਏ। ਅਕਤੂਬਰ 1920 ਵਿੱਚ ਤਾਸ਼ਕੰਦ ਵਿਖੇ ਭਾਰਤੀ ਕਮਿਊਨਿਸਟ ਪਾਰਟੀ ਦਾ ਗਠਨ ਦਸੰਬਰ 1925 ਵਿੱਚ ਭਾਰਤ ਵਿੱਚ ਕਾਨ੍ਹਪੁਰ ਵਿਖੇ ਭਾਰਤੀ ਕਮਿਊਨਿਸਟ ਪਾਰਟੀ ਦਾ ਗਠਨ ਹੋਇਆ, 1934 ਵਿੱਚ ਕਮਿਊਨਿਸਟ ਇੰਟਰਨੈਸ਼ਨਲ ਨਾਲ ਇਲਹਾਕਬੱਧ ਹੋ ਗਈ। ਦੂਜਾ ਅਧਿਆਇ 'ਖੱਬੀ ਲਹਿਰ ਦੀ ਪਿੱਠ ਭੂਮੀ' ਵਿੱਚ ਦੱਸਿਆ ਗਿਆ ਹੈ ਕਿ ਅੰਗਰੇਜ਼ਾਂ ਦੇ ਪੰਜਾਬ 'ਤੇ ਕਬਜ਼ੇ ਤੋਂ ਸੱਤ ਦਹਾਕਿਆਂ ਬਾਅਦ ਖੱਬੇ ਪੱਖੀ ਸਰਗਰਮੀਆਂ ਆਰੰਭ ਹੋਈਆਂ। ਮਹਾਰਾਜਾ ਰਣਜੀਤ ਸਿੰਘ ਨੇ ਸੰਗਠਿਤ ਪੰਜਾਬੀ ਕੌਮ ਦੀ ਭਾਵਨਾ ਪੈਦਾ ਕੀਤੀ। ਪਿੰਡ ਆਤਮ ਨਿਰਭਰ ਬਣਾਏ। ਸਾਰੇ ਵਰਗ ਇੱਕ ਦੂਜੇ 'ਤੇ ਨਿਰਭਰ ਸਨ। ਰਾਜਾਸ਼ਾਹੀ ਦੇ ਆਖ਼ਰੀ ਦਹਾਕੇ ਵਿੱਚ ਖੜਕ ਸਿੰਘ, ਨੌਨਿਹਾਲ ਸਿੰਘ, ਸ਼ੇਰ ਸਿੰਘ, ਚਾਂਦ ਕੌਰ, ਖ਼ਾਨਜੰਗੀ ਰਾਜਗੱਦੀ ਦੀ ਕਸ਼ਮਕਸ਼ ਵਿੱਚ ਮਾਰੇ ਗਏ। ਦਲੀਪ ਸਿੰਘ ਨੂੰ ਜਾਨਸ਼ੀਨ ਬਣਾਕੇ ਅੰਗਰੇਜ਼ ਅਸਿੱਧੇ ਢੰਗ ਨਾਲ ਰਾਜ ਕਰਦੇ ਰਹੇ। 1849 ਵਿੱਚ ਪੰਜਾਬ 'ਤੇ ਪੂਰੀ ਤਰ੍ਹਾਂ ਕਾਬਜ਼ ਹੋ ਗਏ। ਪੁਰਾਣੇ ਢਾਂਚੇ ਨੂੰ ਖ਼ਤਮ ਕਰਕੇ ਲਾਰਡ ਡਲਹੌਜੀ ਨੇ ਨਵਾਂ ਢਾਂਚਾ ਸੱਤ ਡਵੀਜਨਾ ਬਣਾ ਕੇ ਸਥਾਪਤ ਕੀਤਾ। ਹਥਿਆਰ ਜਮ੍ਹਾਂ ਕਰਵਾ ਲਏ, ਸਿੱਖ ਫ਼ੌਜ ਤੋੜ ਦਿੱਤੀ, ਸਿੱਖ ਬ੍ਰੀਗੇਡ ਬਣਾਈ, ਜ਼ਮੀਨ ਮਾਲਕੀ ਦੀ ਨਵੀਂ ਨੀਤੀ, ਟੈਕਸ ਪ੍ਰਣਾਲੀ ਅਤੇ ਨਹਿਰੀ ਪ੍ਰਣਾਲੀ ਸ਼ੁਰੂ ਕੀਤੀ, ਈਸਟ ਇੰਡੀਆ ਕੰਪਨੀ ਤਾਕਤਵਰ ਬਣਾਈ, ਰਿਆਸਤਾਂ ਦੀ ਨਵੀਂ ਨੀਤੀ ਬਣਾਈ।

ਧਾਰਮਿਕ ਲਹਿਰਾਂ ਦਾ ਉਭਾਰ ਤੇ ਸਿਖਿਆ ਦੀ ਸ਼ੁਰੂਆਤ ਵਿੱਚ ਪੁਜਾਰੀਆਂ ਤੇ ਮਹੰਤਾਂ ਦੇ ਅਧਿਕਾਰ ਵਧਾ ਦਿੱਤੇ, ਫ਼ੌਜੀ ਯੂਨਿਟਾਂ ਵਿੱਚ ਧਰਮ ਦੇ ਆਧਾਰ 'ਤੇ ਯੋਜਨਬੰਦੀ, ਧਰਮਾਂ ਨੂੰ ਵੰਡਣਾ ਆਦਿ। ਫਿਰ 1888 ਵਿੱਚ ਖਾਲਸਾ ਦੀਵਾਨ ਨਾਂ ਦੀ ਕੇਂਦਰੀ ਸੰਸਥਾ ਦਾ ਬਣਨਾ, ਖਾਲਸਾ ਕਾਲਜ ਦੀ ਸਥਾਪਨਾ, ਹਿੰਦੂਆਂ ਨੇ ਐਂਗਲੋਵੈਦਿਕ ਸਕੂਲ ਬਣਾਏ। ਨਾਮਧਾਰੀ ਲਹਿਰ ਨਾਲ ਬਸਤੀਵਾਦ ਸਰਕਾਰ ਵਿਰੁੱਧ ਵਿਦਰੋਹ ਸ਼ੁਰੂ, ਸਰਕਾਰ ਨੇ ਪੰਜਾਬ ਲਾਜ਼ ਐਕਟ ਬਣਾਇਆ, ਰੇਲਵੇ ਪੁਲਿਸ ਦਾ ਗਠਨ, ਖੇਤੀ ਸੈਕਟਰ ਦਾ ਨਵਾਂ ਦੌਰ ਸ਼ੁਰੂ, ਮਾਲੀਏ ਦੀ ਵੱਧ ਦਰ ਕਰਕੇ ਛੋਟੇ ਕਿਸਾਨ ਕਰਜ਼ਈ, ਨਿੱਜੀ ਮਾਲਕੀਅਤ ਸ਼ੁਰੂ, ਉਦਯੋਗ ਲਗਾਉਣੇ ਸ਼ੁਰੂ ਹੋਏ, ਸਿਆਸੀ ਸਰਗਰਮੀਆਂ ਇੰਡੀਅਨ ਨੈਸ਼ਨਲ ਕਾਂਗਰਸ ਨੇ ਸ਼ੁਰੂ ਕੀਤੀਆਂ, ਲੈਜਿਸਲੇਟਿਵ ਕੌਂਸਲ ਦੀ ਸਥਾਪਤੀ ਨਾਲ ਗਵਰਨਰ ਜਨਰਲ ਸ਼ਕਤੀਸ਼ਾਲੀ ਹੋ ਗਿਆ।

ਸਾਰਾਗੜ੍ਹੀ ਦੀ ਜੰਗ ਵਿੱਚ ਸਿੱਖਾਂ ਨੇ ਬਹਾਦਰੀ ਦੇ ਝੰਡੇ ਗੱਡੇ। ਬਸਤੀਵਾਦੀ ਸ਼ਾਸਨ ਦੀ ਪਹਿਲੀ ਅੱਧੀ ਸਦੀ ਵਿੱਚ ਸੁਧਾਰ ਹੋਏ ਪ੍ਰੰਤੂ ਉਨ੍ਹਾਂ ਦਾ ਲੋਕਾਂ 'ਤੇ ਮਾੜਾ ਪ੍ਰਭਾਵ ਪਿਆ। ਖੇਤੀ ਸੈਕਟਰ ਅਤੇ ਨਵਾਂ ਖੇਤੀ ਕਾਨੂੰਨ ਆਉਣ ਨਾਲ ਕਿਸਾਨੀ ਸ਼ਾਹੂਕਾਰਾਂ 'ਤੇ ਨਿਰਭਰ ਹੋ ਗਈ। ਉਦਯੋਗਾਂ ਦੇ ਮਸ਼ੀਨੀਕਰਨ ਨਾਲ ਪੁਰਾਣੇ ਉਦਯੋਗ ਖ਼ਤਮ ਹੋ ਗਏ। ਲੋਕਾਂ ਵਿੱਚ ਅਸੰਜਮਤਾ ਪੈਦਾ ਹੋ ਗਈ। ਪਲੇਗ ਨਾਲ ਹਜ਼ਾਰਾਂ ਲੋਕ ਮਰ ਗਏ, ਪੁਲਿਸ ਵਿੱਚ ਹੜਤਾਲ ਹੋ ਗਈ, ਸਿੱਖਾਂ ਦੀਆਂ ਸੰਸਥਾਵਾਂ ਵਿੱਚ ਫੁੱਟ ਪਵਾਈ ਗਈ। ਰਾਸ਼ਟਰਵਾਦੀ ਲਹਿਰ ਤੋਂ ਬਾਅਦ ਬੰਗਾਲ ਨੂੰ




ਵੰਡ ਦਿੱਤਾ, ਅਜੀਤ ਸਿੰਘ ਤੇ ਕਿਸ਼ਨ ਸਿੰਘ ਸਰਗਰਮ ਹੋ ਗਏ, ਜਨਤਕ ਜਲਸਿਆਂ ਤੇ ਭਾਸ਼ਣਾਂ ਤੇ ਪਾਬੰਦੀ ਲਾ ਦਿੱਤੀ ਗਈ। ਕਾਂਗਰਸ ਦੇ ਬਰਾਬਰ ਆਲ ਇੰਡੀਆ ਮੁਸਲਮ ਲੀਗ ਦੀ ਸਥਾਪਨਾ ਫਿਰਕੂ ਰੰਗਤ ਦੇਣ ਲਈ ਕੀਤੀ ਗਈ। ਮਿੰਟੋ ਮਾਰਲੇ ਸੁਧਾਰ ਲਹਿਰ ਸ਼ੁਰੂ ਕੀਤੀ ਗਈ। ਲਾਰਡ ਹਾਰਡਿੰਗ ਵਾਇਸਰਾਏ ਬਣਾਏ ਗਏ ਤੇ ਬੰਗਾਲ ਦੀ ਵੰਡ ਰੱਦ ਕਰ ਦਿੱਤੀ, ਵਾਇਸਰਾਏ ਤੇ ਬੰਬ ਸੁੱਟਿਆ ਗਿਆ, ਬੁਨਿਆਦੀ ਢਾਂਚੇ ਵਿੱਚ ਤਬਦੀਲੀਆਂ ਕੀਤੀਆਂ, ਚਨਾਬ ਨਹਿਰ ਅਤੇ ਰੇਲ ਲਾਈਨਾ ਦਾ ਵਿਸਤਾਰ ਕੀਤਾ ਗਿਆ। ਵਿਦੇਸ਼ਾਂ ਵਿੱਚ ਭਾਰਤੀਆਂ ਨਾਲ ਦੁਰਵਿਵਾਰ ਦੇ ਸਿੱਟੇ ਵਜੋਂ ਗ਼ਦਰ ਪਾਰਟੀ ਦੀ ਸਥਾਪਨਾ ਹੋਈ। 1913 ਵਿੱਚ ਗ਼ਦਰ ਅਖ਼ਬਾਰ ਸ਼ੁਰੂ ਕੀਤਾ, ਕਾਮਾਗਾਟਾ ਮਾਰੂ ਘਟਨਾਂ ਨਾਲ ਰੋਸ ਉਤਪਨ ਹੋ ਗਿਆ। ਲਾਹੌਰ ਸ਼ਾਜਸ਼ ਕੇਸ ਵਿੱਚ ਸਜ਼ਾਵਾਂ ਤੇ ਜਾਇਦਾਦਾਂ ਜ਼ਬਤ ਹੋਈਆਂ। ਦੂਜੀ ਸੰਸਾਰ ਜੰਗ ਤੋਂ ਬਾਅਦ ਬਿਪਨ ਚੰਦਰ ਪਾਲ, ਲਾਲਾ ਲਾਜਪਤ ਰਾਏ ਅਤੇ ਬਾਲ ਗੰਗਾਧਰ ਤਿਲਕ ਨੇ 1916 ਵਿੱਚ ਹੋਮ ਰੂਲ ਅੰਦੋਲਨ ਚਲਾਕੇ ਪੰਜਾਬੀਆਂ ਵਿੱਚ ਜੋਸ਼ ਭਰ ਦਿੱਤਾ। ਰੋਲਟ ਐਕਟ, ਜਲ੍ਹਿਆਂ ਵਾਲੇ ਬਾਗ ਦੀਆਂ ਘਟਨਾਵਾਂ, ਕਿਸਾਨੀ ਤੇ ਦਬਾਅ ਅਤੇ ਰੂਸ ਦੇ ਇਨਕਲਾਬ ਨੇ ਖਿਲਾਫਤ ਲਹਿਰ ਤੇਜ ਕਰ ਦਿੱਤੀ।1920 ਵਿੱਚ ਟਰੇਡ ਯੂਨੀਅਨ ਬਣ ਗਈ, ਕਿਰਤੀ ਸ਼੍ਰੇਣੀ ਇੱਕਮੁੱਠ ਹੋ ਗਈ, ਇਨਕਲਾਬ ਅਖ਼ਬਾਰ ਸ਼ੁਰੂ, ਯੂਨੀਅਨ ਪਾਰਟੀ ਦਾ ਗਠਨ, ਕਿਸਾਨ ਤੇ ਮਜ਼ਦੂਰ ਜਮਾਤ ਵਿੱਚ ਬੇਚੈਨੀ, ਕਮਿਊਨਿਸਟ ਪਾਰਟੀ ਦੀ ਸਥਾਪਨਾ ਵਿੱਚ ਪੰਜਾਬ ਦਾ ਯੋਗਦਾਨ ਗੌਲਣਯੋਗ ਸੀ। ਗਰਮ ਖਿਆਲੀ ਨੌਜਵਾਨਾਂ ਨੇ ਹਿੰਦੁਸਤਾਨ ਰਿਪਬਲਿਕਨ ਐਸੋਸ਼ੀਏਸ਼ਨ ਦੂਜੇ ਪਾਸੇ ਆਰ.ਐਸ.ਐਸ ਤੇ ਜਨ ਸੰਘ ਬਣ ਗਏ। ਇਸੇ ਸਮੇਂ ਜਾਤੀਵਾਦਕ ਸਰਗਰਮੀਆਂ ਸ਼ੁਰੂ ਹੋਈਆ, ਦਲਿਤਾਂ ਨੇ ਧਰਮ ਪ੍ਰਾਇਮਰੀ ਸਕੂਲ ਖੋਲ੍ਹਿਆ, ਖੱਬੀ ਲਹਿਰ ਲਈ ਇਹ ਚੁਣੌਤੀ ਸੀ। ਨੌਜਵਾਨ ਸਭਾ ਬਣੀ, ਜਿਸਦੇ ਪ੍ਰਧਾਨ ਗੁਰੂ ਦੱਤ ਤੇ ਭਗਤ ਸਿੰਘ ਜਨਰਲ ਸਕੱਤਰ ਬਣੇ। ਕਿਰਤੀ ਕਿਸਾਨ ਪਾਰਟੀ ਵੀ ਬਣ ਗਈ। ਪਰਜਾਮੰਡਲ ਦਾ ਮੁੱਢ 1927 ਵਿੱਚ ਬੱਝ ਗਿਆ। ਹਿੰਦੁਸਤਾਨ ਰਿਪਬਲਿਕਨ ਪਾਰਟੀ ਨੇ ਨਵਾਂ ਨਾਮ ਹਿੰਦੁਸਤਾਨ ਸ਼ੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਰੱਖ ਲਿਆ। ਸਾਈਮਨ ਕਮਿਸ਼ਨ ਦੇ ਵਿਰੋਧ ਕਰਦਿਆਂ ਲਾਲਾ ਲਾਜਪਤ ਰਾਏ ਦੀ ਬਾਅਦ ਵਿੱਚ ਮੌਤ ਹੋ ਗਈ। ਭਗਤ ਸਿੰਘ ਹੋਰਾਂ ਨੇ ਬਦਲਾ ਲੈਣ ਦੀ ਠਾਣ ਲਈ। ਕਾਂਗਰਸ ਨੇ ਡੋਮੀਨੀਅਨ ਰਾਜ ਦਾ ਦਰਜਾ ਦੇਣ ਦੀ ਮੰਗ ਰੱਖ ਦਿੱਤੀ। ਇੰਡਸਟਰੀਅਲ ਡਿਸਪਿਊਟ ਐਕਟ ਤੇ ਪਬਲਿਕ ਸੇਫਟੀ ਬਿਲ ਦੇ ਵਿਰੋਧ ਕਰਕੇ ਪੰਜਾਬ ਵਿੱਚੋਂ ਖੱਬੇ ਪੱਖੀਆਂ ਦੀਆਂ ਗ੍ਰਿਫ਼ਤਾਰੀਆਂ ਹੋਈਆਂ। ਕਾਂਗਰਸ 'ਤੇ ਖੱਬੇ ਪੱਖੀਆਂ ਦਾ ਦਬਾਅ ਵੱਧ ਗਿਆ। ਭਗਤ ਸਿੰਘ, ਰਾਜ ਗੁਰੂ ਤੇ ਸੁਖਦੇਵ ਨੂੰ ਫਾਂਸੀ ਦੇਣ ਨਾਲ ਸਿਆਸੀ ਹਾਲਤਾਂ ਵਿੱਚ ਪਰਿਵਰਤਨ ਆਇਆ। ਗੋਲਮੇਜ਼ ਕਾਨਫਰੰਸਾਂ ਦੀ ਰਾਜਨੀਤੀ ਸ਼ੁਰੂ ਹੋ ਗਈ। ਸਿਵਲ ਨਾ ਫੁਰਮਾਨੀ ਲਹਿਰ ਮੱਠੀ ਪੈ ਗਈ,7 ਅਪ੍ਰੈਲ 1934 ਨੂੰ ਵਾਪਸ ਲੈ ਲਈ। ਖੱਬੇ ਪੱਖੀ ਗਰੁਪ ਆਪੋ ਆਪਣੀ ਡਫਲੀ ਵਜਾ ਰਹੇ ਸਨ, ਕਮਿਊਨਿਸਟ ਪਾਰਟੀ ਦੀ ਪੰਜਾਬ ਇਕਾਈ ਦਾ ਗਠਨ ਹੋਇਆ। ਚੌਥੇ ਅਧਿਆਇ ਵਿੱਚ ਸਮਾਨਾਂਤਰ ਖੱਬੀ ਲਹਿਰ ਦੀ ਜਦੋਜਹਿਦ ਵਿੱਚ ਇਨਕਲਾਬ ਅਤੇ ਕਿਰਤੀ ਅਖ਼ਬਾਰ ਸ਼ੁਰੂ ਹੋਏ, ਮਜ਼ਦੂਰ ਯੂਨੀਅਨ ਗਠਿਤ, ਕਾਂਗਰਸ ਅਤੇ ਸੀ।ਪੀ।ਆਈ ਨੇ ਟਰੇਡ ਯੂਨੀਅਨ ਗਠਿਤ ਕੀਤੀਆਂ, ਜਲ੍ਹਿਆਂ ਵਾਲੇ ਬਾਗ ਦੀ ਘਟਨਾ ਨੇ ਰਾਸ਼ਟਰਵਾਦੀ ਉਭਾਰ ਪੈਦਾ ਕੀਤਾ ਤੇ ਨਾਮਿਲਵਰਤਨ ਲਹਿਰ ਰਾਹੀਂ ਸਵਦੇਸ਼ੀ ਦਾ ਪ੍ਰਚਾਰ ਆਰੰਭਿਆ। ਖਾਲਸਾ ਅਖ਼ਬਾਰ ਦਾ ਨਾਮ ਬਦਲਕੇ ਅਕਾਲੀ ਅਖ਼ਬਾਰ ਕੀਤਾ। ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਕੀਤੀ। ਅਕਾਲੀ ਦਲ ਦੀ ਨਰਮ ਨੀਤੀ ਕਰਕੇ ਬੱਬਰ ਅਕਾਲੀ ਹੋਂਦ ਵਿੱਚ ਆਏ, ਬੱਬਰ ਅਕਾਲੀ ਦੋਆਬਾ ਅਖ਼ਬਾਰ ਸ਼ੁਰੂ ਕੀਤਾ। ਬੱਬਰ ਅਕਾਲੀ ਸ਼ਾਜ਼ਿਸ ਕੇਸ ਵਿੱਚ ਫਾਂਸੀ ਤੇ ਹੋਰ ਸਜ਼ਾਵਾਂ ਹੋਈਆਂ। ਚੌਰਾ-ਚੌਰੀ ਦੀ ਘਟਨਾ ਤੋਂ ਬਾਅਦ ਗਾਂਧੀ ਨੇ ਨਾਮਿਲਵਰਤਨ ਲਹਿਰ ਬੰਦ ਕਰ ਦਿੱਤੀ।

ਇਨਕਲਾਬੀ ਕ੍ਰਾਂਤੀਕਾਰੀਆਂ ਤੇ ਸਰਕਾਰ ਨੇ ਸਿਕੰਜਾ ਕਸ ਦਿੱਤਾ। ਨੌਜਵਾਨ ਭਾਰਤ ਸਭਾ ਨੇ ਆਪਣੀ ਵਿਦਿਆਰਥੀਆਂ ਦੀ ਜਥੇਬੰਦੀ 1928 ਵਿੱਚ ਗਠਿਤ ਕੀਤੀ। ਜੇ।ਪੀ।ਸਾਂਡਰਸ ਦੀ ਹੱਤਿਆ, ਅਸੈਂਬਲੀ ਵਿੱਚ ਬੰਬ ਧਮਾਕਾ, ਵਾਇਸਰਾਏ ਦਾ ਡੱਬਾ ਲੰਘਣ ਤੋਂ ਬਾਅਦ ਧਮਾਕਾ, ਨੌਜਵਾਨ ਸਭਾ ਤੇ ਪਾਬੰਦੀ, ਭਗਤ ਸਿੰਘ ਸਮੇਤ ਨੌਜਵਾਨਾ ਦੀਆਂ ਗ੍ਰਿਫ਼ਤਾਰੀਆਂ ਅਤੇ ਭਗਤ ਸਿੰਘ ਰਾਜ ਗੁਰੂ ਤੇ ਸੁਖਦੇਵ ਨੂੰ ਫਾਂਸੀ ਦੀਆਂ ਸਜ਼ਾਵਾਂ ਹੋਈਆਂ। ਗਾਂਧੀ ਇਰਵਨ ਸਮਝੌਤਾ ਇੱਕ ਕਿਸਮ ਨਾਲ ਨੌਜਵਾਨਾ ਦੇ ਵਿਰੁੱਧ ਸੀ। ਫਾਂਸੀ ਦੇ ਵਿਰੁੱਧ ਸ਼ਰਧਾਂਜ਼ਲੀ ਸਮਾਗਮ ਅੱਚਰਵਾਲ 'ਦੇਸ਼ ਭਗਤ ਮੇਲੇ' ਦੇ ਨਾਂ 'ਤੇ ਕੀਤਾ। ਨੌਜਵਾਨ ਸਭਾ ਤੋਂ ਪਾਬੰਦੀ ਤਾਂ ਹਟਾ ਲਈ ਪ੍ਰੰਤੂ ਜਥੇਬੰਦੀਆਂ ਨੇਤਾਵਾਂ ਤੋਂ ਵਿਹੂਣੀਆਂ ਹੋ ਗਈਆਂ। ਕਿਰਤੀ ਤੇ ਨੌਜਵਾਨ ਇੱਕਮਤ ਹੋ ਗਏ। ਪੰਜਵਾਂ ਅਧਿਆਇ ਸੀ. ਪੀ. ਆਈ. ਪੰਜਾਬ ਦੇ ਗਠਨ ਤੋਂ ਲੋਕ ਯੁੱਧ ਦੀ ਨੀਤੀ ਦਾ ਸਫ਼ਰ ਸ਼ੁਰੂ ਹੋਇਆ। ਜੁਲਾਈ 1934 ਵਿੱਚ ਸਰਕਾਰ ਨੇ ਸੀ।ਪੀ।ਆਈ। ਤੇ ਪਾਬੰਦੀ ਲਾ ਦਿੱਤੀ। ਇਸ ਤੋਂ ਬਾਅਦ ਪਾਰਟੀ ਦੇ ਨੇਤਾਵਾਂ ਵਿੱਚ ਕਾਟੋਕਲੇਸ਼ ਜ਼ਾਰੀ ਰਿਹਾ। 'ਸੂਬਾਈ ਸਾਮਰਾਜ ਵਿਰੋਧੀ ਲੀਗ', 'ਸ਼ਹਿਨੀਅਤ ਵਿਰੋਧੀ ਲੀਗ', ਪੀਪਲਜ਼ ਆਰਮੀ ਅਤੇ ਹੋਰ ਕਈ ਯੂਨੀਅਨ ਕਾਇਮ ਹੋ ਗਈਆਂ। 1935 ਵਿੱਚ ਪਾਰਟੀ ਲਿਬਰਲ ਹੋ ਕੇ ਸਰਮਾਏਦਾਰ ਜਮਾਤਾਂ ਨਾਲ ਮਿਲਕੇ ਕੰਮ ਕਰਨ ਲੱਗ ਗਈ।

ਫਿਰ ਕਮਿਊਨਿਸਟਾਂ ਤੇ ਸ਼ੋਸ਼ਲਿਟਾਂ ਦਾ ਤਾਲ ਮੇਲ ਹੋ ਗਿਆ। 1937 ਦੀਆਂ ਚੋਣਾ ਕਿਰਤੀਆਂ ਤੇ ਕਮਿਊਨਿਸਟਾਂ ਨੇ ਕਾਂਗਰਸ ਵਿੱਚ ਰਹਿਕੇ ਦੇਸ਼ ਭਗਤ ਚੋਣ ਬੋਰਡ ਬਣਾਕੇ ਲੜੀਆਂ। ਯੂਨੀਅਨਿਸਟ ਪਾਰਟੀ ਦੀ ਸਰਕਾਰ ਬਣੀ। ਕਮਿਊਨਿਸਟ ਨਾਂ ਦਾ ਪੇਪਰ ਕੱਢਿਆ, ਕਾਂਗਰਸ ਵਿੱਚ ਸੁਭਾਸ਼ ਚੰਦਰ ਬੋਸ ਦਾ ਦਬਦਬਾ ਹੋ ਗਿਆ। ਦੂਜੀ ਸੰਸਾਰ ਜੰਗ ਦੇ ਵਿਰੋਧ ਵਜੋਂ ਹੜਤਾਲ ਵਿੱਚ 99000 ਮਜ਼ਦੂਰਾਂ ਨੇ ਭਾਗ ਲਿਆ। ਡਿਫ਼ੈਂਸ ਆਫ ਇੰਡੀਆ ਐਕਟ ਲਾਅ ਅਧੀਨ ਮਾਰਸ਼ਲ ਲਾਅ ਲਾਗੂ ਕਰਕੇ ਪਾਰਟੀ 'ਤੇ ਤਸ਼ੱਦਦ ਕੀਤਾ। ਖੱਬੇ ਪੱਖੀਆਂ ਦੇ ਜੇਲ੍ਹਾਂ ਵਿੱਚ ਹੋਣ ਕਰਕੇ ਫ਼ਿਰਕਾਪ੍ਰਸਤੀ ਵੱਧ ਗਈ। 1942 ਵਿੱਚ ਨੌਜਵਾਨਾਂ ਨੂੰ ਫ਼ੌਜ ਵਿੱਚ ਭਰਤੀ ਨਾ ਹੋਣ ਲਈ ਕਿਹਾ। ਕਿਰਤੀ ਕਿਸਾਨ ਪਾਰਟੀ ਨੇ ਆਪਣਾ ਸੰਘਰਸ਼ ਜ਼ਾਰੀ ਰੱਖਿਆ। ਕਾਂਗਰਸ ਨਾਲ ਰਲਕੇ ਕੰਮ ਕਰਦਿਆਂ ਵੀ ਕਿਰਤੀਆਂ 'ਤੇ ਸਖ਼ਤਾਈ ਰਹੀ। ਯੂਨੀਅਨਿਸਟ ਪਾਰਟੀ ਦੀ ਸਰਕਾਰ ਨੇ ਕਿਰਤੀਆਂ ਤੇ ਪ੍ਰਭਾਵ ਪਾ ਕੇ ਸਿਕੰਜਾ ਕਸਿਆ। ਫਿਰ ਕਿਰਤੀਆਂ ਨੇ ਮੇਰਠ ਮੁੱਖ ਦਫ਼ਤਰ ਬਣਾ ਲਿਆ। ਕਿਰਤੀ ਫ਼ਿਰਕਾਪ੍ਰਸਤੀ ਦੇ ਵਿਰੁੱਧ ਸਨ। ਯੁਗਪਲਟਾਊ ਦਲ ਦੀਆਂ ਸਰਗਰਮੀਆਂ ਤੋਂ ਸਰਕਾਰ ਦੁਖੀ ਸੀ, ਉਸਤੇ ਨਜ਼ਰ ਰੱਖ ਰਹੀ ਸੀ। ਛੇਵਾਂ ਅਧਿਆਇ ਵਿੱਚ ਕਿਰਤੀ ਕਮਿਊਨਿਸਟ ਏਕਤਾ ਦਾ ਦੌਰ ਵਿੱਚ ਦੋਹਾਂ ਪਾਰਟੀਆਂ ਵਿੱਚ ਬੜੀਆਂ ਮੀਟਿੰਗਾਂ ਤੇ ਜੱਦੋ-ਜਹਿਦ ਤੋਂ ਬਾਅਦ ਏਕਤਾ ਹੋਈ। ਕਾਂਗਰਸ ਨੇ ਭਾਰਤ ਛੱਡੋ ਅੰਦੋਲਨ ਚਲਾਇਆ ਤੇ 1942 ਵਿੱਚ ਹੀ ਕਰੋ ਜਾਂ ਮਰੋ ਦੇ ਮਤੇ ਤੇ ਪੁਜ ਗਈ। ਕਮਿਊਨਿਸਟ ਪਾਰਟੀ ਨੇ ਬਰਤਾਨਵੀ ਸਰਕਾਰ ਨੂੰ ਕਾਂਗਰਸ ਨੂੰ ਕੁਚਲਣ ਤੋਂ ਵਰਜਿਆ। ਸੀ।ਪੀ।ਆਈ।ਤੇ ਕਾਂਗਰਸ ਵਿੱਚ ਖਟਾਸ, ਖੱਬਿਆਂ ਲਈ ਦਿਕਤਾਂ ਰਹੀਆਂ। ਬੰਗਾਲ ਵਿੱਚ ਅਕਾਲ ਪਿਆ, ਸ਼ੁਭਾਸ਼ ਚੰਦਰ ਬੋਸ ਤੇ ਖੱਬੇ ਪੱਖੀਆਂ ਵਿੱਚ ਸਾਂਝ ਰਹੀ, ਪ੍ਰੰਤੂ ਫਾਰਵਰਡ ਬਲਾਕ ਵੀ ਬਣ ਗਿਆ। ਗਾਂਧੀ ਦੀ ਨਰਮ ਪਾਲਿਸੀ ਕਰਕੇ ਉਹ ਵੱਖਰਾ ਹੋ ਗਿਆ। ਸ਼ੁਭਾਸ਼ ਚੰਦਰ ਬੋਸ ਨੂੰ ਕਮਿਊਨਿਸਟਾਂ ਨੇ ਰੂਸ ਪਹੁੰਚਾਉਣ ਵਿੱਚ ਮਦਦ ਕੀਤੀ, ਜਦੋਂ ਜਰਮਨੀ ਤੇ ਰੂਸ ਵਿੱਚ ਉਹ ਸਫਲ ਨਾ ਹੋਇਆ ਤਾਂ ਆਜ਼ਾਦ ਹਿੰਦ ਫ਼ੌਜ ਬਣਾ ਲਈ ਤੇ ਭਾਰਤ ਆ ਕੇ ਰੂਪੋਸ਼ ਹੋ ਗਿਆ। ਸੱਤਵੇਂ ਅਧਿਆਇ ਬਸਤੀਵਾਦ ਤੋਂ ਛੁਟਕਾਰੇ ਦੇ ਆਖ਼ਰੀ ਵਰ੍ਹੇ ਵਿੱਚ ਦੇਸ਼ ਦੇ ਪਰਜਾਤੰਤਰ ਦੀ ਰੂਪ ਰੇਖਾ ਬਾਰੇ ਖੱਬੇ ਪੱਖੀਆਂ, ਕਾਂਗਰਸ ਅਤੇ ਮੁਸਲਮ ਲੀਗ ਵੱਲੋਂ ਦੱਸੇ ਗਏ ਵਿਚਾਰਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਗਾਂਧੀ ਵੱਲੋਂ ਜਿਨਾਹ ਨੂੰ ਮਿਲਣਾ ਤੇ ਕਾਇਦੇ ਆਜਮ ਕਹਿਣ ਨਾਲ ਜਿਨਾਹ ਦਾ ਰੁੱਖ ਬਦਲ ਗਿਆ ਤੇ ਉਸਦੇ ਦੇ ਅੜੀਅਲ ਰਵੱਈਏ ਕਰਕੇ ਦੇਸ਼ ਦੀ ਵੰਡ ਹੋਣ ਬਾਰੇ ਦੱਸਿਆ ਗਿਆ ਹੈ। ਡਾ. ਸਰਬਜੀਤ ਕੰਗਣੀਵਾਲ ਦੀ ਇਹ ਪੁਸਤਕ ਲਾਜਵਾਬ ਦੇਣ ਹੈ।

ਸੰਪਰਕ ਸਰਬਜੀਤ ਕੰਗਣੀਵਾਲ: 9780036118

# ਡਾ. ਜ਼ੋਰਾ ਸਿੰਘ ਨੇ ਵਿਗਿਆਨਕ ਵਿਚਾਰਾਂ ਅਤੇ ਸਿੱਖ ਵਿਰਾਸਤ ਨੂੰ ਉਜਾਗਰ ਕਰਨ ਵਾਲੀਆਂ ਕਿਤਾਬਾਂ ਲਾਂਚ ਕੀਤੀਆਂ

**ਮੰਡੀ ਗੋਬਿੰਦਗੜ੍ਹ-** ਦੇਸ਼ ਭਗਤ ਯੂਨੀਵਰਸਿਟੀ (ਡੀ.ਬੀ.ਯੂ.) ਦੇ ਚਾਂਸਲਰ ਡਾ. ਜ਼ੋਰਾ ਸਿੰਘ ਨੇ ਕੈਂਪਸ ਵਿੱਚ ਆਯੋਜਿਤ ਇੱਕ ਵਿਸ਼ੇਸ਼ ਲਾਂਚ ਸਮਾਗਮ ਵਿੱਚ ਡਾ. ਦਲਵਿੰਦਰ ਸਿੰਘ ਦੁਆਰਾ ਲਿਖੀਆਂ ਤਿੰਨ ਗਿਆਨ ਭਰਪੂਰ ਕਿਤਾਬਾਂ ਨੂੰ ਅਧਿਕਾਰਤ ਤੌਰ 'ਤੇ ਜਾਰੀ ਕੀਤਾ। ਸਿਰਲੇਖਾਂ ਵਿੱਚ ਭਵਿੱਖ ਵਿਗਿਆਨਕ ਵਾਤਾਵਰਣ, ਜਪਜੀ ਸਾਹਿਬ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਧਾਰ 'ਤੇ ਵਿਆਖਿਆ ਅਤੇ ਮੁਕਤਸਰ ਜ਼ਿਲੇ ਦੇ ਗੁਰਦੁਆਰੇ ਸ਼ਾਮਲ ਹਨ। ਇਸ ਸਮਾਗਮ ਵਿੱਚ ਫੈਕਲਟੀ ਮੈਂਬਰ, ਵਿਦਿਆਰਥੀ ਅਤੇ ਵਿਸ਼ੇਸ਼ ਮਹਿਮਾਨ ਡਾ। ਵਰਿੰਦਰ ਸਿੰਘ, ਚਾਂਸਲਰ ਦੇ ਸਲਾਹਕਾਰ ਸ਼ਾਮਲ ਹੋਏ।




ਇਹ ਕਿਤਾਬਾਂ ਡਾ. ਦਲਵਿੰਦਰ ਸਿੰਘ ਦੇ ਅਕਾਦਮਿਕ ਅਤੇ ਜਨਤਕ ਸੇਵਾ ਵਿੱਚ ਵਿਆਪਕ ਅਨੁਭਵ ਨੂੰ ਦਰਸਾਉਂਦੀਆਂ ਹਨ, ਵਿਗਿਆਨਕ ਦ੍ਰਿਸ਼ਟੀਕੋਣਾਂ ਨੂੰ ਅਮੀਰ ਧਾਰਮਿਕ ਅਤੇ ਸੱਭਿਆਚਾਰਕ ਸੂਝ ਨਾਲ ਮਿਲਾਉਂਦੀਆਂ ਹਨ। ਭਵਿੱਖ ਵਿਗਿਆਨਕ ਵਾਤਾਵਰਣ ਵਿਕਸਤ ਹੋ ਰਹੇ ਵਿਗਿਆਨਕ ਪੈਰਾਡਾਈਮਾਂ ਦੀ ਪੜਚੋਲ ਕਰਦਾ ਹੈ, ਜਦੋਂਕਿ ਜਪੁਜੀ ਸਾਹਿਬ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਧਾਰ 'ਤੇ ਵਿਆਖਿਆ ਸਿੱਖ ਧਰਮ ਦੇ ਗੁਰੂ ਗ੍ਰੰਥ ਸਾਹਿਬ ਦੀ ਡੂੰਘੀ ਵਿਆਖਿਆ ਪ੍ਰਦਾਨ ਕਰਦਾ ਹੈ। ਇਸੇ ਤਰ੍ਹਾਂ ਪੁਸਤਕ ਮੁਕਤਸਰ ਜ਼ਿਲੇ ਦੇ ਗੁਰਦੁਆਰੇ ਮੁਕਤਸਰ ਜ਼ਿਲ੍ਹੇ ਦੇ ਗੁਰਦੁਆਰਿਆਂ ਦੇ ਇਤਿਹਾਸਕ ਅਤੇ ਅਧਿਆਤਮਿਕ ਮਹੱਤਵ ਨੂੰ ਦਰਸਾਉਂਦੀ ਹੈ।

ਇਸ ਮੌਕੇ ਡਾ. ਜ਼ੋਰਾ ਸਿੰਘ ਨੇ ਕਿਹਾ ਕਿ ਇਹ ਕਿਤਾਬਾਂ ਇੱਕ ਨਿੱਜੀ ਅਤੇ ਪੇਸ਼ੇਵਰ ਯਾਤਰਾ ਹਨ। ਉਨ੍ਹਾਂ ਅੱਗੇ ਕਿਹਾ ਕਿ ਇਹ ਕਿਤਾਬਾਂ ਕੀਮਤੀ ਦ੍ਰਿਸ਼ਟੀਕੋਣ ਪੇਸ਼ ਕਰਦੀਆਂ ਹਨ ਅਤੇ ਵਿਦਿਆਰਥੀਆਂ, ਸਿੱਖਿਅਕਾਂ ਅਤੇ ਭਵਿੱਖ ਦੇ ਨੇਤਾਵਾਂ ਲਈ ਇੱਕ ਅਰਥਪੂਰਨ ਸਰੋਤ ਵਜੋਂ ਕੰਮ ਕਰਨਗੀਆਂ। ਦੇਸ਼ ਭਗਤ ਯੂਨੀਵਰਸਿਟੀ ਇਸ ਯੋਗਦਾਨ ਨੂੰ ਅਕਾਦਮਿਕ ਉੱਤਮਤਾ, ਸੱਭਿਆਚਾਰਕ ਸੰਭਾਲ ਅਤੇ ਅਧਿਆਤਮਿਕ ਗਿਆਨ ਪ੍ਰਤੀ ਆਪਣੀ ਵਚਨਬੱਧਤਾ ਦੇ ਪ੍ਰਮਾਣ ਵਜੋਂ ਮਨਾਉਂਦੀ ਹੈ।


'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

## ਬਰਸੀ 'ਤੇ ਵਿਸ਼ੇਸ਼

# ਬਿਆਨੀਆ ਕਵਿਤਾ ਦਾ ਮਹਾਨ ਸ਼ਾਇਰ- ਲਾਲਾ ਕਿਰਪਾ ਸਾਗਰ

ਵੀਹਵੀਂ ਸਦੀ ਦੇ ਆਰੰਭ ਵਿੱਚ ਪੰਜਾਬ, ਪੰਜਾਬੀ ਭਾਸ਼ਾ ਅਤੇ ਪੰਜਾਬੀਅਤ ਨੂੰ ਬਹੁਤ ਹੀ ਖ਼ੂਬਸੂਰਤ, ਵਿਲੱਖਣ ਅਤੇ ਭਾਵਪੂਰਤ ਢੰਗ ਨਾ.ਲ ਪੇਸ਼ ਕਰਨ ਵਾ.ਲੇ ਲਾਲਾ ਕਿਰਪਾ ਸਾਗਰ ਪੰਜਾਬੀ ਦੇ ਪ੍ਰਸਿੱਧ ਅਤੇ ਮਹਾਨ ਕਵੀ ਹੋਏ ਹਨ। ਉਨ੍ਹਾਂ ਨੇ ਆਪਣੀਆਂ ਰਚਨਾਵਾਂ ਵਿੱਚ ਪੰਜਾਬ ਦੀ ਧਰਤੀ ਉੱਤੇ ਕਲ-ਕਲ ਵਹਿੰਦੇ ਦਰਿਆਵਾਂ ਦੀ ਰਵਾਨੀ ਨੂੰ, ਅਸਮਾਨ ਨੂੰ ਚੁੰਮਦੀਆਂ ਪਹਾੜਾਂ ਦੀਆਂ ਉੱਚੀਆਂ ਸ਼ਿਖਰਾਂ ਨੂੰ, ਪਤਾਲ ਨਾਲੋਂ ਵੀ ਵੱਧ ਡੂੰਘੀਆਂ ਘਾਟੀਆਂ ਨੂੰ, ਹਰੇ-ਭਰੇ, ਪੱਧਰੇ ਅਤੇ ਵਿਸ਼ਾਲ ਮੈਦਾਨਾਂ ਨੂੰ, ਪੰਜਾਬੀਆਂ ਦੀ ਰਹਿਣੀ ਬਹਿਣੀ, ਰਸਮਾਂ, ਰੀਤਾਂ, ਰਿਵਾਜਾਂ ਨੂੰ ਬਹੁਤ ਹੀ ਖ਼ੂਬਸੂਰਤ, ਆਕਰਸ਼ਕ, ਉੱਘੜਵੇਂ ਅਤੇ ਕਲਾਤਮਕ ਢੰਗ ਨਾ.ਲ ਚਿੱਤਰਿਆ ਹੈ।

ਲਾਲਾ ਜੀ ਦਾ ਜਨਮ ਪਿੰਡ ਪਿਪਨਾਖਾ, ਜ਼ਿਲ੍ਹਾ ਗੁਜਰਾਂਵਾਲਾ (ਪਾਕਿਸਤਾਨ) ਵਿੱਚ ਲਾਲਾ ਮਈਆ ਦਾਸ ਦੇ ਘਰ 4 ਮਈ, 1875 ਈਸਵੀ ਵਿੱਚ ਹੋਇਆ। ਘਰ ਵਿੱਚ ਅਤਿ ਦੀ ਗ਼ਰੀਬੀ ਹੋਣ ਕਾਰਨ ਉਹ ਉੱਚ ਵਿੱਦਿਆ ਨਾ ਲੈ ਸਕੇ। ਪਰੰਤੂ ਫ਼ੇਰ ਵੀ ਆਰਥਿਕ ਤੰਗੀਆਂ ਤੁਰਸ਼ੀਆਂ ਨਾ.ਲ ਜੂਝਦਿਆਂ ਆਪਣੇ ਸਿਦਕ, ਸਿਰੜ ਅਤੇ ਲਗਨ ਸਦਕਾ ਉਨ੍ਹਾਂ ਨੇ ਐੱਫ।ਏ। ਦੀ ਡਿਗਰੀ ਹਾਸਲ ਕੀਤੀ। ਉਸ ਉਪਰੰਤ ਜਲਦੀ ਹੀ ਉਨ੍ਹਾਂ ਨੂੰ ਇੱਕ ਸਕੂਲ ਵਿੱਚ ਅਧਿਆਪਕ ਦੇ ਤੌਰ 'ਤੇ ਨਿਯੁਕਤ ਕਰ ਲਿਆ ਗਿਆ। ਪਰੰਤੂ ਕੁਝ ਸਮੇਂ ਬਾਅਦ ਅਧਿਆਪਕ ਦੀ ਨੌਕਰੀ ਛੱਡ ਕੇ ਉਹ ਪੱਤਰਕਾਰੀ ਦੇ ਪਿੜ ਵਿੱਚ ਆ ਗਏ। ਉਨ੍ਹਾਂ ਅੰਗਰੇਜ਼ੀ ਵਿੱਚ ਪ੍ਰਕਾਸ਼ਿਤ ਹੁੰਦੇ ਦੋ ਅਖ਼ਬਾਰਾਂ ਲਈ ਸੰਪਾਦਨਾ ਦਾ ਕਾਰਜ ਵੀ ਕੀਤਾ। ਫ਼ਿਰ ਉਨ੍ਹਾਂ ਪੰਜਾਬ ਯੂਨੀਵਰਸਿਟੀ ਲਾਹੌਰ ਵਿੱਚ ਕਲਰਕ ਦੀ ਨੌਕਰੀ ਕਰ ਲਈ। ਯੂਨੀਵਰਸਿਟੀ ਵਿੱਚੋਂ ਹੀ ਉਹ ਅਕਾਊਂਟੈਂਟ ਦੇ ਅਹੁਦੇ ਤੋਂ 1934 ਈਸਵੀ ਵਿੱਚ ਸੇਵਾਮੁਕਤ ਹੋਏ।


ਲਾਲਾ ਕਿਰਪਾ ਸਾਗਰ

ਕਵਿਤਾ ਰਚਣ ਦੀ ਲਗਨ ਉਨ੍ਹਾਂ ਨੂੰ ਸਕੂਲ ਪੜ੍ਹਦਿਆਂ ਹੀ ਲੱਗ ਗਈ ਸੀ। ਆਪ ਦੀਆਂ ਰਚੀਆਂ ਮੁੱਢਲੀਆਂ ਕਵਿਤਾਵਾਂ ਉਸ ਸਮੇਂ ਦੇ ਪ੍ਰਸਿੱਧ ਮਾਸਿਕ ਪੱਤਰ 'ਫੁਲਵਾੜੀ' ਵਿੱਚ ਛਪਦੀਆਂ ਰਹੀਆਂ ਹਨ। ਇਨ੍ਹਾਂ ਰਚਨਾਵਾਂ ਵਿੱਚ ਪੰਜਾਬ ਦੀ ਧਰਤੀ ਉੱਤੇ ਵਸਦੇ ਮਨੁੱਖਾਂ ਦੀਆਂ ਲੋੜਾਂ, ਥੁੜ੍ਹਾਂ, ਰੀਝਾਂ, ਚਾਵਾਂ, ਮਲ੍ਹਾਰਾਂ ਅਤੇ ਕੁਦਰਤ ਦੀ ਵਿਸ਼ਾਲਤਾ ਨੂੰ ਬਹੁਤ ਹੀ ਭਾਵਪੂਰਤ ਅਤੇ ਸਲਾਹੁਣਯੋਗ ਢੰਗ ਨਾ.ਲ ਪੇਸ਼ ਕੀਤਾ ਗਿਆ ਹੈ। ਕਵੀ ਨੇ ਆਪਣੀ ਕਵਿਤਾ 'ਮੇਰਾ ਦੇਸ਼ ਪੰਜਾਬ' ਵਿੱਚ ਪ੍ਰੇਮੀਆਂ ਦੇ ਪਿਆਰ ਦੇ ਗਵਾਹ ਕਲ-ਕਲ ਵਹਿੰਦੇ ਝਨਾਂ ਦਰਿਆ ਦਾ ਖ਼ੂਬਸੂਰਤ ਚਿੱਤਰਣ ਇੰਝ ਖਿੱਚਿਆ ਹੈ-

ਝਨਾਂ ਦਾ ਗੜਗੜ ਦਾ ਰੋੜ੍ਹ ਤਨ ਮਨ ਨੂੰ ਹਰਾ ਕਰਦਾ।<br>
ਤਰਾਵਤ ਦੇ ਕੇ ਜੀਵਨ ਨੂੰ, ਦਿਲਾਂ ਵਿੱਚ ਹੌਂਸਲਾ ਭਰਦਾ।<br>
ਲਗਨ ਵਿੱਚ ਮਗਨ ਪ੍ਰੀਤਮ ਦੀ, ਵਗੀ ਦਿਨ ਰਾਤ ਜਾਂਦਾ ਏ।<br>
ਚਲੋ ਮਿਲੀਏ! ਚਲੋ ਮਿਲੀਏ! ਸੁਨੇਹਾ ਪਿਆ ਸੁਣਾਂਦਾ ਏ।

ਲਾਲਾ ਕਿਰਪਾ ਸਾਗਰ ਨੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਜਨਮ ਨਾ.ਲ ਸੰਬੰਧਿਤ ਨਾਟਕ ਮਹਾਰਾਜਾ ਰਣਜੀਤ ਸਿੰਘ ਨਾਟਕ (ਭਾਗ ਪਹਿਲਾ) ਅਤੇ ਮਹਾਰਾਜਾ ਰਣਜੀਤ ਸਿੰਘ (ਭਾਗ ਦੂਜਾ) ਲਿਖ ਕੇ ਪੰਜਾਬੀ ਸਾਹਿਤ ਵਿੱਚ ਪਹਿਲੀ ਵਾਰੀ ਇਤਿਹਾਸਕ ਨਾਟਕ ਲਿਖਣ ਦੀ ਪਰੰਪਰਾ ਸ਼ੁਰੂ ਕੀਤੀ। ਇਸ ਉਪਰੰਤ ਉਨ੍ਹਾਂ ਨੇ ਪ੍ਰਸਿੱਧ ਅੰਗਰੇਜ਼ੀ ਲਿਖਾਰੀ ਸਰ ਵਾਲਟਰ ਸਕਾਟ (Sir Walter Scott) ਦੀ ਪ੍ਰਸਿੱਧ ਰਚਨਾ 'ਦੀ ਲੇਡੀ ਆਫ਼ ਦਾ ਲੇਕ' (The Lady Of The Lake) ਦਾ ਅਨੁਵਾਦ ਲਖ਼ਸ਼ਮੀ ਦੇਵੀ ਮਹਾਂ-ਕਾਵਿ ਦੇ ਰੂਪ ਵਿੱਚ ਕੀਤਾ ਹੈ। ਬੇਸ਼ੱਕ ਇਹ ਇੱਕ ਅਨੁਵਾਦਿਤ ਕ੍ਰਿਤ ਹੈ। ਪਰੰਤੂ ਕਵੀ ਨੇ ਆਪਣੇ ਗਿਆਨ ਦੀ ਵਿਦਵਤਾ, ਸ਼ਬਦ ਚੋਣ ਦੀ ਵਿਸ਼ਾਲਤਾ, ਪ੍ਰਕਿਰਤੀ ਦੇ ਸੁਹਜ, ਸੁਹੱਪਣ, ਸੁੰਦਰਤਾ ਅਤੇ ਯੌਵਨ ਨੂੰ ਇੰਨੇਂ ਆਕਰਸ਼ਕ ਅਤੇ ਦਿਲ ਟੁੰਬਵੇਂ ਸ਼ਬਦਾਂ ਵਿੱਚ ਬਿਆਨ ਕੀਤਾ ਹੈ ਕਿ ਇਹ ਪੰਜਾਬੀ ਦਾ ਮੌਲਿਕ ਮਹਾਂ-ਕਾਵਿ ਹੀ ਲੱਗਦਾ ਹੈ। ਉਸ ਸਮੇਂ ਲਖ਼ਸ਼ਮੀ ਦੇਵੀ ਮਹਾਂ-ਕਾਵਿ ਨੂੰ 'ਪੰਜਾਬ ਟੈਕਸਟ ਬੁੱਕ ਕਮੇਟੀ' ਵੱਲੋਂ ਨਕਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ ਸੀ।

ਲਖ਼ਸ਼ਮੀ ਦੇਵੀ ਪੰਜਾਬੀ ਭਾਸ਼ਾ ਵਿੱਚ ਲਿਖਿਆ ਪਹਿਲਾ ਮਹਾਂ-ਕਾਵਿ ਹੈ, ਜੋ ਵਿਸ਼ਾ, ਕਲਾ ਅਤੇ ਰੂਪਕ ਪੱਖ ਤੋਂ ਸਫ਼ਲ ਅਤੇ ਉੱਤਮ ਮਹਾਂ-ਕਾਵਿ ਮੰਨਿਆਂ ਗਿਆ ਹੈ। ਕਵੀ ਨੇ ਆਪਣੀ ਵਿਦਵਤਾ ਅਤੇ ਲਿਆਕਤ ਸਦਕਾ ਵਿਦੇਸ਼ੀ ਕਹਾਣੀ ਦੇ ਚੌਖਟੇ ਨੂੰ ਇਸ ਢੰਗ ਨਾ.ਲ ਢਾਲਿਆ ਹੈ ਕਿ ਪੰਜਾਬੀ ਪਾਠਕਾਂ ਨੂੰ ਇਹ ਕਹਾਣੀ ਪੰਜਾਬ ਦੀ ਧਰਤੀ ਉੱਤੇ ਵਾਪਰੀ ਆਪਣੀ ਕਹਾਣੀ ਜਾਪਦੀ ਹੈ। ਕਵੀ ਮੂਲ ਲੇਖਕ ਦੀ ਰਚਨਾ ਨੂੰ ਵਧੀਆ ਢੰਗ ਨਾ.ਲ ਪੇਸ਼ ਕਰਨ ਵਿੱਚ ਕੇਵਲ ਪੂਰੀ ਤਰ੍ਹਾਂ ਸਫ਼ਲ ਹੀ ਨਹੀਂ ਹੋਇਆ, ਸਗੋਂ ਉਸ ਨੇ ਰਚਨਾ ਵਿੱਚ ਪੰਜਾਬੀਆਂ ਦੇ ਮਨਾਂ ਵਿੱਚ ਠਾਠਾਂ ਮਾਰਦੇ ਦੇਸ਼ ਭਗਤੀ ਦੇ ਭਾਵ ਅਤੇ ਜਜ਼ਬੇ ਨੂੰ ਵੀ ਬਹੁਤ ਹੀ ਮਾਰਮਿਕ ਸ਼ਬਦਾਂ ਵਿੱਚ ਬਿਆਨ ਕੀਤਾ ਗਿਆ ਹੈ। ਸਾਰੇ ਬਿਰਤਾਂਤ ਵਿੱਚ ਕਹਾਣੀ ਨੂੰ ਇੰਝ ਗੁੰਦਿਆ ਅਤੇ ਸਜਾਇਆ ਗਿਆ ਹੈ ਕਿ ਪੰਜਾਬੀਆਂ ਦੀ ਚੜ੍ਹਤ ਥਾਂ-ਪਰ-ਥਾਂ ਦਿਖਾਈ ਦਿੰਦੀ ਹੈ।

ਇਸ ਮਹਾਂ-ਕਾਵਿ ਵਿੱਚ ਕਵੀ ਨੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਪਹਾੜੀ ਰਾਜਿਆਂ ਨਾ.ਲ ਹੋਈ ਟੱਕਰ ਨੂੰ ਬਹੁਤ ਹੀ ਖ਼ੂਬਸੂਰਤ ਅਤੇ ਜੋਸ਼ੀ.ਲੇ ਢੰਗ ਨਾ.ਲ ਪੇਸ਼ ਕੀਤਾ ਹੈ। ਬਿਰਤਾਂਤ ਸਿਰਜਦੇ ਸਮੇਂ ਸ਼ਿੰਗਾਰ ਰਸ, ਬੀਰ ਰਸ, ਕਰੁਣਾ ਰਸ, ਰੌਦਰ ਰਸ, ਅਦਭੁੱਤ ਰਸ, ਹਾਸ ਰਸ, ਸ਼ਾਂਤ ਰਸ, ਭਿਆਨਕ ਰਸ ਦੀ ਉਤਪਤੀ ਹੁੰਦੀ ਹੈ। ਕੁਦਰਤ ਦੀ ਵਿਸ਼ਾਲਤਾ, ਸੁੰਦਰਤਾ, ਸੁਹੱਪਣ ਅਤੇ ਸੁਹਜ ਨੂੰ ਚਿੱਤਰਦੇ ਸਮੇਂ ਕਵੀ ਕਮਾਲ ਦੇ ਉੱਚ ਪੱਧਰ 'ਤੇ ਪਹੁੰਚਦਾ ਹੈ। ਉਹ ਪਾਤਰਾਂ ਦੇ ਸੁਭਾਅ ਦਾ ਚਰਿੱਤਰ ਚਿੱਤਰਣ ਕਰਦੇ ਸਮੇਂ ਵੀ ਬੜੇ ਨਿਆਂ-ਯੁਕਤ ਅਤੇ ਤਰਕਸੰਗਤ ਢੰਗ ਦੀ ਵਰਤੋਂ ਕਰਦਾ ਹੈ। ਕਵੀ ਨੇ ਮਹਾਰਾਜਾ ਰਣਜੀਤ ਸਿੰਘ ਅਤੇ ਜੈਮਲ ਸਿੰਘ ਬੰਦਰਾਲ ਦੇ ਕਿਰਦਾਰਾਂ ਨੂੰ ਚਿੱਤਰਦੇ ਸਮੇਂ ਬਹੁਤ ਹੀ ਨਿਆਂ ਪੂਰਨ ਢੰਗ ਦੀ ਵਰਤੋਂ ਕੀਤੀ ਹੈ। ਕਵੀ ਨੇ ਆਪਣੇ ਮਹਾਂ-ਕਾਵਿ ਦਾ ਸਾਰਾ ਬਿਰਤਾਂਤ ਸਿਰਜਣ ਸਮੇਂ ਬੇਸ਼ੱਕ ਦੋਹਿਰੇ ਛੰਦ ਦੀ ਮੁੱਖ ਤੌਰ 'ਤੇ ਵਰਤੋਂ ਕੀਤੀ ਹੈ। ਪਰੰਤੂ ਫ਼ੇਰ ਵੀ ਕਈ ਥਾਂਵਾਂ ਉੱਤੇ ਬੈਂਤ ਛੰਦ, ਸਿਰਖੰਡੀ ਛੰਦ, ਕਬਿੱਤ ਛੰਦ, ਕੋਰੜਾ ਛੰਦ ਆਦਿ ਦੀ ਵਰਤੋਂ ਵੀ ਕੀਤੀ ਗਈ ਮਿਲਦੀ ਹੈ। ਬੋਲੀ ਬੜੀ ਠੇਠ, ਸਰਲ ਅਤੇ ਮੁਹਾਵਰੇਦਾਰ ਵਰਤੀ ਗਈ ਹੈ। ਪਰੰਤੂ ਫ਼ੇਰ ਵੀ ਕਾਵਿਕ ਤੁਕਾਂ ਵਿੱਚ ਲੈਅ ਪੈਦਾ ਕਰਨ ਲਈ ਕਵੀ ਨੇ ਆਪਣੀ ਵਿਦਵਤਾ ਅਨੁਸਾਰ ਸ਼ਬਦਾਂ ਦੀ ਭੰਨ-ਤੋੜ ਵੀ ਕਰ ਲਈ ਹੈ। ਇਸ ਪ੍ਰਕਾਰ ਕਵੀ ਨਵੇਂ ਸ਼ਬਦ ਸਿਰਜਣ ਵਿੱਚ ਵੀ ਬੜਾ ਅਹਿਮ ਰੋਲ ਨਿਭਾਉਂਦਾ ਹੈ।

ਲਖ਼ਸ਼ਮੀ ਦੇਵੀ ਮਹਾਂ-ਕਾਵਿ ਵਿੱਚ ਕਵੀ ਦੁਆਰਾ ਸਿਰਜੀ ਨਾਟਕੀ ਵਾਰਤਾਲਾਪ ਰਚਨਾ ਨੂੰ ਸਿਖ਼ਰ ਉੱਤੇ ਪਹੁੰਚਾ ਦਿੰਦੀ ਹੈ। ਖ਼ੂਬਸੂਰਤ ਕੁਦਰਤੀ ਨਜ਼ਾਰਿਆਂ ਨੂੰ ਬਿਆਨ ਕਰਨ ਸਮੇਂ ਕਵਿਤਾ ਆਪਣੇ ਪੂਰੇ ਯੌਵਨ ਅਤੇ ਨਿਖ਼ਾਰ ਵਿੱਚ ਉੱਘੜਦੀ ਹੈ। ਕਵੀ ਦੁਆਰਾ ਚਿੱਤਰੇ ਦ੍ਰਿਸ਼ ਚਿੱਤਰ ਅਤੇ ਨਾਦ ਚਿੱਤਰ ਉਸ ਦੀ ਰਚਨਾ ਨੂੰ ਹੋਰ ਵੀ ਪ੍ਰਭਾਵਸ਼ਾਲੀ ਅਤੇ ਸੁਆਦਲਾ ਬਣਾ ਦਿੰਦੇ ਹਨ। ਉਸ ਨੇ ਅਲੰਕਾਰਾਂ ਦੀ ਵਰਤੋਂ ਇੰਨੇਂ ਖ਼ੂਬਸੂਰਤ, ਢੁੱਕਵੇਂ ਅਤੇ ਫੱਬਵੇਂ ਢੰਗ ਨਾ.ਲ ਕੀਤੀ ਹੈ ਕਿ ਉਹ ਸ਼ਬਦਾਂ ਰਾਹੀਂ ਪੂਰੀ ਫ਼ਿਲਮ ਪਾਠਕਾਂ ਦੇ ਸਨਮੁੱਖ ਸਾਕਾਰ ਕਰ ਦਿੰਦਾ ਹੈ। ਕਵੀ ਨੇ ਉਪਮਾ ਅਲੰਕਾਰ, ਰੂਪਕ ਅਲੰਕਾਰ, ਦ੍ਰਿਸ਼ਟਾਂਤ ਅਲੰਕਾਰਾਂ ਦੀ ਵਰਤੋਂ ਬਹੁਤ ਹੀ ਸਲਾਹੁਣਯੋਗ ਢੰਗ ਨਾ.ਲ ਕੀਤੀ ਹੈ। ਉਸ ਨੇ ਇਸ ਮਹਾਂ-ਕਾਵਿ ਨੂੰ ਚਿੱਤਰਦਿਆਂ ਬਹੁਤ ਸਾਰੇ ਗ਼ੀਤ ਪੁਰਾਣੇ ਲੋਕ-ਗੀਤਾਂ ਦੀ ਤਰਜ ਉੱਤੇ ਥਾਂ-ਥਾਂ 'ਤੇ ਇਸ ਢੰਗ ਨਾ.ਲ ਜੜੇ ਹਨ, ਜਿਹੜੇ ਢੁੱਕਵੇਂ ਵਾਤਾਵਰਨ ਅਤੇ ਵਾਯੂਮੰਡਲ ਕਾਰਨ ਕਵੀ ਦੇ ਹੁਨਰ ਦੀ ਪ੍ਰਬੀਨਤਾ ਦੀ ਗਵਾਹੀ ਦਿੰਦੇ ਹਨ। ਉਸ ਦਾ ਬਿਆਨ ਬੜਾ ਸਾਦਾ ਪਰੰਤੂ ਬੜਾ ਜ਼ੋਰਦਾਰ ਹੈ। ਕਵੀ ਨੇ ਲਖ਼ਸ਼ਮੀ ਦੇਵੀ-ਮਹਾਂ ਕਾਵਿ ਵਿੱਚ ਬਹੁਤ ਥਾਂਵਾਂ ਉੱਤੇ ਔਰਤ ਦੀ ਸੁੰਦਰਤਾ, ਸੁਹਜ, ਸੁਹੱਪਣ ਅਤੇ ਯੌਵਨ ਦਾ ਵਿਖਿਆਨ ਕੀਤਾ ਹੈ। ਪਰੰਤੂ ਉਸ ਦੀ ਸਿਰਜਣਾ ਦੀ ਖ਼ੂਬਸੂਰਤੀ ਇਸ ਗੱਲ ਵਿੱਚ ਪਈ ਹੈ ਕਿ ਰੁਮਾਂਸ ਸਿਰਜਣ ਵੇਲੇ ਵੀ ਉਹ ਅਸ਼ਲੀਲਤਾ, ਨੰਗੇਜ਼ਵਾਦ ਤੋਂ ਦੂਰ ਖੜ੍ਹਾ ਰਹਿੰਦਾ ਹੈ। ਮਡੂਏ ਵਿੱਚ ਬੈਠੀ ਲਖ਼ਸ਼ਮੀ ਦੇਵੀ ਦਾ ਚਿੱਤਰਣ ਵੇਖਣਯੋਗ ਹੈ-

"ਉੱਡੀ ਚੱਪੇ ਲਾਂਦਿਆਂ, ਚੁੰਨੀ ਸਿਰੋਂ ਅਲੱਗ।<br>
ਪੂਰਨਿਮਾ ਦਾ ਚੰਨ ਜਿਉਂ ਚੜ੍ਹਿਆ ਵੇਖੇ ਜੱਗ।<br>
ਰਿਸ਼ਮਾਂ ਨਿੱਕਲਣ ਚੇਹਰਿਉਂ, ਮਾਤ ਹੋਇਆ ਕੋਹ ਤੂਰ।<br>
ਚੰਚਲ ਨੈਣ ਕਟਾਰੀਆਂ, ਫ਼ਿਰ ਵੀ ਸ਼ਰਮ ਹਜ਼ੂਰ।<br>
ਗੱਲ੍ਹਾਂ ਉੱਤੇ ਲਾਲੀਆਂ, ਜੀਕਰ ਸੇ ਕਸ਼ਮੀਰ।<br>
ਮੁੱਖੜਾ ਫੁੱਲ ਗੁਲਾਬ ਦਾ, ਕੂਲਾ ਚੁਸਤ ਸਰੀਰ।<br>
ਜਿਵੇਂ ਨਮੂਨਾ ਸੋਹਜ ਦਾ, ਬਿੱਧਮਾਤਾ ਨੇ ਆਪ।<br>
ਦੁਨੀਆਂ ਨੂੰ ਵਡਿਆਣ ਨੂੰ, ਘੜਿਆ ਮਨ ਵਿੱਚ ਥਾਪ।"

ਲਾਲਾ ਕਿਰਪਾ ਸਾਗਰ ਨੇ ਲਖ਼ਸ਼ਮੀ ਦੇਵੀ ਮਹਾਂ-ਕਾਵਿ ਵਿੱਚ ਭਾਵੇਂ ਸ਼ਿੰਗਾਰ ਰਸ, ਹਾਸ ਰਸ, ਸ਼ਾਂਤ ਰਸ, ਬੀਰ ਰਸ, ਰੌਦਰ ਰਸ, ਕਰੁਣਾ ਰਸ, ਅਦਭੁੱਤ ਰਸ, ਭਿਆਨਕ ਰਸ ਆਦਿ ਦੀ ਵਰਤੋਂ ਬੜੀ ਖ਼ੂਬਸੂਰਤੀ ਨਾ.ਲ ਕੀਤੀ ਗਈ ਹੈ। ਹਥਿਆਰ ਘਰ ਦੇ ਭੈਭੀਤ ਕਰਨ ਵਾ.ਲੇ ਦ੍ਰਿਸ਼ ਵਿੱਚ ਉਹ ਭਿਆਨਕ ਰਸ ਨੂੰ ਕਮਾਲ ਦੀ ਕਲਾਕਾਰੀ ਨਾ.ਲ ਪੇਸ਼ ਕਰਨ ਵਿੱਚ ਸਫ਼ਲ ਰਿਹਾ ਹੈ-

"ਕਿੱਧਰੇ ਢਾਲਾਂ ਟੰਗੀਆਂ, ਕਿੱਧਰੇ ਦੂਜੇ ਸਾਜ਼।<br>
ਪਈਆਂ ਨੇਜ਼ੇ ਬਰਛੀਆਂ, ਜਿਵੇਂ ਵਿਖਾਲਾ ਦਾਜ।<br>
ਕਿੱਧਰੇ ਬਿਗਲਾਂ ਟੰਗੀਆਂ, ਕਿੱਧਰੇ ਰੱਖੇ ਤੀਰ।<br>
ਕਿੱਧਰੇ ਗਈਆਂ ਕੁਹਾੜੀਆਂ, ਟੰਗ ਗਿਆ ਕੋਈ ਬੀਰ।<br>
ਕਿੱਧਰੇ ਨਿੱਕਲੇ ਸੂਰ ਦੇ, ਦੰਦ ਵਿਰਾਛਾਂ ਪਾੜ।<br>
ਕਿੱਧਰੇ ਜਾਪੇ ਟੱਡਿਆ, ਵੱਡਾ ਮੂੰਹ ਬਘਿਆੜ।<br>
ਬਾਘੜਬਿੱਲੇ ਕਿਸੇ ਜਾ, ਦਿੱਤੀ ਖੱਲ ਉਤਾਰ।<br>
ਕਿੱਧਰੇ ਚਮੜਾ ਸ਼ੇਰ ਦਾ, ਧਰਿਆ ਬਹੁਤ ਸੁਆਰ।<br>
ਬਾਰਾਂਸਿੰਗੇ ਇਕ ਜਾ, ਦਿੱਤਾ ਸੀਸ ਉਤਾਰ।<br>
ਚਿੱਤਰੇ ਬਿੱਟ ਬਿੱਟ ਤੱਕਦੇ, ਦਮ ਨਾ ਸਕਣ ਮਾਰ।"

ਲਖ਼ਸ਼ਮੀ ਦੇਵੀ ਤੋਂ ਇਲਾਵਾ ਲਾਲਾ ਕਿਰਪਾ ਸਾਗਰ ਜੀ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਦਾ ਇੱਕ ਹੋਰ ਕਾਵਿ-ਸੰਗ੍ਰਹਿ 'ਮਨ ਤਰੰਗ' 1927 ਈਸਵੀ ਵਿੱਚ ਪ੍ਰਕਾਸ਼ਿਤ ਹੋਇਆ ਸੀ। ਇਨ੍ਹਾਂ ਕਵਿਤਾਵਾਂ ਵਿੱਚ ਵੀ ਪੰਜਾਬ ਪਿਆਰ, ਕੁਦਰਤ ਪਿਆਰ, ਦੇਸ਼ ਪਿਆਰ ਦਾ ਜਜ਼ਬਾ ਕੁੱਟ ਕੁੱਟ ਕੇ ਭਰਿਆ ਪਿਆ ਹੈ। ਇਨ੍ਹਾਂ ਕਵਿਤਾਵਾਂ ਦੀ ਭਾਸ਼ਾ ਇੰਨੀਂ ਜ਼ਿਆਦਾ ਸਰਲ ਅਤੇ ਠੇਠ ਸੌਖੀ ਪੰਜਾਬੀ ਹੈ ਕਿ ਪਾਠਕਾਂ ਵਿੱਚ ਬਹੁਤ ਜ਼ਿਆਦਾ ਹਰਮਨ ਪਿਆਰੀਆਂ ਹੋਈਆਂ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਲਾਲਾ ਕਿਰਪਾ ਸਾਗਰ ਨੇ ਲਖ਼ਸ਼ਮੀ ਦੇਵੀ ਮਹਾਂ-ਕਾਵਿ ਅਤੇ ਹੋਰ ਕਵਿਤਾਵਾਂ ਵਿੱਚ ਕਾਵਿ ਗੁਣਾਂ ਨਾ.ਲ ਭਰਪੂਰ ਅਜਿਹਾ ਸਾਗਰ ਭਰ ਦਿੱਤਾ ਹੈ ਕਿ ਪੰਜਾਬੀ ਸਾਹਿਤ ਪ੍ਰੇਮੀ ਲਾਲਾ ਜੀ ਦੀ ਮਹਾਨ ਦੇਣ ਨੂੰ ਹਮੇਸ਼ਾ ਲਈ ਆਪਣੇ ਚੇਤਿਆਂ ਵਿੱਚ ਵਸਾਈ ਰੱਖਣਗੇ। ਬਿਆਨੀਆ ਕਵਿਤਾ ਦਾ ਇਹ ਮਹਾਨ ਸ਼ਾਇਰ 19 ਮਈ,1939 ਈਸਵੀ ਨੂੰ ਪੰਜਾਬੀ ਸਾਹਿਤ ਪ੍ਰੇਮੀਆਂ ਨੂੰ ਸਦਾ ਲਈ ਵਿਛੋੜਾ ਦੇ ਗਿਆ।



**ਡਾ. ਇਕਬਾਲ ਸਿੰਘ ਸਕਰੌਦੀ**
**84276-85020**

# ਮਿਹਨਤਾਂ ਅੱਗੇ ਮੰਜ਼ਿਲਾ ਘੱਟ ਜਾਂਦੀਆਂ ਹਨ- ਕਸਮੀਰ ਸਿੰਘ ਗਿੱਲ ਸੂਬੇਦਾਰ ਮੇਜਰ



**ਇੰਜੀ. ਸਤਨਾਮ ਸਿੰਘ ਮੱਟੂ**
**9779708257**

ਜਦੋਂ ਮਨ ਅੰਦਰ ਦੇਸ਼ ਸੇਵਾ ਦਾ ਜਨੂੰਨ ਉਤਪੰਨ ਹੁੰਦਾ ਹੈ ਤਾਂ ਲੱਖ ਨਿਰਾਰਥਕ ਸੁਝਾਅ ਵੀ ਉਹਦੇ ਮਨ ਦੀ ਦ੍ਰਿੜਤਾ ਨੂੰ ਕਮਜ਼ੋਰ ਨਹੀਂ ਪੈਣ ਦਿੰਦੇ, ਫਿਰ ਚਾਹੇ ਉਹ ਸਿਵਲ ਸਰਵਿਸਿਜ਼ ਹੋਣ ਜਾਂ ਮਿਲਟਰੀ ਸੇਵਾਵਾਂ। ਅਜਿਹੇ ਹੀ ਥਲ ਸੈਨਾ ਦੀ ਫਸਟ ਸਿਖਲਾਈ ਯੂਨਿਟ ਦੇ ਦ੍ਰਿੜਤ ਚਿੱਤ, ਨਿਡਰ ਅਤੇ ਬੇਖੌਫ ਅਫ਼ਸਰ ਸੂਬੇਦਾਰ ਮੇਜਰ ਦਾ ਨਾਮ ਹੈ-ਕਸਮੀਰ ਸਿੰਘ ਗਿੱਲ। ਭਾਰਤੀ ਫੌਜ ਦੀ ਫਸਟ-ਸਿਖਲਾਈ ਯੂਨਿਟ ਦੇ ਇਸ ਪੰਜਾਬੀ ਅਫ਼ਸਰ ਨੇ ਮਾਲਵੇ ਦੇ ਜ਼ਿਲ੍ਹਾ ਸੰਗਰੂਰ ਦੀ ਪੂਰਬੀ ਵੱਖੀ ਵਸੇ ਪਿੰਡ ਬੀਂਬੜ੍ਹ (ਨੇੜੇ ਭਵਾਨੀਗੜ੍ਹ) ਵਿਖੇ ਪਿਤਾ ਸ੍ਰ।ਮੇਵਾ ਸਿੰਘ ਅਤੇ ਮਾਤਾ ਸ੍ਰੀਮਤੀ ਸੁਰਜੀਤ ਕੌਰ ਦੇ ਘਰ 20 ਜੁਲਾਈ 1978 ਨੂੰ ਜਨਮ ਲਿਆ। ਮੁੱਢਲੀ ਪੜਾਈ ਪਿੰਡੋਂ ਅਤੇ ਦਸਵੀਂ ਸਰਕਾਰੀ ਸਕੂਲ ਬਾਲਦ ਕਲਾਂ ਤੋਂ ਕਰਨ ਉਪਰੰਤ ਦੇਸ਼ ਸੇਵਾ ਦੇ ਜਨੂੰਨ ਨੂੰ ਪੂਰਾ ਕਰਨ ਲਈ ਫੌਜ ਵਿੱਚ ਭਰਤੀ ਲਈ ਜਾ ਕੇ ਲਾਇਨ ਵਿੱਚ ਲੱਗ ਗਿਆ।ਕੱਦ ਕਾਠ ਤੋਂ ਪੂਰੇ ਅਤੇ ਪੜ੍ਹਾਈ ਚ ਹੁਸ਼ਿਆਰ ਹੋਣ ਕਾਰਣ ਸਾਰੇ ਸਰੀਰਕ ਟੈਸਟ ਅਤੇ ਲਿਖਤੀ ਪ੍ਰੀਖਿਆ ਪਾਸ ਕਰਨ ਦੀ ਪ੍ਰਕਿਰਿਆ 'ਚੋਂ ਲੰਘਣ ਉਪਰੰਤ ਫੌਜ ਦੇ ਟ੍ਰੇਨਿੰਗ ਸੈਂਟਰ ਫਤਿਹਗੜ੍ਹ,ਉੱਤਰ ਪ੍ਰਦੇਸ਼ ਵਿਖੇ ਟ੍ਰੇਨਿੰਗ ਪੂਰੀ ਕੀਤੀ। ਨਿਡਰਤਾ, ਜਜ਼ਬਾ, ਹੌਸਲਾ, ਮੁਸਤੈਦੀ, ਦਲੇਰੀ, ਦ੍ਰਿੜਤਾ, ਅਨੁਸ਼ਾਸਨ ਪ੍ਰਸਤ ਹੋਣ ਕਾਰਣ ਉੱਚ ਅਧਿਕਾਰੀਆਂ ਦੀ ਅੱਖ ਦਾ ਤਾਰਾ ਬਣ ਗੁਜ਼ਰਦਾ ਰਿਹਾ। ਟ੍ਰੇਨਿੰਗ ਤੋਂ ਬਾਅਦ ਉਸਦੀ ਪਹਿਲੀ ਪੋਸਟਿੰਗ ਜੰਮੂ ਕਸ਼ਮੀਰ ਵਿਖੇ ਪਾਕਿਸਤਾਨ ਬਾਰਡਰ ਤੇ ਪੁਣਛ, ਰਜੌਰੀ ਸੈਕਟਰ ਵਿੱਚ ਹੋ ਗਈ ਸੀ। ਪਹਿਲੀ ਡਿਊਟੀ ਸਾਹਮਣੇ ਪਾਕਿਸਤਾਨ ਦੀ ਫੌਜ ਜ਼ਿੰਦਗੀ ਦਾ ਪਲ ਪਲ ਮੌਤ ਦੇ ਸਾਏ ਅਤੇ ਰਾਇਫਲਾਂ ਦੀ ਛਾਂ ਹੇਠ ਗੁਜ਼ਰਦਾ।ਇਸ ਪ੍ਰਸਥਿਤੀ ਨੇ ਉਸਦੀ ਮੌਤ ਤੋਂ ਬੇਖੌਫੀ ਚ ਪ੍ਰਪੱਕਤਾ ਪ੍ਰਦਾਨ ਕੀਤੀ।



ਦੁਸ਼ਮਣ ਨੂੰ ਸਾਹਮਣੇ ਦੇਖ ਭਾਰਤ ਮਾਂ ਦੇ ਸਪੂਤ, ਪੰਜਾਬ ਪੰਜਾਬੀ ਅਤੇ ਪੰਜਾਬੀਅਤ ਦੇ ਇਸ ਸੂਰਬੀਰ ਯੋਧੇ ਨੇ ਕਦੇ ਆਪਣੀ ਡਿਊਟੀ ਨੂੰ ਪਿੱਠ ਨਹੀਂ ਵਿਖਾਈ, ਬਲਕਿ ਬਾਰਡਰ ਤੇ ਜੁਅਰਤ ਅਤੇ ਨਿਡਰਤਾ ਨਾਲ ਕਰਤੱਵ ਨਿਭਾਉਂਦਿਆਂ ਦੇਸ਼ ਦੀ ਰਾਖੀ ਕੀਤੀ ਅਤੇ ਇਹਨਾਂ ਸਤਰਾਂ ਦੀ ਕਸਵੱਟੀ ਤੇ ਪੂਰੇ ਉਤਰਨ ਦੀ ਕੋਸ਼ਿਸ਼ ਕੀਤੀ ;

ਮੱਚਦੀਆਂ ਅੱਗਾਂ ਉੱਪਰੋਂ ਦੀ ਲੰਘਦੇ,<br>
ਕਦੇ ਨਾ ਤੂਫ਼ਾਨਾਂ ਮੂਹਰੇ ਹਾਰ ਮੰਨਦੇ,<br>
ਬੱਸ ਜਿੱਥੇ ਇੱਕ ਵਾਰੀ ਹਿੱਕ ਠੋਕਤੀ<br>
ਫਿਰ ਨਹੀਂ ਝੁਕਦੇ<br>
ਖੜਜੇ ਪੰਜਾਬੀ ਜਿੱਥੇ ਪੈਰ ਗੱਡ ਕੇ<br>
ਨਾ ਫਿਰ ਪਿੱਛੇ ਪੁੱਟਦੇ...



ਇੱਕ ਸੰਖੇਪ ਮੁਲਾਕਾਤ ਦੌਰਾਨ ਉਸਨੇ ਦੱਸਿਆ ਕਿ ਟ੍ਰੇਨਿੰਗ ਤੋਂ ਬਾਅਦ ਉਸਦੀ ਜਿਆਦਾਤਰ ਡਿਊਟੀ ਬਾਰਡਰਾਂ ਤੇ ਰਹੀ ਹੈ, ਜੰਮੂ ਕਸ਼ਮੀਰ ਦੇ ਰਜੌਰੀ, ਪੁਣਛ, ਕਾਰਗਿਲ, ਲੇਹ ਲਦਾਖ਼, ਗੁਲਮਾਰਗ ਵਿਖੇ ਪਾਕਿਸਤਾਨੀ ਬਾਰਡਰ ਅਤੇ ਅਰੁਣਾਚਲ ਪ੍ਰਦੇਸ਼ ਦੇ ਮਨਚੂਕਾ ਵਿਖੇ ਚੀਨ ਬਾਰਡਰ ਤੇ ਚੁਣੌਤੀਪੂਰਨ ਭੂਗੋਲਿਕ ਪ੍ਰਸਥਿਤੀਆਂ ਦੀ ਚੁਣੌਤੀ ਨੂੰ ਕਬੂਲਦਿਆਂ ਪੂਰੀ ਤਨਦੇਹੀ ਨਾਲ ਡਿਊਟੀ ਨਿਭਾਈ ਹੈ।

ਮਿਸ਼ਨ ਕਾਰਗਿਲ ਵੇਲੇ ਉਹਨਾਂ ਦੀ ਪਲਟਨ ਉਸ ਲੜਾਈ ਦਾ ਹਿੱਸਾ ਰਹੀ ਹੈ।ਇਸ ਤੋਂ ਇਲਾਵਾ ਲਗਾਤਾਰ ਠੰਡੀ ਜੰਗ ਦਾ ਦੁੱਖ ਉਹਨਾਂ ਆਪਣੇ ਸਟੀਲ ਬਣੇ ਤਨ ਤੇ ਹੰਢਾਇਆ ਹੈ।ਬਰਫ਼ਾਨੀ ਤੂਫ਼ਾਨ,ਬਰਸਾਤ, ਹੜ੍ਹ, ਸੀਤ ਹਵਾਵਾਂ, ਮਨਫੀ ਤਾਪਮਾਨ, ਜੰਗਲੀ ਜਾਨਵਰਾਂ ਦਾ ਖੌਅ, ਦੁਸ਼ਮਣ ਦੀ ਗੋਲੀ ਦਾ ਸ਼ਿਕਾਰ ਹੋਣ ਡਰ, ਜ਼ਮੀਨੀ ਖਿਸਕਾਅ ਤੋਂ ਬਚਾਅ ਜਿਹੀਆਂ ਪ੍ਰਸਥਿਤੀਆਂ ਵਿਚ ਕਦੇ ਵੀ ਉਹਨਾਂ ਦੇ ਹੌਸਲੇ ਪਸਤ ਨਹੀਂ ਹੋਏ, ਸਗੋਂ ਹੋਰ ਤਾਕਤਵਰ ਹੋਕੇ ਨਿਕਲੇ ਹਨ। ਉਹਨਾਂ ਦਾ ਕਹਿਣਾ ਹੈ ਕਿ ਮਾਂ ਦੀਆਂ ਦੁਆਵਾਂ ਅਤੇ ਜੀਵਨ ਸਾਥਣ ਦੀਆਂ ਅਰਦਾਸਾਂ ਨੇ ਉਹਨੂੰ ਕਦੇ ਵੀ ਮਿਸ਼ਨ ਤੋਂ ਡੋਲਣ ਨਹੀਂ ਦਿੱਤਾ ਅਤੇ ਦੁਸ਼ਮਣ ਦੀਆਂ ਵਰਦੀਆਂ ਗੋਲੀਆਂ ਵਿੱਚੋਂ ਵੀ ਉਹ ਜੇਤੂ ਬਣ ਨਿਕਲਿਆ ਹੈ।ਇੱਕ ਵਾਰ ਤਾਂ ਪੂਰੀ ਟੁਕੜੀ ਵਿੱਚੋਂ ਉਹ ਇੱਕਲਾ ਹੀ ਬਚਿਆ ਸੀ। ਸੂਰਬੀਰਾਂ ਵਾਂਗੂੰ ਸ਼ਹੀਦੀਆਂ ਪ੍ਰਾਪਤ ਕਰਦੇ ਸਾਥੀਆਂ ਤੋਂ ਉਹਨੇ ਦਲੇਰੀ, ਹਿੰਮਤ, ਦ੍ਰਿੜਤਾ ਅਤੇ ਸੂਰਬੀਰਤਾ ਦਾ ਪਾਠ ਪੜਿਆ ਹੈ। ਉਹਨਾਂ ਨੂੰ ਗੀਤ ਦੀਆਂ ਇਹ ਸਤਰਾਂ ਬਹੁਤ ਉਤਸ਼ਾਹਿਤ ਕਰਦੀਆਂ ਸਨ;

71 ਅਤੇ ਕਾਰਗਿਲ ਵਿਚ ਪਾਕਿ ਵੀ ਸਵਾਦ ਚੱਖ ਦੇਖ ਗਿਆ,<br>
ਸਬਕ ਸਿਖਾਇਆ ਐਸਾ ਸਿੱਖ ਰੈਜੀਮੈਂਟ ਨੇ ਮੁੜ ਹੌਸਲਾ ਨੀ ਪਿਆ,<br>
16 ਸਿਖਲਾਈ ਭਾਰਤੀਆ ਫੌਜ਼ ਨੂੰ ਲਵੇ ਸਾਹ ਪੁੱਛ ਕੇ<br>
ਖੜਜੇ ਪੰਜਾਬੀ ਜਿੱਥੇ ਪੈਰ ਗੱਡ ਕੇ ਨਾ ਫਿਰ ਪਿੱਛੇ ਪੁੱਟਦੇ...


ਉਹਨੇ ਚੁਣੌਤੀਆਂ ਭਰਪੂਰ ਅਤੇ ਮੁਸ਼ਕਲਾਂ ਭਰੇ ਸਮੇਂ ਦੌਰਾਨ ਮਿਹਨਤ ਨਾਲ ਪੜਾਈ ਦਾ ਪੱਲਾ ਨਹੀਂ ਛੱਡਿਆ।ਵਿਭਾਗੀ ਪ੍ਰੀਖਿਆ ਦੇ ਟੈਸਟ ਪਾਸ ਕਰਕੇ ਸਿਪਾਹੀ, ਲੈਸ ਨਾਇਕ, ਨਾਇਕ, ਹੌਲਦਾਰ,ਨਾਇਬ ਸੂਬੇਦਾਰ, ਸੂਬੇਦਾਰ ਤੋਂ ਸੂਬੇਦਾਰ ਮੇਜਰ ਤੱਕ ਦਾ ਸਫ਼ਰ ਤੈਅ ਕੀਤਾ ਹੈ।ਉਹਦਾ ਕਹਿਣਾ ਹੈ ਕਿ ਸਿਪਾਹੀ ਭਰਤੀ ਹੋ ਕੇ ਸੂਬੇਦਾਰ ਮੇਜਰ ਪ੍ਰਮੋਸ਼ਨ ਲਈ ਫੌਜ਼ ਦਾ ਅੰਤਿਮ ਅਹੁਦਾ ਹੈ, ਅਗਰ ਅੱਗੇ ਵੀ ਜਾ ਸਕਦਾ ਹੁੰਦਾ ਤਾਂ ਮੈਂ ਪੜਾਈ ਕਰਕੇ ਜਾ ਸਕਣਾ ਸੀ।

ਉਹਨਾਂ ਦਾ ਕਹਿਣਾ ਹੈ ਕਿ ਪਰਿਵਾਰ ਤੋਂ ਦੂਰ ਰਹਿਣਾ ਬੇਸ਼ੱਕ ਬਹੁਤ ਹੀ ਮੁਸ਼ਕਿਲਾਂ ਭਰਿਆ ਜੀਵਨ ਹੁੰਦਾ ਹੈ, ਪਰ ਫੌਜ ਵਿੱਚ ਸਾਰੇ ਫੌਜੀ ਜਵਾਨ ਅਤੇ ਅਫਸਰ ਇੱਕ ਪਰਿਵਾਰ ਦੀ ਤਰ੍ਹਾਂ ਵਿਚਰਦੇ ਹਨ। ਮੁਸਤੈਦੀ ਅਤੇ ਅਨੁਸ਼ਾਸਨ ਫੌਜ ਦਾ ਮੂਲ ਆਧਾਰ ਹਨ।ਉਹਦੀ ਪਤਨੀ ਰਣਦੀਪ ਕੌਰ, ਬੇਟੀ ਰਮਨਦੀਪ ਕੌਰ ਅਤੇ ਬੇਟਾ ਹਰਦੀਪ ਸਿੰਘ ਹੁਣ ਤੱਕ ਉਹਦੇ ਸਾਥ ਤੋਂ ਵਿਰਵੇ ਰਹਿ ਕੇ ਵਿਚਰੇ ਹਨ। ਸਾਲ 2022 ਵਿੱਚ ਲੇਹ ਤੋਂ ਉਹਨੂੰ ਸੂਬੇਦਾਰ ਮੇਜਰ ਦੀ ਪ੍ਰੋਮੋਸ਼ਨ ਮਿਲੀ ਸੀ, ਉਪਰੰਤ ਉਸਨੂੰ ਬੰਬਈ ਵਿਖੇ ਪੀ ਐਸ ਐਮ ਟ੍ਰੇਨਿੰਗ ਤੇ ਲਗਾਇਆ ਗਿਆ ਸੀ, ਜਿੱਥੋਂ ਉਹ 31 ਮਈ ਨੂੰ 30 ਸਾਲ 8 ਮਹੀਨੇ 3 ਦਿਨ ਦੀ ਨੌਕਰੀ ਪੂਰੀ ਕਰਨ ਉਪਰੰਤ ਸਰਕਾਰੀ ਸੇਵਾਵਾਂ ਤੋਂ ਸੇਵਾ ਮੁਕਤ ਹੋ ਰਹੇ ਹਨ। ਉਹਨਾਂ ਦਾ ਕਹਿਣਾ ਹੈ ਕਿ

ਸੇਵਾ ਮੁਕਤ ਨਹੀਂ ਹੋਇਆ ਅਜੇ ਮੈਂ ਜ਼ਿੰਦਗੀ ਤੋਂ<br>
ਬਹੁਤ ਨਿਭਾਉਣੇ ਫਰਜ਼ ਅਜੇ ਪਏ ਬਾਕੀ ਨੇ,<br>
ਬੀਤੇ ਵਕਤ ਦੀਆਂ ਗਰਦਿਸ਼ ਭਰੀਆਂ ਨੇਰੀਆ ਦੇ<br>
ਰਾਹ ਖੜੇ ਅੜਿੱਕੇ ਅਜੇ ਕਈ ਬਾਕੀ ਨੇ

ਅਦਾਰਾ ਵੀ ਉਹਦੀ ਭਵਿੱਖ 'ਚ ਸਿਹਤਯਾਬੀ ਲਈ ਦੁਆ ਕਰਦਾ ਹੈ।

# ਜਸਬੀਰ ਸਿੰਘ ਧੀਮਾਨ ਦੀ ਕਵਿਤਾ ਨੂੰ ਪੜ੍ਹਦਿਆਂ




ਜਸਬੀਰ ਸਿੰਘ ਧੀਮਾਨ ਨਾਲ ਮੇਰੀ ਪਹਿਲੀ ਪਛਾਣ ਦਾ ਸਬੱਬ ਪਿਆਰਾ ਸਿੰਘ ਰਮਤਾ ਦੀ ਮਾਰਫਤ ਬਣਿਆ ਸੀ। ਵਿਦਿਆਰਥੀ ਜੀਵਨ ਦੇ ਊਰਜਾ ਭਰਭੂਰ ਵਰ੍ਹੇ ਸੀ ਤੇ ਅਸੀਂ, ਸਾਹਿਤਕ ਅਤੇ ਸਿਆਸੀ ਮੱਸ ਰੱਖਣ ਵਾਲੇ ਦੋਸਤਾਂ ਨੇ ਟਾਂਡਾ ਉੜਮੁੜ ਵਿੱਚ ਇੱਕ ਸਾਹਿਤ ਸਭਾ ਬਣਾਈ ਹੋਈ ਸੀ। ਪਿਆਰ ਸਿੰਘ ਰਮਤਾ ਇਸ ਸਭਾ ਦੇ ਪ੍ਰਧਾਨ ਸਨ। ਰਮਤਾ ਜੀ ਨੇ ਆਪਣੀ ਉਮਰ ਦੇ ਸਾਢੇ ਤਿੰਨ ਦਹਾਕੇ ਕੁਵੈਤ ਵਿੱਚ ਰਹਿ ਕੇ, ਰੋਜ਼ੀ-ਰੋਟੀ ਲਈ ਸੰਘਰਸ਼ ਕੀਤਾ ਸੀ। ਉਨ੍ਹਾਂ ਕੋਲ ਸਾਹਿਤਕ ਸੰਗਠਨਾਂ ਦੀ ਜਾਣਕਾਰੀ ਦਾ ਘੇਰਾ ਵੀ ਕੁਵੈਤ ਵਿੱਚ ਕਾਰਜਸ਼ੀਲ "ਪੰਜਾਬੀ ਅਦਬੀ ਸੰਗਤ" ਜਾਂ ਉੱਥੇ ਖਾੜੀ ਦੇਸ਼ਾਂ ਦੇ ਕਿਸੇ ਸਭਿਆਚਾਰ ਮੰਚ ਜਾਂ ਇਸੇ ਤਰ੍ਹਾਂ ਦੀ ਕਿਸੇ ਸੰਸਥ੍ਹਾਂ ਵਰਗਾ ਹੀ ਸੀ। ਇਸੇ ਕਰਕੇ ਉਹ ਆਪਣੀ ਸਾਹਿਤ ਸਭਾ ਦੀ ਤੁਲਨਾ ਕਰਦੇ ਹੋਏ ਅਕਸਰ ਹੀ ਪੰਜਾਬੀ "ਅਦਬੀ ਸੰਗਤ" ਦਾ ਹਵਾਲਾ ਦਿੰਦੇ ਅਤੇ ਕਿਸੇ ਉਤਸ਼ਾਹੀ ਨੌਜਵਾਨ ਸਾਹਿਤ ਕਰਮੀ ਦੀ ਤੁਲਨਾ ਜਸਬੀਰ ਧੀਮਾਨ ਨਾਲ ਕਰਦੇ ਸਨ। ਇਸੇ ਹੀ ਪਛਾਣ ਜਾਂ ਅਪਣੱਤ ਚੋਂ ਧੀਮਾਨ ਦਾ ਜੋ ਬਿੰਬ ਮੇਰੇ ਮਨ ਵਿੱਚ ਬਣਿਆ ਉਹ ਬਹੁਤ ਉਤਸ਼ਾਹ ਭਰਪੂਰ ਵੀ ਤੇ ਸਾਹਿਤਕ ਕਾਮੇ ਦਾ ਸੀ। ਰਮਤਾ ਜੀ ਦੀ ਕਵਿਤਾ ਉਨ੍ਹਾਂ ਦਿਨਾਂ ਵਿੱਚ ਪੂਰੇ ਜਲੌਅ ਤੇ ਸੀ ਅਤੇ ਉਸਨੂੰ ਅੰਮ੍ਰਿਤਾ ਪ੍ਰੀਤਮ ਦਾ ਥਾਪੜਾ ਵੀ ਹਾਸਲ ਸੀ। ਸੋ ਜਸਬੀਰ ਧੀਮਾਨ ਦਾ ਉਨ੍ਹਾਂ ਦੀ ਜ਼ੁਬਾਨ ਤੇ ਵਾਰ ਵਾਰ ਜ਼ਿਕਰ, ਉਸ ਕਵੀ ਨੂੰ ਸੁਣਨ ਅਤੇ ਜਾਨਣ ਦੀ ਉਤਸੁਕਤਾ ਪੈਦਾ ਕਰ ਰਿਹਾ ਸੀ। ਪਰ ਧੀਮਾਨ ਨੂੰ ਨਿੱਜੀ ਤੌਰ 'ਤੇ ਮਿਲਣ ਤੋਂ ਪਹਿਲਾ ਉਨ੍ਹਾਂ ਨਾਲ ਕਵਿਤਾ ਦੀ ਮਾਰਫਤ ਮੇਰੀ ਮੁਲਾਕਾਤ ਬਹੁਤ ਦਿਲਚਸਪ ਸੀ। ਇਹ ਕਵਿਤਾਵਾਂ ਪੜ੍ਹਦਿਆਂ ਜਿੱਥੇ ਮੈਂ ਪੰਜਾਬ ਦੇ ਧੁਆਂਖੇ ਗਏ ਤੇ ਗਵਾਚ ਰਹੇ ਸਾਵੇ ਹਰੇ ਨਕਸ਼ਾਂ ਦੇ ਰੁਦਨ ਨੂੰ ਦੇਖਿਆ ਸੀ ਉੱਥੇ ਪਰਵਾਸੀ ਕਾਮੇ ਦੀ ਵੇਦਨਾ ਦੇ ਰੂ-ਬਰੂ ਵੀ ਹੋਇਆ ਸੀ। ਘਰ, ਪਰਿਵਾਰ, ਦੇਸ਼ ਅਤੇ ਰੁਜ਼ਗਾਰ ਦੇ ਬਿੰਬ ਤਾਂ ਭਾਵੇ ਹਾਉਕਿਆਂ ਅਤੇ ਹੇਰਵਿਆਂ ਦੇ ਰੂਪ ਵਿੱਚ ਯੂਰਪ ਦੇ ਪੰਜਾਬੀ ਪ੍ਰਵਾਸੀ ਕਵੀਆਂ ਦੀ ਕਵਿਤਾ ਵਿੱਚ ਅਸੀਂ ਆਮ ਦੇਖਦੇ ਹਾਂ ਪਰ ਇੱਕ ਖਾਸ ਕਿਸਮ ਦੇ ਤਣਾਅ ਅਤੇ ਸਹਿਮ ਦੀ ਉਦਾਸ ਧੁਨ ਇਸ ਕਵਿਤਾ ਦੀ ਰੂਹ ਵਿੱਚ ਮੈਨੂੰ ਇੱਕ ਕਿੱਲ ਵਾਂਗ ਖੁੱਭੀ ਨਜ਼ਰ ਆਉਂਦੀ ਹੈ। ਇਸੇ ਪ੍ਰਸੰਗ ਤੇ ਚਰਚਾ ਕਰਦਿਆਂ ਡਾ. ਜਗਜੀਤ ਸਿੰਘ (ਮਰਹੂਮ) ਪੰਜਾਬ ਯੂਨੀਵਰਸਿਟੀ ਨੇ ਕਿਹਾ ਸੀ ਕਿ ਖਾੜੀ ਦੇਸ਼ਾਂ ਵਿੱਚ ਰਹਿ ਕੇ ਸਾਹਿਤ ਕਾਰਜਾਂ ਵਿੱਚ ਰੁੱਝੇ ਇਹ ਸਾਹਿਤਕ ਕਾਮੇ ਸਿਰਫ ਭੂਗੋਲਿਕ ਅਤੇ ਸਭਿਆਚਾਰਕ ਪਛਾਣ ਨੂੰ ਲੈ ਕੇ ਹੀ ਵੱਖਰੇ ਹੀਂ ਹਨ ਸਗੋਂ ਕਈ ਭਾਵਨਾਤਮਕ ਅਤੇ ਖੇਤਰੀ ਸਭਿਆਚਾਰਕ ਤੱਤ ਅਜਿਹੇ ਹਨ ਜਿਨ੍ਹਾਂ ਨੂੰ ਆਧਾਰ ਬਣਾ ਕੇ ਖਾੜੀ ਦੇਸ਼ਾਂ ਦੀ ਪੰਜਾਬੀ ਕਵਿਤਾ ਦੇ ਪਛਾਣ ਚਿਨ੍ਹਾਂ ਦੀ ਸ਼ਨਾਖਤ ਕੀਤੀ ਜਾ ਸਕਦੀ ਹੈ। ਡਾ. ਜਗਜੀਤ ਸਿੰਘ ਦੇ ਇਨ੍ਹਾਂ ਬੋਲਾਂ ਦੀ ਲੱਜ ਪਾਲਦਿਆਂ ਕਿਸੇ ਹੋਰ ਯੂਨੀਵਰਸਿਟੀ ਨੇ ਤਾਂ ਸ਼ਾਇਦ ਇਸ ਖਿੱਤੇ ਦੀ ਕਵਿਤਾ ਨੂੰ ਆਪਣੀ ਖੋਜ ਦਾ ਹਿੱਸਾ ਬਣਾਇਆ ਹੈ ਜਾਂ ਨਹੀਂ, ਮੈਨੂੰ ਜਾਣਕਾਰੀ ਨਹੀਂ ਹੈ, ਪਰ ਕੁਰੂਕਸ਼ੇਤਰ ਯੂਨੀਵਰਸਿਟੀ ਵਿੱਚ ਪ੍ਰੋ. ਕਰਮਜੀਤ ਸਿੰਘ ਨੇ ਜ਼ਰੂਰ ਇਸ ਪਾਸੇ ਪਹਿਲ-ਕਦਮੀ ਕਰਦੇ ਹੋਏ ਧੀਮਾਨ ਦੀ ਕਵਿਤਾ ਨੂੰ ਆਪਣੇ ਵਿਦਿਆਰਥੀ ਕੁਲਦੀਪ ਸਿੰਘ ਤੋਂ ਖੋਜ ਕਾਰਜ ਜ਼ਰੂਰ ਕਰਵਾਇਆ ਹੈ।

ਧੀਮਾਨ ਦੀ ਕਵਿਤਾ ਉੱਤੇ ਪੰਛੀ ਝਾਤ ਮਾਰਦਿਆਂ ਜੇ ਉਸਦੀ ਕਵਿਤਾ ਦਾ ਆਰੰਭ ਬਿੰਦੂ ਤਲਾਸ਼ਣਾ ਹੋਵੇ ਤਾਂ ਅਸੀਂ ਦੇਖ ਸਕਦੇ ਹਾਂ ਕਿ ਉਸਦੀ ਕਵਿਤਾ ਦਾ ਖ਼ਮੀਰ ਉਸ ਪੜਾਅ 'ਚ ਉਦੈ ਹੁੰਦਾ ਹੈ ਜਦੋਂ ਪੰਜਾਬੀ ਸਾਹਿਤ ਅਤੇ ਖ਼ਾਸ ਕਰਕੇ ਕਵਿਤਾ ਦੇ ਚਿੱਤਰਪੱਟ ਉੱਤੇ ਪ੍ਰਗਤੀਵਾਦੀ ਅਤੇ ਪ੍ਰਯੋਗਸ਼ੀਲ ਲਹਿਰਾਂ ਤਿੱਖੇ ਸੰਵਾਦ ਵਿਚ ਸਨ। ਰਾਜਨੀਤਕ ਲਹਿਰ 'ਚ ਪ੍ਰਭਾਵਸ਼ਾਲੀ ਲਹਿਰ ਦੇ ਰੂਪ 'ਚ ਵਿਸਫੋਟ ਵਾਂਗ ਫੁੱਟਦੀ ਨਕਸਲਬਾੜੀ ਲਹਿਰ ਦੇ ਪ੍ਰਭਾਵ 'ਚੋਂ ਨਿਕਲਦੀ ਕਵਿਤਾ ਦੀ ਜੁਝਾਰੂ ਪ੍ਰਵਿਰਤੀ ਨੇ ਅਜੇ ਆਪਣਾ ਰਾਹ ਰਸਤਾ ਤਲਾਸ਼ਣਾ ਸੀ। ਪਰ ਉਸਦੀ ਪੈੜ-ਚਾਲ ਸਾਹਿਤਕ ਹਲਕਿਆਂ 'ਚ ਦਸਤਕ ਦੇ ਰਹੀ ਹੈ।

ਆਪਣੀ ਕਵਿਤਾ ਵਿੱਚ ਧੀਮਾਨ ਇਸ ਸਾਰੇ ਵਰਤਾਰੇ ਨੂੰ ਇਕ ਮਹੀਨ ਨਜ਼ਰ ਨਾਲ ਦੇਖਦਾ ਹੈ। ਬਿਹਤਰ ਜ਼ਿੰਦਗੀ ਦੇ ਮਸਲਿਆਂ ਨਾਲ ਉਲਝਦਾ ਉਹ ਆਪਣੀ ਸਿਰਜਣਾ ਲਈ ਰੂਪਾਕਾਰ ਵੀ ਤਲਾਸ਼ਦਾ ਹੈ। ਸਮਕਾਲ ਵਿਚ ਵਾਪਰ ਰਹੇ ਸਾਹਿਤਕ ਵਿਸਫੋਟ ਦਾ ਉਸ 'ਤੇ ਪ੍ਰਭਾਵ ਤਾਂ ਜ਼ਰੂਰ ਪੈਂਦਾ ਹੈ ਪਰ ਉਹ ਕਿਸੇ ਲਹਿਰ ਦੇ ਅਧੀਨ ਹੋ ਕੇ ਸਿਰਜਣਾ ਨਹੀਂ ਕਰਦਾ। ਕਵਿਤਾ ਦੇ ਮੁੱਢਲੇ ਦੌਰ 'ਚ ਉਸਦੀਆਂ ਕਵਿਤਾਵਾਂ ਦਾ ਵਸਤੂ-ਜਗਤ ਭਾਵੇਂ ਉਸਦੇ ਨਿੱਜੀ ਅਨੁਭਵ ਦਾ ਇਕਹਿਰਾ ਤੱਤ ਸਾਰ ਹੀ ਹੈ ਪਰ ਸਮਾਜਿਕ ਸਰੋਕਾਰਾਂ ਪ੍ਰਤੀ ਉਸਦੀ ਸੋਝੀ ਦੇ ਝਲਕਾਰੇ ਉਸਦੀ ਕਵਿਤਾ 'ਚੋਂ ਥਾਂ-ਥਾਂ ਮਿਲਦੇ ਹਨ। ਤੱਤਕਾਲੀ ਪ੍ਰਸਥਿਤੀਆਂ ਦੇ ਮੁਕੰਮਲ ਹਵਾਲਿਆਂ ਦੀ ਝਲਕ ਉਸਦੀ ਪਲੇਠੀ ਕਾਵਿ ਪੁਸਤਕ 'ਦਿਨ ਵੇਲੇ ਦੀ ਬਾਤ' ਵਿਚ ਮਿਲਦੀ ਹੈ। ਪੰਜਾਬ ਸੰਕਟ ਦੇ ਦੌਰ ਵਿਚ ਛਪੀ ਇਹ ਪੁਸਤਕ ਜਿੱਥੇ ਧਰਮ ਅਤੇ ਰਾਜ ਸਤਹ ਦੇ ਦੰਭੀ ਕਿਰਦਾਰ ਨੂੰ ਉਘਾੜਦੀ ਹੈ ਉੱਥੇ ਪਰਿਵਾਰ ਅਤੇ ਪ੍ਰਦੇਸ ਦੇ ਦਰਦ ਦਾ ਤਰਜ਼ਮਾ ਵੀ ਕਰਦੀ ਹੈ। ਸਿਰਜਣਾ ਦੇ ਇਸ ਪੜਾਅ ਤੇ ਧੀਮਾਨ ਆਪਣੇ ਆਲੇ ਦੁਆਲੇ ਨੂੰ ਜਾਨਣ, ਸਮਝਣ ਦੀ ਭਰਪੂਰ ਕੋਸ਼ਿਸ਼ ਕਰਦਾ ਨਜ਼ਰ ਆਉਂਦਾ। ਉਹ ਆਪਣੀ ਸਮਾਜਿਕ ਭੂਮਿਕਾ ਨੂੰ ਵੀ ਪਛਾਣਦਾ ਹੈ। ਇਸੇ ਪਛਾਣ 'ਚੋਂ ਹੀ ਧੀਮਾਨ ਦੀ ਕਵਿਤਾ 'ਚੋਂ ਅਣਗੌਲੇ ਕੀਤੇ ਗਏ ਆਮ ਲੋਕਾਂ ਦੇ ਘਸਮੈਲੇ ਨਕਸ਼ ਵੀ ਉੱਭਰਦੇ ਹਨ ਅਤੇ ਨਾਲ ਹੀ ਰਾਜ ਸਤਹ ਦੇ ਕਾਮੇ ਸਿਰਫ ਭੂਗੋਲਿਕ ਅਤੇ ਸਭਿਆਚਾਰਕ ਪਛਾਣ ਨੂੰ ਲੈ ਕੇ ਹੀ ਵੱਖਰੇ ਨਹੀਂ ਹਨ ਸਗੋਂ ਕਈ ਭਾਵਨਾਤਮਕ ਅਤੇ ਖੇਤਰੀ ਸਭਿਆਚਾਰਕ ਤੱਤ ਅਜਿਹੇ ਹਨ ਜਿਨ੍ਹਾਂ ਨੂੰ ਆਧਾਰ ਬਣਾ ਕੇ ਖਾੜੀ ਦੇਸ਼ਾਂ ਦੀ ਪੰਜਾਬੀ ਕਵਿਤਾ ਦੇ ਪਛਾਣ ਚਿਨ੍ਹਾਂ ਦੀ ਸ਼ਨਾਖਤ ਕੀਤੀ ਜਾ ਸਕਦੀ ਹੈ। ਡਾ. ਜਗਜੀਤ ਸਿੰਘ ਦੇ ਇਨ੍ਹਾਂ ਬੋਲਾਂ ਦੀ ਲੱਜ ਪਾਲਦਿਆਂ ਕਿਸੇ ਹੋਰ ਯੂਨੀਵਰਸਿਟੀ ਨੇ ਤਾਂ ਸ਼ਾਇਦ ਇਸ ਖਿੱਤੇ ਦੀ ਕਵਿਤਾ ਨੂੰ ਆਪਣੀ ਖੋਜ ਦਾ ਹਿੱਸਾ ਬਣਾਇਆ ਹੈ ਜਾਂ ਨਹੀਂ, ਮੈਨੂੰ ਜਾਣਕਾਰੀ ਨਹੀਂ ਹੈ, ਪਰ ਕੁਰੂਕਸ਼ੇਤਰ ਯੂਨੀਵਰਸਿਟੀ ਵਿੱਚ ਪ੍ਰੋ. ਕਰਮਜੀਤ ਸਿੰਘ ਨੇ ਜ਼ਰੂਰ ਇਸ ਪਾਸੇ ਪਹਿਲ-ਕਦਮੀ ਕਰਦੇ ਹੋਏ ਧੀਮਾਨ ਦੀ ਕਵਿਤਾ ਨੂੰ ਆਪਣੇ ਵਿਦਿਆਰਥੀ ਕੁਲਦੀਪ ਸਿੰਘ ਤੋਂ ਖੋਜ ਕਾਰਜ ਜ਼ਰੂਰ ਕਰਵਾਇਆ ਹੈ।

ਧੀਮਾਨ ਦੀ ਕਵਿਤਾ ਉੱਤੇ ਪੰਛੀ ਝਾਤ ਮਾਰਦਿਆਂ ਜੇ ਉਸਦੀ ਕਵਿਤਾ ਦਾ ਆਰੰਭ ਬਿੰਦੂ ਤਲਾਸ਼ਣਾ ਹੋਵੇ ਤਾਂ ਅਸੀਂ ਦੇਖ ਸਕਦੇ ਹਾਂ ਕਿ ਉਸਦੀ ਕਵਿਤਾ ਦਾ ਖ਼ਮੀਰ ਉਸ ਪੜਾਅ 'ਚ ਉਦੈ ਹੁੰਦਾ ਹੈ ਜਦੋਂ ਪੰਜਾਬੀ ਸਾਹਿਤ ਅਤੇ ਖ਼ਾਸ ਕਰਕੇ ਕਵਿਤਾ ਦੇ ਚਿੱਤਰਪੱਟ ਉੱਤੇ ਪ੍ਰਗਤੀਵਾਦੀ ਅਤੇ ਪ੍ਰਯੋਗਸ਼ੀਲ ਲਹਿਰਾਂ ਤਿੱਖੇ ਸੰਵਾਦ ਵਿਚ ਸਨ। ਰਾਜਨੀਤਕ ਲਹਿਰ 'ਚ ਪ੍ਰਭਾਵਸ਼ਾਲੀ ਲਹਿਰ ਦੇ ਰੂਪ 'ਚ ਵਿਸਫੋਟ ਵਾਂਗ ਫੁੱਟਦੀ ਨਕਸਲਬਾੜੀ ਲਹਿਰ ਦੇ ਪ੍ਰਭਾਵ 'ਚੋਂ ਨਿਕਲਦੀ ਕਵਿਤਾ ਦੀ ਜੁਝਾਰੂ ਪ੍ਰਵਿਰਤੀ ਨੇ ਅਜੇ ਆਪਣਾ ਰਾਹ ਰਸਤਾ ਤਲਾਸ਼ਣਾ ਸੀ। ਪਰ ਉਸਦੀ ਪੈੜ-ਚਾਲ ਸਾਹਿਤਕ ਹਲਕਿਆਂ 'ਚ ਦਸਤਕ ਦੇ ਰਹੀ ਹੈ।

ਆਪਣੀ ਕਵਿਤਾ ਵਿੱਚ ਧੀਮਾਨ ਇਸ ਸਾਰੇ ਵਰਤਾਰੇ ਨੂੰ ਇਕ ਮਹੀਨ ਨਜ਼ਰ ਨਾਲ ਦੇਖਦਾ ਹੈ। ਬਿਹਤਰ ਜ਼ਿੰਦਗੀ ਦੇ ਮਸਲਿਆਂ ਨਾਲ ਉਲਝਦਾ ਉਹ ਆਪਣੀ ਸਿਰਜਣਾ ਲਈ ਰੂਪਾਕਾਰ ਵੀ ਤਲਾਸ਼ਦਾ ਹੈ। ਸਮਕਾਲ ਵਿਚ ਵਾਪਰ ਰਹੇ ਸਾਹਿਤਕ ਵਿਸਫੋਟ ਦਾ ਉਸ 'ਤੇ ਪ੍ਰਭਾਵ ਤਾਂ ਜ਼ਰੂਰ ਪੈਂਦਾ ਹੈ ਪਰ ਉਹ ਕਿਸੇ ਲਹਿਰ ਦੇ ਅਧੀਨ ਹੋ ਕੇ ਸਿਰਜਣਾ ਨਹੀਂ ਕਰਦਾ। ਕਵਿਤਾ ਦੇ ਮੁੱਢਲੇ ਦੌਰ 'ਚ ਉਸਦੀਆਂ ਕਵਿਤਾਵਾਂ ਦਾ ਵਸਤੂ-ਜਗਤ ਭਾਵੇਂ ਉਸਦੇ ਨਿੱਜੀ ਅਨੁਭਵ ਦਾ ਇਕਹਿਰਾ ਤੱਤ ਸਾਰ ਹੀ ਹੈ ਪਰ ਸਮਾਜਿਕ ਸਰੋਕਾਰਾਂ ਪ੍ਰਤੀ ਉਸਦੀ ਸੋਝੀ ਦੇ ਝਲਕਾਰੇ ਉਸਦੀ ਕਵਿਤਾ 'ਚੋਂ ਥਾਂ-ਥਾਂ ਮਿਲਦੇ ਹਨ। ਤੱਤਕਾਲੀ ਪ੍ਰਸਥਿਤੀਆਂ ਦੇ ਮੁਕੰਮਲ ਹਵਾਲਿਆਂ ਦੀ ਝਲਕ ਉਸਦੀ ਪਲੇਠੀ ਕਾਵਿ ਪੁਸਤਕ 'ਦਿਨ ਵੇਲੇ ਦੀ ਬਾਤ' ਵਿਚ ਮਿਲਦੀ ਹੈ। ਪੰਜਾਬ ਸੰਕਟ ਦੇ ਦੌਰ ਵਿਚ ਛਪੀ ਇਹ ਪੁਸਤਕ ਜਿੱਥੇ ਧਰਮ ਅਤੇ ਰਾਜ ਸਤਹ ਦੇ ਦੰਭੀ ਕਿਰਦਾਰ ਨੂੰ ਉਘਾੜਦੀ ਹੈ ਉੱਥੇ ਪਰਿਵਾਰ ਅਤੇ ਪ੍ਰਦੇਸ ਦੇ ਦਰਦ ਦਾ ਤਰਜ਼ਮਾ ਵੀ ਕਰਦੀ ਹੈ। ਸਿਰਜਣਾ ਦੇ ਇਸ ਪੜਾਅ ਤੇ ਧੀਮਾਨ ਆਪਣੇ ਆਲੇ ਦੁਆਲੇ ਨੂੰ ਜਾਨਣ, ਸਮਝਣ ਦੀ ਭਰਪੂਰ ਕੋਸ਼ਿਸ਼ ਕਰਦਾ ਨਜ਼ਰ ਆਉਂਦਾ। ਉਹ ਆਪਣੀ ਸਮਾਜਿਕ ਭੂਮਿਕਾ ਨੂੰ ਵੀ ਪਛਾਣਦਾ ਹੈ। ਇਸੇ ਪਛਾਣ 'ਚੋਂ ਹੀ ਧੀਮਾਨ ਦੀ ਕਵਿਤਾ 'ਚੋਂ ਅਣਗੌਲੇ ਕੀਤੇ ਗਏ ਆਮ ਲੋਕਾਂ ਦੇ ਘਸਮੈਲੇ ਨਕਸ਼ ਵੀ ਉੱਭਰਦੇ ਹਨ ਅਤੇ ਨਾਲ ਹੀ ਰਾਜ ਸਤਹ ਦੇ ਘੋੜਿਆਂ ਤੇ ਟੈਂਕਾਂ 'ਤੇ ਆਉਣ ਵਾਲਿਆਂ ਦਾ ਐਲਾਨ

'ਆਮ ਖਾਸ ਲਈ ਸਾਡਾ ਹੁਕਮ
ਕੋਈ ਵੀ ਘਰੋਂ ਬਾਹਰ ਨਾ ਨਿਕਲੇ,
ਹੁਕਮ ਅਦੂਲੀ ਦੀ ਸਜ਼ਾ ਮੌਤ।'
ਲੋਕ ਆਪਣੇ ਘਰਾਂ ਅੰਦਰ
ਸਾਹ ਸੂਤੀ ਲੁਕੇ ਰਹੇ
ਬਸ ਸ਼ਹਿਰ ਦੇ ਬਾਗਾਂ ਵਿੱਚ
ਫੁੱਲਾਂ ਨੇ ਖਿੜ ਕੇ
ਉਨ੍ਹਾਂ ਦੀ ਹੁਕਮ ਅਦੂਲੀ ਕੀਤੀ।

***

ਕੋਈ ਵਰਜ ਸਕਦਾ ਹੈ
ਕਲਾਕਾਰਾਂ ਨੂੰ
ਉਹ ਆਪਣੇ ਚਿੱਤਰਾਂ ਵਿੱਚ
ਉੱਡਦੇ ਪੰਛੀਆਂ ਨੂੰ ਨਾ ਚਿਤਰਨ
ਕਿਤੇ ਲੋਕ ਉਹਨਾਂ ਨੂੰ ਤੱਕ ਕੇ
ਉੱਡਣਾ ਨਾ ਸਿੱਖ ਜਾਣ।
ਪਰ, ਕੋਈ ਰੋਕ ਨਹੀਂ ਸਕਦਾ
ਪ੍ਰਭਾਤ ਹੁੰਦੀ ਤੇ
ਉੱਡਦੇ ਪੰਛੀਆਂ ਨੂੰ ਗਾਉਂਦੇ
ਤੇ ਸੰਦੇਸ਼ ਦਿੰਦੇ-
ਜੇ ਜਿਊਣਾ ਹੈ
ਤਾਂ ਉੱਡਣਾ ਪਵੇਗਾ
ਬੰਨ੍ਹਾਂ-ਵੱਟਾਂ ਤੋਂ ਉਤਾਂਹ
ਮੌਸਮਾਂ ਤੋਂ ਬੇਖ਼ਬਰ।

ਧੀਮਾਨ ਦੀਆਂ ਕਵਿਤਾਵਾਂ ਪੜ੍ਹਦਿਆਂ ਪਾਠਕ ਇਸ ਤੱਥ ਨੂੰ ਭਲੀਭਾਂਤ ਮਹਿਸੂਸ ਕਰਦਾ ਹੈ ਕਿ ਕਵੀ ਵਿਚਾਰਾਂ ਅਤੇ ਵਰਤਾਰਿਆਂ ਨੂੰ ਕਵਿਤਾ ਦਾ ਹਿੱਸਾ ਬਣਾਉਂਦੇ ਹੋਏ ਇਕਪਾਸੜ ਪੱਖ ਪੇਸ਼ ਕਰਨ ਦੀ ਥਾਂ ਡਾਇਲਾਗ ਦੀ ਵਿਧੀ ਵਰਤਦਾ ਹੈ। ਦੋ ਧਿਰੀ ਸੰਵਾਦ ਰਾਹੀਂ ਵਿਚਾਰਾਂ ਨੂੰ ਸਪੱਸ਼ਟ ਕਰਦੀਆਂ ਉਸਦੀਆਂ ਕਵਿਤਾਵਾਂ ਵਿੱਚ ਜਿੱਥੇ ਸ਼ਾਸਕ ਵਰਗ ਦੇ ਸਵਾਰਥੀ ਅਤੇ ਦੰਭੀ ਕਿਰਦਾਰ ਦੀ ਨਿਸ਼ਾਨਦੇਹੀ ਹੁੰਦੀ ਹੈ, ਉੱਥੇ ਸ਼ੋਸ਼ਤ ਵਰਗ ਦੇ ਦੁੱਖ ਦਰਦ ਅਤੇ 'ਉਮੀਦ' ਦੇ ਜਜ਼ਬੇ ਵੀ ਪੇਸ਼ ਹੁੰਦੇ ਹਨ। ਧੀਮਾਨ ਦੀ ਕਵਿਤਾ ਦਾ ਜਲੌਅ ਪ੍ਰਸ਼ਨਵਾਚੀ ਕਾਵਿ (ਸਵਾਲਾਂ ਦੇ ਸਨਮੁੱਖ) ਦੀ ਸਿਰਜਣਾ ਸਮੇਂ ਆਪਣੇ ਸਿਖ਼ਰ 'ਤੇ ਪੁੱਜਦਾ ਹੈ। ਪੁਸਤਕ 'ਚ ਸ਼ਾਮਲ ਇਹ ਕਾਵਿ ਟੁਕੜੇ ਇਕ ਕਾਵਿ ਇਕਾਈ ਵਜੋਂ ਆਪਣੇ ਆਪ 'ਚ ਮੁਕੰਮਲ ਵੀ ਹੁੰਦੇ ਹਨ ਤੇ ਸਾਰੇ ਟੁਕੜਿਆਂ ਨੂੰ ਜੋੜਕੇ ਪੂਰੀ ਕਵਿਤਾ ਵਿਚ ਵੀ ਸਮੱਗਰ ਪ੍ਰਭਾਵ ਸਿਰਜਦੇ ਹਨ। ਇਸ ਕਾਵਿ ਜੁਗਤ ਦੀ ਵਰਤੋਂ ਸਮੇਂ ਕਵੀ ਕਿਸੇ ਰਵਾਇਤੀ ਵਿਚਾਰ ਉੱਤੇ ਪ੍ਰਸ਼ਨ ਲਾ ਕੇ, ਉਸਨੂੰ ਤਰਕ ਦਲੀਲ ਨਕਾਰ ਕੇ ਗਲਤ ਧਾਰਨਾਵਾਂ ਨੂੰ ਤੋੜਦਾ ਅਤੇ ਨਵੇਂ ਵਿਚਾਰ ਨਾਲ ਜੋੜਕੇ ਪੁਨਰ-ਸਥਾਪਿਤ ਕਰਦਾ ਹੈ। ਪ੍ਰਚੱਲਿਤ ਧਾਰਨਾਵਾਂ ਦੀ ਪੁਨਰ ਸਿਰਜਣਾ ਦੇ ਇਸ ਅਮਲ 'ਚ ਲੇਖਕ ਦੀ ਵਿਚਾਰਧਾਰਕ ਮਾਨਵਵਾਦੀ ਤੇ ਪ੍ਰਗਤੀਵਾਦੀ ਦ੍ਰਿਸ਼ਟੀ ਪ੍ਰਮੁੱਖਤਾ ਨਾਲ ਉੱਭਰਦੀ ਹੈ। ਸਾਹਿਤ ਦਾ ਕਾਰਜ ਸਭ ਸਵਾਲਾਂ ਦੇ ਜਵਾਬ ਦੇਣਾ ਹੀ ਨਹੀਂ ਹੁੰਦਾ ਸਗੋਂ ਪੜ੍ਹਨ ਵਾਲੇ ਦੇ ਮਨ ਅੰਦਰ ਪ੍ਰਸ਼ਨ ਪੈਦਾ ਕਰਕੇ ਸੰਵਾਦ ਸਿਰਜਣਾ ਵੀ ਬਹੁਤ ਮਹੱਤਵਪੂਰਨ ਹੈ ਤੇ ਧੀਮਾਨ ਦੀ ਕਵਿਤਾ ਇਸ ਧਾਰਨਾ ਦੀ ਪੁਸ਼ਟੀ ਕਰਦੀ ਹੈ।



**-ਮਦਨ ਵੀਰਾ**

## ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਮਹੀਨਾਵਾਰ ਮੀਟਿੰਗ 25 ਮਈ ਨੂੰ

ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਮਹੀਨਾਵਾਰ ਮੀਟਿੰਗ May 25th ਦਿਨ ਐਤਵਾਰ ਨੂੰ ਦੁਪਹਿਰ 2।00 ਵਜੇ ਤੋਂ 5 ਵਜੇ ਤੱਕ ਹੋਵੇਗੀ। ਇਹ ਮੀਟਿੰਗ ਗੁਰਦੁਆਰਾ ਸੰਤ ਸਾਗਰ, 541 Jesise Ave., Sacramento, CA 95838 ਵਿਖੇ ਹੋਵੇਗੀ। ਮੀਟਿੰਗ ਦੌਰਾਨ ਸਾਹਿਤਕਾਰ ਆਪਣੀਆਂ ਰਚਨਾਵਾਂ ਪੇਸ਼ ਕਰਨਗੇ। ਚਾਹ-ਪਾਣੀ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ। ਆਪ ਸਭ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਮੇਂ ਸਿਰ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

**ਧੰਨਵਾਦ**



ਦਿਲ ਨਿਜਰ, ਪ੍ਰਧਾਨ,
ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ





# ਪੰਜਾਬੀ ਫ਼ਿਲਮ

ਅੰਮ੍ਰਿਤ ਪਵਾਰ

### ਮਨਵੀਰ ਰਾਣਾ ਨੇ ਜਸਮੀਨ ਨੂੰ ਕਿਹਾ ਦੇਖ 32 ਬੋਰ

ਆਰ ਜੇ ਬੀਟਸ ਨੇ ਰਾਮ ਭੋਗਪੁਰ ਦੇ ਪੇਸ਼ਕਾਰੀ ਪ੍ਰਬੰਧ ਨਾਲ ਗਾਇਕ ਮਨਵੀਰ ਰਾਣਾ ਤੇ ਜਸਮੀਨ ਖਾਨ ਦਾ ਡਿਊਟ "32 ਬੋਰ" ਦੇ ਟਾਈਟਲ ਨਾਲ ਲਿਆਂਦਾ ਹੈ। ਬੰਨੀ ਸ਼ਰਮਾ ਤੇ ਮਨੀਸ਼ ਸ਼ਰਮਾ ਨੇ ਪਰਦੇ ਪਿੱਛੇ ਇਸ ਰੋਮਾਂਟਿਕ ਡਿਊਟ ਲਈ ਮਿਹਨਤ ਕੀਤੀ ਹੈ। ਇਟਲੀ ਰਹਿੰਦੀ ਰਾਜਕੁਮਾਰੀ ਰਜਨੀਸ਼ ਕੁਮਾਰੀ ਨੇ ਇਹ ਗੀਤ ਲਿਖਿਆ ਹੈ ਤੇ ਸੰਗੀਤ ਪਤਰਸ ਚੀਮਾ ਤੇ ਬੀ ਮਾਸਟਰ ਦਾ ਹੈ। ਇਸ ਦਾ ਵੀਡਿਉ ਕਸ਼ਯਪ ਨੇ ਤਿਆਰ ਕੀਤਾ ਹੈ ਤੇ ਰੂਪ ਸੱਜਾ ਪੂਜਾ ਕੌਸ਼ਲ ਦੀ ਹੈ। ਸੁੱਖ ਵਾਲੀਆ "32 ਬੋਰ" ਦੇ ਸਹਾਇਕ ਨਿਰਮਾਤਾ ਹਨ।ਮਨਵੀਰ ਰਾਣਾ ਤੇ ਜਸਮੀਨ ਨੂੰ ਉਮੀਦ ਹੈ ਕਿ ਇਹ ਦੋਗਾਣਾ ਖ਼ੂਬ ਚਲੇਗਾ।




### ਅਸ਼ੋਕ ਕਹੇ ਹੋਮ ਸਵੀਟ ਹੋਮ ਮੁੰਬਈ ਜਾਂ ਰੋਮ

ਆਸ਼ਿਕ ਏ ਅਦਾਕਾਰੀ ਤੇ ਨਿਰਦੇਸ਼ਨ ਅਸ਼ੋਕ ਮਲਹੋਤਰਾ ਹਨ ਤੇ ਸਰਕਾਰੀ ਸਰਵਿਸ ਵੀ ਕੀਤੀ ਤੇ ਆਪਣਾ ਐਕਟਿੰਗ ਤੇ ਲਿਖਣ ਨਿਰਦੇਸ਼ਨ ਦਾ ਕੰਮ ਵੀ ਜ਼ਾਰੀ ਰੱਖਿਆ। ਆਖਦੇ ਨੇ ਅਸ਼ੋਕ ਕਿ ਉਹਨਾਂ ਦੇ ਪਰਿਵਾਰ ਨੇ ਬਹੁਤ ਸਾਥ ਦਿੱਤਾ, ਛੁੱਟੀਆਂ ਦੌਰਾਨ ਬਾਲੀਵੁੱਡ ਲਈ ਕੰਮ ਕੀਤਾ। ਸੰਗੀਤ ਕੰਪਨੀਆਂ ਲਈ ਵੀਡਿਓ ਕੀਤੇ ਤੇ ਸਾਰਾ ਕੁੱਝ ਪਰਿਵਾਰ ਦੇ ਸਾਥ ਨਾਲ ਹੋਇਆ। ਸੇਵਾ ਮੁਕਤੀ ਬਾਅਦ ਚੌਪਾਲ ਟੀਵੀ ਤੇ ਅਸ਼ੋਕ ਨੇ ਫ਼ਿਲਮਾਂ ਕੀਤੀਆਂ ਹਨ। ਨਾਲ ਹੀ ਫ਼ਿਲਮ ਟੀਵੀ ਕਲਾਕਾਰ ਸੰਸਥਾ ਮਾਝਾ ਦੇ ਮੁੱਖੀ ਹਨ। ਅਸ਼ੋਕ ਮਲਹੋਤਰਾ ਰੇਡੀਓ ਸਟੇਸ਼ਨ ਜਲੰਧਰ ਤੇ ਦੂਰਦਰਸ਼ਨ ਜਲੰਧਰ ਦੇ ਪ੍ਰਵਾਣਿਤ ਕਲਾਕਾਰ ਵੀ ਹਨ। ਅਸ਼ੋਕ ਨੇ ਖੂਬਸੂਰਤ ਭਾਰਤੀ ਰੇਲਵੇ ਲਈ ਛੋਟੇ ਵਿਗਿਆਪਨ ਵੀ ਬਣਾਏ ਹਨ। ਅਸ਼ੋਕ ਮਲਹੋਤਰਾ ਨੇ ਵਿਨੋਦ ਖੰਨਾ ਨੂੰ ਲੈਣ ਦੀ ਗੱਲ ਕਰ ਲਈ ਸੀ ਵੱਡੀ ਪੰਜਾਬੀ ਫ਼ਿਲਮ ਬਣ ਜਾਣੀ ਸੀ ਪਰ ਵਿਨੋਦ ਖੰਨਾ ਨਹੀਂ ਰਹੇ।ਖੈਰ ਗੱਲ ਗੱਲ ਤੇ ਪਰਿਵਾਰ ਨੂੰ ਬੱਲੇ ਸਾਬਾਸ਼ ਦੇਣ ਵਾਲੇ ਅਸ਼ੋਕ ਮਲਹੋਤਰਾ ਨਾਲ ਸਹਾਇਕਾ ਤਨੂ ਵੀ ਕੀ ਘਰਦਿਆਂ ਦੇ ਸਹਿਯੋਗ ਨਾਲ ਹੈ ਜੈ ਹੋ।



### ਸ਼ਰਮਾ ਤੇ ਘੁਮਾਣ, ਇੱਕ ਦੂਜੇ ਦੀ ਜਿੰਦ ਜਾਨ

ਟੀਵੀ ਦੁਨੀਆਂ ਦੇ ਸਟਾਰ ਮੇਕਰ ਤੇ ਪੰਜਾਬੀ ਸੰਗੀਤ ਦੇ ਖਾਸ ਸਲਾਹਕਾਰ ਨੇ ਬੰਨੀ ਸ਼ਰਮਾ ਤੇ ਜਰਨੈਲ ਘੁਮਾਣ ਨਾਮ ਯਾਦ ਗੁਰਦਾਸ ਮਾਨ ਨੂੰ, ਹੰਸ ਜੀ ਨੂੰ, ਦੇਬੀ ਮਖਸੂਸਪੁਰੀ ਨੂੰ ਤੇ ਦੋਵਾਂ ਦਾ ਪਿਆਰ ਬੇਸ਼ੁਮਾਰ ਹੈ। ਜਰਨੈਲ ਘੁਮਾਣ ਤੇ ਬੰਨੀ ਸ਼ਰਮਾ ਪੰਜਾਬੀ ਮਿਊਜ਼ਿਕ ਤੇ ਫ਼ਿਲਮਜ਼ ਦੇ ਗ੍ਰੈਂਡ ਸ਼ੋ ਵਿਦੇਸ਼ਾਂ ਤੇ ਦੇਸ਼ ਵਿੱਚ ਚੋਟੀ ਦੇ ਪ੍ਰਬੰਧਾਂ ਨਾਲ ਕਰਵਾਉਣ ਵਾਲੇ ਹਨ। ਦੁਬਈ ਵਿੱਚ ਦੋਵੇਂ ਇਸ ਦੀ ਯੋਜਨਾ ਨੂੰ ਅੰਤਿਮ ਛੋਹਾਂ ਦੇ ਰਹੇ ਹਨ। ਜਰਨੈਲ ਘੁਮਾਣ ਨੂੰ ਰਿਕਾਰਡਿੰਗ ਤੇ ਰਲਿਜ਼ਿੰਗ ਦਾ ਤੇ ਬੰਨੀ ਸ਼ਰਮਾ ਨੂੰ ਪ੍ਰਚਾਰ ਪਸਾਰ ਤੇ ਵਪਾਰ ਦਾ ਤਜ਼ਰਬਾ ਹੈ। ਬੰਨੀ ਸ਼ਰਮਾ ਨੇ ਤੇ ਗੁਲਸ਼ਨ ਕੁਮਾਰ ਟੀ ਸੀਰੀਜ਼ ਨਾਲ ਕੰਮ ਕੀਤਾ ਹੈ ਤੇ ਘੁਮਾਣ ਨੂੰ ਮਿਲਣ ਲਈ ਕਲਾਕਾਰ ਤਰਸਦੇ ਰਹੇ ਹਨ। ਜਦ ਬੰਨੀ ਤੇ ਘੁਮਾਣ ਇੱਕਠੇ ਹੋਏ ਨੇ ਤਦ ਕੋਈ ਵੱਡਾ ਮਨੋਰੰਜਕ ਸ਼ੋ ਹੀ ਅੱਗੇ ਆਏਗਾ।



### ਕਰਮ ਕੌਰ ਆਖੀ ਜਾਏ ਘੁੱਗੀ ਜੈਸਾ ਕੋਈ ਨਹੀਂ

ਕਰਮ ਕੌਰ ਕਦੇ ਜਲੰਧਰ ਦੂਰਦਰਸ਼ਨ ਦੀ ਐਂਕਰ ਸੀ ਤੇ ਫਿਰ ਉਹ ਦੂਜੇ ਚੈਨਲਾਂ ਤੇ ਸੀਰੀਅਲ ਕਰਦੀ ਕਰਦੀ ਵੀਡਿਓ ਗਾਣੇ ਕਰਨ ਲੱਗ ਪਈ। ਐਸੀ ਫਿਲਮੀ ਲਾਟਰੀ ਲੱਗੀ ਕਿ ਯੋਗਰਾਜ ਸਿੰਘ ਨਾਲ ਪੰਜਾਬੀ ਤੇ ਸ਼ਾਹਬਾਜ਼ ਨਾਲ ਹਿੰਦੀ ਫਿਲਮ ਕਰ ਗਈ। ਹੁਣ ਇੱਕ ਫ਼ਿਲਮ ਉਸ ਨੇ ਗੁਰਪ੍ਰੀਤ ਘੁੱਗੀ ਨਾਲ ਕੀਤੀ ਤਾਂ ਤਰੀਫ ਤੇ ਤਰੀਫ ਘੁੱਗੀ ਦੀ ਕਰੀ ਜਾ ਰਹੀ ਹੈ। ਆਖ ਰਹੀ ਹੈ ਕਿ ਗੁਰਪ੍ਰੀਤ ਘੁੱਗੀ ਆਪ ਤਾਂ ਵਿਭਿੰਨ ਤਰਾਂ ਦੇ ਅਭਿਨੇਤਾ ਨੇ ਸਾਥੀ ਕਲਾਕਾਰ ਦੀ ਬਹੁਤ ਹੈਲਪ ਕੈਮਰੇ ਅੱਗੇ ਕਰਦੇ ਹਨ। ਕਰਮ ਕੌਰ ਨੇ ਤਾਂ ਘੁੱਗੀ ਕੋਲੋਂ ਬਹੁਤ ਕੁੱਝ ਸਿੱਖਿਆ ਹੈ। ਆਖਦੀ ਹੈ ਕਰਮ ਕੌਰ ਕਿ ਇੱਕ ਐਸੀ ਫ਼ਿਲਮ ਹੋਏ ਕਿ ਗੁਰਪ੍ਰੀਤ ਘੁੱਗੀ ਨਾਲ ਉਹ ਰੋਮਾਂਟਿਕ ਲੀਡ ਕਰੇ, ਨੱਚੇ ਤੇ ਪਰਦੇ ਤੇ ਰੋਮਾਂਸ ਕਰੇ। ਕਰਮ ਕੌਰ ਵੱਲੋਂ ਤਰੀਫ ਤੇ ਘੁੱਗੀ ਜੀ ਨੇ ਕਿਹਾ ਚਲੀਏ ਆਪਣੀ ਵੀ ਕੋਈ ਸ਼ਲਾਘਾ ਕਰਦਾ ਹੈ ਤੇ ਕਰਮ ਕੌਰ ਗ੍ਰੇਟ ਐਕਟ੍ਰੈਸ ਹੈ ਡਾਇਰੈਕਟਰ ਨੂੰ ਲੱਗਿਆ ਤਾਂ ਕਾਸਟ ਕਰਨਗੇ।



### ਸੰਧੂ ਦੀ "ਜੱਟ ਲਾਈਫ " ਸ਼ੰਮੀ ਨੇ ਗਾ ਕਿ ਦੱਸੀ

ਸ਼ੰਮੀ ਖਾਨ ਦਿਨਾਂ ਵਿੱਚ ਲੋਕ ਪ੍ਰਿਅ ਕਲਾਕਾਰ ਬਣ ਰਿਹਾ ਹੈ ਤੇ ਆਮ ਜਨ ਜੀਵਨ ਨਾਲ ਉਹ ਜੁੜ ਗੀਤ ਗਾ ਰਿਹਾ ਹੈ। ਜਿੰਦ ਸੁਰ ਸਿੰਘ ਨੇ ਜੱਟ ਦੀ ਅਸਲ ਜ਼ਿੰਦਗੀ ਦਾ ਵਰਣਨ ਆਪਣੇ ਗੀਤ ਰਾਹੀਂ ਕੀਤਾ ਜਿਸ ਨੂੰ ਸ਼ੰਮੀ ਖਾਨ ਨੇ ਗਾਇਆ ਤਾਂ ਮੁੱਖ ਹੀਰੋ ਵੀਡਿਓ ਦੇ ਗੁਰਦੀਪ ਸੰਧੂ ਬਣੇ। ਸੰਧੂ ਪੰਜਾਬੀ ਫ਼ਿਲਮਾਂ ਦੇ ਕਲਾਕਾਰ ਨੇ ਟੀਵੀ ਹਸਤੀ ਨੇ ਤੇ ਹਰਫਨ ਮੌਲਾ ਅਦਾਕਾਰ ਹਨ। "ਜੱਟ ਲਾਈਫ" ਲਈ ਮੁੱਖ ਭੂਮਿਕਾ ਉਹਨਾਂ ਅਦਾ ਕੀਤੀ ਹੈ। ਜਸਮੀਨ ਨਾਲ ਹੈ ਜਿਹੜੀ ਆਖਦੀ ਹੈ ਐਕਟਰ ਅੱਛਾ ਸੰਧੂ, ਇਨਸਾਨ ਵਧੀਆ ਗੁਰਦੀਪ ਤੇ ਮਰਦ ਵਾਅਦੇ ਦਾ ਪੱਕਾ ਗੁਰਦੀਪ ਸੰਧੂ ਜਿਸ ਤਰਾਂ ਦਾ ਦ੍ਰਿਸ਼ ਹੋਏ ਉਸ ਜਿਹੀ ਐਕਟਿੰਗ ਕਰ ਨਾਲ ਦੀ ਮਾਡਲ ਵੀ ਖੁਸ਼ ਕਰੇਂਦਾ ਹੈ। "ਜੱਟ ਲਾਈਫ "ਸੰਧੂ ਦੀ ਅਮਰਪਾਲ ਦੇ ਨਿਰਦੇਸ਼ਨ ਨੇ ਪਰਦੇ ਤੇ ਦਿਖਾਈ ਹੈ।




### ਸੁਨੀਤਾ ਸਿੰਘ ਸ਼ੇਰਨੀ ਮਰਦਾਨੀ ਪਾਲੀਵੁੱਡ ਦੀ

ਸੁਨੀਤਾ ਸਿੰਘ ਬੇਬਾਕ ਐਕਟ੍ਰੈਸ ਹੈ, ਸੁਨੀਤਾ ਸਿੰਘ ਨੇ ਟੀਵੀ ਤੇ ਨੈਸ਼ਨਲ ਪੱਧਰ ਤੇ ਬਹੁਤ ਕੰਮ ਕੀਤਾ ਹੈ, ਵੀਡਿਉ ਕੀਤੇ ਨੇ, ਮਾਡਲਿੰਗ ਤੇ ਅਭਿਨੈ ਵੀ ਕੀਤਾ ਹੈ। ਹੁਣ ਉਸਨੂੰ ਭਗਵੰਤ ਸਿੰਘ ਕੰਗ ਨੇ ਆਪਣੀ ਵੈੱਬ ਸੀਰੀਜ਼ "ਪੁੱਤਾਂ ਦੇ ਵਪਾਰੀ" ਵਿੱਚ ਸ਼ਾਨਦਾਰ ਭੂਮਿਕਾ ਦਿੱਤੀ ਹੈ। ਕਿਰਦਾਰ ਵਿੱਚ ਜਾਨ ਭਰ ਦਿੰਦੀਂ ਹੈ। ਸੁਨੀਤਾ ਸਿੰਘ ਨਾਲ ਕਈ ਲੋਕ ਆਪਣੇ ਬਣ ਮੁੜ ਡੰਗ ਮਾਰਨ ਵਾਲੀ ਗੱਲ ਕਰਦੇ ਨੇ ਪਰ ਉਹ ਡਰਦੀ ਨਹੀਂ ਤੇ ਅਜਿਹੇ ਲੋਕਾਂ ਨਾਲ ਉਸ ਤਰਾਂ ਦਾ ਜਵਾਬ ਦਿੰਦੀ ਹੈ। ਅਕਸਰ ਸੋਸ਼ਲ ਮੀਡੀਆ ਤੇ ਸੁਨੀਤਾ ਸਿੰਘ ਇਹਨਾਂ ਲੋਕਾਂ ਦਾ ਮੂੰਹ ਪੋਸਟ ਨਾਲ ਭੰਨਦੀ ਵੀ ਹੈ ਖ਼ੈਰ ਟਵਿੰਕਲ ਭੱਟੀ ਨਾਲ ਸੁਨੀਤਾ ਸਿੰਘ ਨੇ ਜ਼ਬਰਦਸਤ ਅਭਿਨੈ ਕੀਤਾ ਹੈ। ਸੁਨੀਤਾ ਸਿੰਘ ਤੇ ਟਵਿੰਕਲ ਭੱਟੀ ਨਾਲ "ਪੁੱਤਾਂ ਦੇ ਵਪਾਰੀ" ਵਿੱਚ ਰਾਣਾ ਸਿੰਘ ਦਰਾਜ, ਪ੍ਰਭਜੋਤ ਰੰਧਾਵਾ, ਹਰਮੀਤ ਜੱਸੀ, ਕੁਲਵਿੰਦਰ ਕਸ਼ਯਪ, ਜਸਮੀਨ ਕੌਰ ਉਰਫ ਰਸ਼ਮਿਕਾ ਮੰਦਾਨਾ ਤੇ ਪ੍ਰਭਜੋਤ ਰੰਧਾਵਾ ਮੁੱਖ ਦੂਸਰੇ ਕਲਾਕਾਰ ਹਨ। ਕੰਗ ਨੇ ਇੱਕੋ ਗੱਲ ਕਹੀ ਸੁਨੀਤਾ ਸਿੰਘ ਨਾਮ ਸਾਲ ਤੱਕ ਹਰੇਕ ਜਾਣਦਾ ਹੋਊ।



## "ਅਭੀ ਤੋਂ ਮੈਂ ਜਵਾਨ ਹੂੰ" ਸੱਠ ਸਾਲ ਦੇ ਹੋ ਕਿ ਹੀਰੋ ਲੱਗਦੇ ਨੇ ਐਕਟਰ /ਮਾਡਲ ਦਮਨ ਮਜੀਠੀਆ



ਐਵੇਂ ਤੇ ਨਹੀਂ ਗੀਤ ਬਣ ਗਏ ਕਿ "ਅਭੀ ਤੋਂ ਮੈਂ ਜਵਾਨ ਹੂੰ" ਤੇ ਸ਼ਾਇਦ ਇਹ ਕਿਸੇ ਨੇ ਦਮਨ ਮਜੀਠੀਆ ਜਿਹੇ ਅਦਾਕਾਰ ਦੇਖ ਇਹ ਗੀਤ ਲਿਖੇ ਹੋਣਗੇ। ਗੁਰੂ ਦੀ ਨਗਰੀ ਅੰਮ੍ਰਿਤਸਰ ਤੇ ਉੱਚੇ ਬੇਹੱਦ, ਲੰਬੇ ਤੇ ਡੀਲ ਡੌਲ ਗ਼ਜ਼ਬ ਹੈ ਦਮਨ ਮਜੀਠੀਆ ਦੀ ਤੇ ਖਾਸ ਗੱਲ ਹੀਰੋ ਉਹ ਹੁਣ ਹੀ ਲੱਗਦੇ ਨੇ 16 ਸਾਲ ਦੀ ਉਮਰੇ ਤਾਂ ਸੁਪਰ ਹੀਰੋ ਹੋਣਗੇ। ਇਸ ਵੇਲੇ ਦਮਨ ਮਜੀਠੀਆ 60 ਸਾਲ ਦੀ ਉਮਰ ਹੈ ਤੇ ਖਾਸ ਕਿ ਉਹਨਾਂ ਨੂੰ ਕੋਈ ਐਕਟਿੰਗ ਦਾ ਸ਼ੌਂਕ ਨਹੀਂ ਸੀ ਤੇ ਅਚਾਨਕ ਸਾਲ ਪਹਿਲਾਂ ਕਿਸੇ ਫੈਸ਼ਨ ਸ਼ੋ ਤੇ ਗਏ ਤਾਂ ਚਰਚਾ ਹੋਈ। ਉਹਨਾਂ ਦੀ ਉਮਰ ਨਹੀਂ ਕਿਸੇ ਦੇਖੀ ਤੇ ਸੁੰਦਰੀਆਂ ਉਹਨਾਂ ਆਲੇ ਦੁਆਲੇ ਘੁੰਮਦੀਆਂ ਨਜ਼ਰ ਆਈਆਂ। ਅਚਾਨਕ ਸ਼ੋ ਸਟੈਪਰ ਬਣ ਗਏ ਤੇ ਫਿਰ ਬੌਬੀ ਬਾਜਵਾ ਦਾ ਗੀਤ "ਅਜ਼ਬ ਜਿਹਾ ਜੱਟ" ਮਾਡਲਿੰਗ ਲਈ ਮਿਲਿਆ। ਬੌਬੀ ਨੇ ਇਹਨਾਂ ਅੰਦਰ ਕਲਾ ਦੇਖੀ, ਜਜ਼ਬਾ ਦੇਖਿਆ ਤੇ ਆਪਣੇ ਗਾਇਕੀ ਤੇ ਫ਼ਿਲਮੀ ਸ਼ੋ ਵਿੱਚ ਦਮਨ ਨੂੰ ਪੇਸ਼ ਕੀਤਾ। ਸਾਰੇ ਦਮਨ ਮਜੀਠੀਆ ਦੀ ਤਰੀਫ਼ ਕਰਦੇ ਨਜ਼ਰ ਆਏ। ਉਹਨਾਂ ਨੇ ਜਰਨੈਲ ਸਿੰਘ, ਗੋਨੀ ਸੱਗੂ ਤੇ ਸਾਕਸ਼ੀ ਸ਼ਰਮਾ ਨਾਲ ਕੰਮ ਕੀਤਾ ਹੈ। ਹੁਣ ਤੇ ਉਹ ਪੱਕੇ ਮਾਡਲ ਬਣ ਗਏ ਹਨ। ਦਮਨ ਮਜੀਠੀਆ ਨੂੰ ਹੁਣ ਖ਼ੂਬ ਕੰਮ ਮਿਲਦਾ ਪਿਆ ਹੈ। ਦਮਨ ਮਜੀਠੀਆ ਹੁਣ ਭਗਵੰਤ ਕੰਗ ਕੈਂਪ ਵਿੱਚ ਪ੍ਰਵੇਸ਼ ਕਰ ਗਏ ਹਨ। ਉਹ ਦੱਸਦੇ ਨੇ ਕਿ ਅੱਠ ਕਿਸ਼ਤਾਂ ਦੀ ਸੀਰੀਜ਼ "ਪੋੜੀ" ਉਹ ਕਰ ਰਹੇ ਹਨ। ਦਮਨ ਨੇ ਕਿਹਾ ਕਿ ਜੱਸ ਜੋਤ ਗਿੱਲ ਇਸ ਸੀਰੀਜ਼ ਦੇ ਡੀ ਓ ਪੀ ਨੇ ਤੇ ਇਹ ਇਸ ਵਿਚ ਕਾਫ਼ੀ ਸਟਾਰ ਕੰਮ ਕਰ ਰਹੇ ਹਨ। ਦਮਨ ਮਜੀਠੀਆ ਨੇ ਕਿਹਾ ਕਿ ਗਿੱਪੀ ਗਰੇਵਾਲ, ਅੰਮੀ ਵਿਰਕ, ਅਮਰਿੰਦਰ ਗਿੱਲ ਨਾਲ ਜਲਦੀ ਫ਼ਿਲਮਜ਼ ਕਰਨਗੇ।

## "ਮਨਸੂਰਾਂ ਦੇ ਗਰੇਵਾਲ ਆਟਾ ਚੱਕੀ ਵਾਲੇ ਭਰਾਵਾਂ" ਦੀ ਆਸਟਰੇਲੀਆ ਵਿੱਚ ਫੁੱਲ ਸਰਦਾਰੀ

ਇਸ ਦੁਨੀਆ ਵਿੱਚ ਕਿਸੇ ਵੀ ਇਨਸਾਨ ਦਾ ਆਮ ਘਰ ਵਿੱਚ ਜਨਮ ਹੋਣਾ ਜਾਂ ਗਰੀਬ ਘਰ ਵਿੱਚ ਪੈਦਾ ਹੋਣਾ ਇਹ ਸੱਭ ਕੁਦਰਤ ਦੀ ਖੇਡ ਹੈ। ਪਰ ਇਸ ਦੁਨੀਆਂ ਵਿੱਚ ਗਰੀਬ ਮਰ ਜਾਣਾ ਜਾਂ ਆਮ ਬੰਦਾ ਹੋ ਕੇ ਹੀ ਦੁਨੀਆਂ ਤੋਂ ਚਲੇ ਜਾਣਾ, ਜਾਂ ਫਿਰ ਅਮੀਰ ਹੋ ਕੇ ਜਾਣਾ ਅਤੇ ਸਮਾਜ ਵਿੱਚ ਆਪਣੀ ਵਿਲੱਖਣ ਪਹਿਚਾਣ ਛੱਡ ਕੇ ਜਾਣੀ, ਇਹ ਗੱਲ ਬੰਦੇ ਦੇ ਹੱਥ ਵਿੱਚ ਹੈ। ਕਿਉਂਕਿ ਜਨਮ ਦਾ ਸਾਨੂੰ ਕੋਈ ਪਤਾ ਨਹੀਂ ਕਿੱਥੇ ਹੋਣਾ ਹੈ, ਮੌਤ ਉੱਤੇ ਕਿਸੇ ਬੰਦੇ ਦਾ ਅਧਿਕਾਰ ਕੋਈ ਨਹੀਂ ਕਿ ਕਦੋਂ ਅਤੇ ਕਿੱਥੇ ਆਉਣੀ ਆ, ਪਰ ਜੋ ਜਨਮ ਅਤੇ ਮੌਤ ਦੇ ਵਿਚਕਾਰ ਕੁਦਰਤ ਵਲੋਂ ਬੰਦੇ ਨੂੰ ਵਕਤ ਮਿਲਦਾ ਹੈ ਉਸ ਦੀ ਵਿਉਂਤਬੰਦੀ ਬਣਾਉਣਾ ਬੰਦੇ ਦੇ ਹੱਥ ਵਿੱਚ ਵਿੱਚ ਹੈ।

ਪਿੰਡ ਮਨਸੂਰਾਂ ਜਿਲ੍ਹਾ ਲੁਧਿਆਣਾ ਵਿੱਚ ਇੱਕ ਆਮ ਘਰ ਵਿੱਚ ਜਨਮ ਲੈ ਕੇ ਗਰੇਵਾਲ ਭਰਾਵਾਂ ਆਗਿਆਕਾਰ ਸਿੰਘ ਗਰੇਵਾਲ, ਮਨਜਿੰਦਰ ਸਿੰਘ ਗਰੇਵਾਲ, ਕਮਲਜੀਤ ਸਿੰਘ ਗਰੇਵਾਲ, ਹਰਜਸ ਸਿੰਘ ਗਰੇਵਾਲ ਨੇ ਆਪਣੀ ਰੋਜੀ ਰੋਟੀ ਦੇ ਨਿਰਬਾਹ ਲਈ ਆ ਕੇ ਪਹਿਲਾਂ ਨਿਊਜ਼ੀਲੈਂਡ ਵਿੱਚ ਜ਼ਿੰਦਗੀ ਦੀ ਕਮਾਈ ਵਾਸਤੇ ਘਾਲਣਾ ਘਾਲੀ ਜਦਕਿ ਅੱਜ ਕੱਲ ਆਸਟਰੇਲੀਆ ਦੇ ਵਿੱਚ ਇਹਨਾਂ ਗਰੇਵਾ.ਲ ਭਰਾਵਾਂ ਦੀ "ਗਰੇਵਾਲ ਆਟਾ ਚੱਕੀ ਵਾਲਿਆਂ" ਵਜੋਂ ਇੱਕ ਵਿਲੱਖਣ ਪਹਿਚਾਣ ਬਣੀ ਹੋਈ ਹੈ ਵਿਕਟੋਰੀਆ ਸਟੇਟ ਦੇ ਕਸਬਾ ਮਿਲਡੂਰਾ ਤੋਂ 45 ਕਿਲੋਮੀਟਰ ਦੂਰ ਗਰੇਵਾਲ ਭਰਾਵਾਂ ਕਮਲਜੀਤ ਅਤੇ ਮਨਜਿੰਦਰ ਸਿੰਘ ਹੋਰਾਂ ਨੇ 100 ਏਕੜ ਦੇ ਵਿੱਚ ਖਾਣ ਪੀਣ ਦੀਆਂ ਵਸਤੂਆਂ ਵਾਲਾ ਬਹੁ ਮੰਤਵੀ ਵੀ ਪਲਾਟ ਲਗਾਇਆ ਹੈ। ਇਸ ਤੋਂ ਇਲਾਵਾ ਉਹ ਹੋਰ ਸੈਂਕੜੇ ਏਕੜਾਂ ਦੇ ਮਾਲਕ ਹਨ। ਜਿਸ ਵਿੱਚ ਪਹਿਲਾਂ ਪੱਥਰ ਦੀਆਂ ਚੱਕੀਆਂ ਵਾਲਾ ਪਲਾਂਟ ਲਗਾਇਆ ਹੈ ਅਤੇ ਇਸ ਤੋਂ ਬਾਅਦ ਹੁਣ ਅੱਧਨਿਕ ਤਕਨੀਕ ਵਾ.ਲਾ ਪਲਾਂਟ ਲਗਾਇਆ ਹੈ। ਜਿੱਥੇ ਜਿਸ ਵਿੱਚ ਹਰ ਤਰ੍ਹਾਂ ਦਾ ਆਟਾ ਪੀਸਿਆ ਜਾਂਦਾ ਹੈ ਇਸ ਤੋਂ ਇਲਾਵਾ ਕਣਕ, ਮੱਕੀ, ਬੇਸਨ ਬਦਾਮ, ਗਲੂਟਨ ਫਰੀ ਆਟਾ, ਮਲਟੀ ਗਰੇਨ ਆਟਾ ਅਤੇ ਹੋਰ ਰੋਜ਼ ਦੀਆਂ ਲੋੜਾਂ ਵਾਲੀਆਂ ਖਾਣ ਪੀਣ ਵਾਲੀਆਂ ਵਸਤਾਂ ਤਿਆਰ ਕੀਤੀਆਂ ਜਾਂਦੀਆਂ ਹਨ। ਗਰੇਵਾਲਾਂ ਦੇ ਫਾਰਮ ਹਾਊਸ ਵਿੱਚ ਆਮ ਤੌਰ ਤੇ ਬਰਾਨੀ ਖੇਤੀ ਹੁੰਦੀ ਹੈ ਕਣਕਾਂ ਮੱਕੀਆਂ ਉੱਤੇ ਸਪਰੇ ਦੀ ਲੋੜ ਨਹੀਂ ਪੈਂਦੀ, ਹਰ ਚੀਜ਼ ਕੁਦਰਤੀ ਪੈਦਾ ਹੁੰਦੀ ਹੈ , ਅਤੇ ਆਮ ਲੋਕਾਂ ਨੂੰ ਬਿਮਾਰੀਆਂ ਤੋਂ ਵੀ ਰਾਹਤ ਮਿਲਦੀ ਹੈ। ਇਸੇ ਕਰਕੇ ਆਸਟਰੇਲੀਆ ਤੋਂ ਇਲਾਵਾ ਨਿਊਜੀਲੈਂਡ, ਇੰਡੋਨੇਸੀਆ ਜਿੱਥੇ ਜਿੱਥੇ ਹੋਰ ਭਾਰਤੀ ਮੂਲ ਦੇ ਲੋਕ ਰਹਿੰਦੇ ਹਨ ਜੋ ਇੰਡੀਅਨ ਫੂਡ ਨੂੰ ਪਸੰਦ ਕਰਦੇ ਹਨ ਇਹਨਾਂ ਦਾ ਤਿਆਰ ਕੀਤਾ ਸਮਾਨ ਉਥੇ ਜਾਂਦਾ ਹੈ। ਆਸਟਰੇਲੀਆ ਦੇ ਵਿੱਚ ਤਾਂ ਗਰੇਵਾਲ ਚੱਕੀ ਵਾਲਿਆਂ ਦੀ ਇੰਡੀਅਨ ਲੋਕਾਂ ਖਾਸ ਕਰਕੇ ਪੰਜਾਬੀਆਂ ਵਿੱਚ ਸਰਦਾਰੀ ਹੈ। ਆਸਟਰੇਲੀਆ ਵਿੱਚ ਗਰੇਵਾਲਾ ਦੇ ਮੁਕਾਬਲੇ ਖਾਣ ਪੀਣ ਦੀਆਂ ਵਸਤਾਂ ਤਿਆਰ ਕਰਨ ਵਾਲਾ ਬਰਾਬਰ ਦਾ ਪਲਾਂਟ ਨਹੀਂ ਹੈ, ਗਰੇਵਾਲ ਚੱਕੀ ਦਾ ਆਟਾ ਅਤੇ ਹੋਰ ਖਾਣ ਪੀਣ ਦੀਆਂ ਵਸਤਾਂ ਇੰਡੀਅਨ ਗਰੋਸਰੀ ਨਾਲੋਂ ਕਾਫੀ ਸਸਤੀਆਂ ਮਿਲਦੀਆਂ ਹਨ। ਗਰੇਵਾਲਾ ਦਾ ਵੱਡਾ ਭਰਾ ਆਗਿਆਕਾਰ ਸਿੰਘ ਗਰੇਵਾਲ ਕਿੰਗ ਲੇਕ ਬਲਿਊ ਬੇਰੀ ਦੇ ਸੈਂਕੜੇ ਏਕੜਾਂ ਦਾ ਮਾਲਕ ਹੈ। ਇਸ ਤੋਂ ਇਲਾਵਾ ਉਨਾਂ ਨੇ ਕੈਟਲ ਫੀਲਡ ਦਾ ਵੇਕ ਵੱਡਾ ਪ੍ਰੋਜੈਕਟ ਲਾਇਆ ਹੈ। ਸਭ ਤੋਂ ਅਹਿਮ ਗੱਲ ਤਾਂ ਇਹ ਹੈ ਕਿ ਗਰੇਵਾਲ ਭਰਾਵਾਂ ਨੇ ਜੀਰੋ ਤੋਂ ਉੱਠ ਕੇ ਆਪਣਾ ਕੰਮ ਸ਼ੁਰੂ ਕੀਤਾ। ਅੱਜ ਇੰਡੀਅਨ ਗਰੋਸਰੀ ਵਿੱਚ ਉਹਨਾਂ ਦਾ ਮੁਕਾਮ ਨੰਬਰ ਵਨ ਹੈ। ਸਮਾਜ ਪ੍ਰਤੀ , ਧਰਮ ਪ੍ਰਤੀ ਅਤੇ ਖੇਡਾਂ ਦੇ ਖੇਤਰ ਵਿੱਚ ਵੀ ਗਰੇਵਾਲ ਭਰਾ ਆਪਣਾ ਚੋਖਾ ਯੋਗਦਾਨ ਪਾਉਂਦੇ ਹਨ। ਪਰਮਾਤਮਾ ਗਰੇਵਾਲ ਭਰਾਵਾਂ ਤੇ ਮਿਹਰ ਭਰਿਆ ਹੱਥ ਰੱਖੇ। ਉਹ ਇਸੇ ਤਰਾਂ ਸਮਾਜ ਦੀ ਸੇਵਾ ਕਰਦੇ ਰਹਿਣ ,ਗੁਰੂ ਭਲੀ ਕਰੇ ! ਰੱਬ ਰਾਖਾ।



**- ਜਗਰੂਪ ਸਿੰਘ ਜਰਖੜ 98143-00722**


PUNJABI AMERICAN HERITAGE SOCIETY
(PAHS) YUBA CITY
PRESENTS
FREE MELA
SPONSORS
LEGEND TRUCKING
SARB ( SHABA) THIARA
ADVANCED EYECARE
FREEDOM HOME HEALTH CARE
SPONSORS
OROVILLE HOSPITAL
PLUMAS FAMILY DENTISTRY
ADVENTIST HEALTH & RIDEOUT
ASPIRE HOME HEALTHCARE
ISHMEET Narula
HARJIT Harman
G Sidhu
29TH ANNUAL NON PROFIT
PUNJABI AMERICAN Festival
SUN • MAY 25, 2025
12PM TO 8PM | NO ENTRY FEE
ENTRY AFTER 6 PM IS SUBJECT TO ORGANIZERS'S DISCRETION
YUBA SUTTER FAIRGROUNDS
442 FRANKLIN AVE • YUBA CITY, CA 95991
SPONSORSHIPS WELCOME
ALCOHOL IS STRICTLY PROHIBITED ON THE PREMISES.
DESIGNED BY HV PRODUCTION
MC HARJIT UPPAL
BHANGRA AND GIDDHA • ETHNIC DANCERS • COMEDY SKITS • ARTS & CRAFTS • TRADITIONAL CLOTHING • CHILDREN'S GAMES • PUNJABI CUISINES • MEHNDI • JEWELRY AND MUCH MORE!!
FOR VENDERS & SPONSORSHIP CONTACT
SATNAM TATLA 530-315-1248 | AMRIK DHUGGA 916-505-7141
From Desh Doaba